ਤੇਰ੍ਹਵਾਂ ਸਾਲ

PARDES TIMES

13th year in Publication

# ਪਰਦੇਸ ਟਾਇਮਜ਼

www.pardestimes.com

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ) | ਮਾਂ ਬੋਲੀ ਨੂੰ ਸਮਰਪਿਤ | pardestimes | ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 13 No. 310 December 19, 2018 | E-mali : info@pardestimes.com | Ph 510-938-7771 | Ph510-516-3536

# ਪਰਦੇਸ ਟਾਇਮਜ਼ ਨੇ 13ਵੀਂ ਵਰ੍ਹੇਗੰਢ ਮਨਾਈ



(ਖੱਬੇ ਤੋਂ ਸੱਜੇ) ਮਾਸਟਰ ਰੈਂਕੋ, ਅਵਤਾਰ ਸਿੰਘ ਸਹੋਤਾ (ਤਾਰੀ) ਯੁਬਾ ਸਿਟੀ, ਸੁੱਚਾ ਰਾਮ ਭਾਰਟਾ, ਰਣਜੀਤ ਕੰਦੋਲਾ, ਜਗਤਾਰ ਗਿੱਲ, ਹਰਨੇਕ ਸਿੰਘ ਅਟਵਾਲ ਸਟਾਕਟਨ, ਦਵਿੰਦਰ ਸਿੰਘ, ਕਵੀ ਰਾਜ਼ (ਡਾਇਰੈਕਟਰ ਹਾਲੀਵੁੱਡ ਫਿਲਮਾਂ), ਕਸ਼ਮੀਰ ਸਿੰਘ ਸ਼ਾਹੀ, ਹੈਰੀ ਸਿੱਧੂ ਮਿਸ਼ਨ ਪੀਕ ਬ੍ਰੋਕਰਸ, ਅਨੂਪ ਸਿੰਘ ਚੀਮਾ, ਐਸ. ਅਸ਼ੋਕ ਭੌਰਾ ਅਤੇ ਬਲਬੀਰ ਸਿੰਘ ਐਮ. ਏ.



ਤਾਰੀ ਸਹੋਤਾ ਯੁਬਾ ਸਿਟੀ, ਅਨੂਪ ਸਿੰਘ ਚੀਮਾ (ਪੰਜਾਬੀ ਲੋਕ ਗਾਇਕ), ਰਾਜ ਬਡਵਾਲ (ਪਰਦੇਸ ਟਾਇਮਜ਼ ਮੀਡੀਆ ਪਾਰਟਨਰ), ਹਰਨੇਕ ਸਿੰਘ ਅਟਵਾਲ ਸਟਾਕਟਨ, ਦਵਿੰਦਰ ਸਿੰਘ, ਕਸ਼ਮੀਰ ਸਿੰਘ ਸ਼ਾਹੀ, ਹੈਰੀ ਸਿੱਧੂ ਅਤੇ ਬਲਬੀਰ ਸਿੰਘ ਐਮ. ਏ.।

ਫਰੀਮਾਂਟ- ਪਰਦੇਸ ਟਾਇਮਜ਼ ਨੇ ਆਪਣੇ 12 ਸਾਲ ਪੂਰੇ ਕਰਕੇ ਤੇ 13ਵੇਂ ਵਰ੍ਹੇ ਵਿਚ ਨਵੰਬਰ 6, 2018 ਤੋਂ ਪੈਰ ਰੱਖਿਆ ਹੈ ਤੇ ਪਿਛਲੇ 12 ਸਾਲਾਂ ਵਿਚ ਬੇ-ਏਰੀਆ ਤੇ ਯੂਬਾ ਸਿਟੀ, ਸਟਾਕਟਨ, ਫਰਿਜਨੋ, ਲਾਸ ਏਂਜਲਸ, ਬੇਕਰਸਫੀਲਡ ਤੇ ਸਟਾਕਟਨ, ਵਰਜੀਨੀਆ, ਓਹਾਇਓ, ਸਿਆਟਲ, ਹਿਊਸਟਨ, ਡਾਲਸ ਤੇ ਹੋਰ ਕਈ ਰਾਜਾਂ ਵਿਚ ਇਸਨੂੰ ਭੇਜਦੇ ਰਹੇ ਹਾਂ ਤੇ ਹੁਣ ਵੀ ਕਈ ਰਾਜਾਂ ਦੇ ਗੁਰੂ ਘਰਾਂ ਵਿਚ ਪਹੁੰਚ ਰਹੀ ਹੈ। ਸਾਡੇ ਨਾਲ ਸਿਆਟਲ ਤੋਂ ਇੰਦਰਜੀਤ ਸਿੰਘ ਬੁਲੋਵਾਲ, ਗੁਰਦੇਵ ਸਿੰਘ, ਪਲਾਈਮਾਊਕ ਮਿਸ਼ੀਗਨ ਤੋਂ ਅਮਰਿਤ ਬਤਰਾ ਜੀ, ਫਰਿਜ਼ਨੋ ਤੋਂ ਜੋਸ਼ੀ ਜੀ, ਕੁਲਬੀਰ ਧਾਲੀਆ, ਨੀਟਾ ਮਾਛੀਕੇ, ਬੇ-ਏਰੀਆ ਤੋਂ ਰਾਜ ਬਡਵਾਲ, ਹਿਊਸਟਨ ਤੋਂ ਗੁਰਨਾਮ ਸੰਧਰ, ਸੈਨਹੋਜੇ ਤੋਂ ਕਮਲ ਜੀ, ਯੂਬਾ ਸਿਟੀ ਤੋਂ ਸਾਡੇ ਮੈਨੇਜਿੰਗ ਐਡੀਟਰ ਰਣਜੀਤ ਕੰਦੋਲਾ ਹੁਰੀ ਤੇ ਹੋਰ ਬਹੁਤ ਸਾਰੇ ਸੱਜਣ ਜੁੜ ਕੇ ਇਸਨੂੰ ਇੰਨੇ ਸਾਲਾਂ ਦੇ ਸਫਰ ਵਿਚ ਸਹਾਈ ਹੋਏ।

2006 ਵਿਚ ਸ. ਦੀਦਾਰ ਸਿੰਘ ਬੈਂਸ ਹੁਰਾਂ ਦੀ ਹੱਲਾਸ਼ੇਰੀ ਤੇ ਮਾਇਆ

**(ਬਾਕੀ ਖਬਰ ਦੇਖੋ ਸਫਾ 6 'ਤੇ)**

**ਪ੍ਰੋਗਰਾਮ ਦੀਆਂ ਤਸਵੀਰਾਂ ਦੇਖੋ ਸਫਾ 10 ਤੋਂ 15 ਤੱਕ)**

Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545

Allstate
You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 44790 S. Grimmer blvd. # 204 Fremont, CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ
TANVIR JOSHI SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704

Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann | Gurcharan Singh Mann
MANN@GGIABA.COM
Mann Insurance Brokers Inc.
4123 Dyer St., #230, Union City, CA 94587

See me today and get the discounts and service you deserve
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL

AUTOBAHN Body & Paint
Specializing in Convenience & Quality
ਡੈਂਟਿੰਗ ਅਤੇ ਪੇਂਟ ਦਾ ਕੰਮ ਕਰਵਾਉਣ ਲਈ ਮਿਲੋ
Baghel Singh Jaswal
Ph: (650) 966-1840, Fax: (650) 966-1023
www.autobahnbodypaint.com
778 Yuba Drive, Mountain View, CA 94041

Covered CA Open Enrollment Starts Oct. 15th
Punjab Insurance Brokers Inc.
Medicare Supplement Plans
LIFE HEALTH TRAVEL MEDICARE TRUCKING
ਲਾਈਫ ਹੈਲਥ ਟ੍ਰੈਵਲ ਮੈਡੀਕੇਅਰ ਟਰਕਿੰਗ
INDERJEET SINGH MANN
Health Net Anthem UnitedHealthcare
551 N Palora Ave, Suite B Yuba City CA 95991 | 916-900-2000, 530-927-5777
1-888-978-6522 www.punjabinsurance.com

## ਚਾਰ ਸਾਹਿਬਜ਼ਾਦਿਆਂ ਦੀ ਯਾਦ 'ਚ

# ਦੂਜਾ ਸਾਲਾਨਾ ਖਾਲਸਾ ਦਰਬਾਰ

## 25 ਦਸੰਬਰ 2018 (ਮੰਗਲਵਾਰ) ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਪਹੁੰਚ ਕੇ
ਗੁਰਬਾਣੀ ਕੀਰਤਨ ਸੁਣ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਗੁਰਦੁਆਰਾ ਸੈਨ ਹੋਜੇ ਦੀ ਸ਼ਾਨਦਾਰ ਇਮਾਰਤ

### Khalsa Darbar
### (Kirtan Dedicated to Shahidi of Four Sahibzadas)

ਸਵੇਰੇ 10 ਵਜੇ ਤੋਂ 11 ਵਜੇ ਤੱਕ- ਕੀਰਤਨ ਭਾਈ ਹਰਚਰਨ ਜੀ ਖਾਲਸਾ, ਸ੍ਰੀ ਦਰਬਾਰ ਸਾਹਿਬ ਵਾਲੇ

ਸਵੇਰੇ 11 ਵਜੇ ਤੋਂ 12 ਵਜੇ ਤੱਕ- ਕੀਰਤਨ ਭਾਈ ਸਤਵਿੰਦਰ ਸਿੰਘ ਜੀ, ਦਿੱਲੀ ਵਾਲੇ

ਦੁਪਹਿਰ 12 ਵਜੇ ਤੋਂ 1 ਵਜੇ ਤੱਕ- ਕੀਰਤਨ ਭਾਈ ਹਰਜਿੰਦਰ ਸਿੰਘ ਜੀ, ਸ੍ਰੀਨਗਰ ਵਾਲੇ

ਦੁਪਹਿਰ 1 ਵਜੇ ਤੋਂ 2 ਵਜੇ ਤੱਕ- ਕੀਰਤਨ ਭਾਈ ਤਾਜਵਿੰਦਰ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਵਾਲੇ

ਦੁਪਹਿਰ 2 ਵਜੇ ਤੋਂ 3 ਵਜੇ ਤੱਕ- ਕੀਰਤਨ ਭਾਈ ਇੰਦਰਜੀਤ ਸਿੰਘ ਜੀ ਖਾਲਸਾ, ਸ੍ਰੀ ਦਰਬਾਰ ਸਾਹਿਬ ਵਾਲੇ

ਦੁਪਹਿਰ 3 ਵਜੇ ਤੋਂ 4 ਵਜੇ ਤੱਕ- ਕੀਰਤਨ ਭਾਈ ਸਤਵਿੰਦਰ ਸਿੰਘ ਜੀ, ਦਿੱਲੀ ਵਾਲੇ

ਸ਼ਾਮੀ 4 ਵਜੇ ਤੋਂ 5 ਵਜੇ ਤੱਕ- ਕੀਰਤਨ ਭਾਈ ਹਰਜਿੰਦਰ ਸਿੰਘ ਜੀ, ਸ੍ਰੀਨਗਰ ਵਾਲੇ

## ਪਹੁੰਚ ਰਹੇ ਪੰਥ ਪ੍ਰਸਿਧ ਰਾਗੀ ਜਥੇ



ਭਾਈ ਇੰਦਰਜੀਤ ਸਿੰਘ ਖਾਲਸਾ
ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ



ਭਾਈ ਹਰਚਰਨ ਸਿੰਘ ਖਾਲਸਾ
ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ



ਭਾਈ ਤਾਜਵਿੰਦਰ ਸਿੰਘ
ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ



ਭਾਈ ਹਰਜਿੰਦਰ ਸਿੰਘ
ਸ੍ਰੀ ਨਗਰ ਵਾਲੇ



ਭਾਈ ਸਤਵਿੰਦਰ ਸਿੰਘ
ਦਿੱਲੀ ਵਾਲੇ

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜੇ (ਕੈਲੀਫੋਰਨੀਆ)

**3636 Gurdwara Ave., San Jose, CA 95148 (Ph: 408-274-9373)**

**ਗੁਰਦੁਆਰਾ ਸਾਹਿਬ ਦੀ ਵੈਬਸਾਈਟ: www.sanjosegurdwara.org**

**Donation to Gurdwara Sahib:** You can now donate on-line as well using Credit/Debit card or Paypal.
Visit: www.sanjosegurdwara.org and touch "Donate" tab and enter information.
You can also enter a message like Ardas etc and listen it on Gurdwara website radio same day after Rehras Sahib Path at 6pm.


Raja
New Introducing Chaat Corner
King of Sweets Now Presents
Come and Enjoy Mouth Watering Chaat All Day
ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ
• BHEL PAPDI CHAAT
• FALUDA KULFI
• GOL GAPPE (PANI PURI)
• KHASTA KACHORI
RAJA SWEETS & INDIAN CUISINE
31583 Alvarado Blvd. Union City, CA 94587
Phone : (510) 489-9100


MOON indian cuisine
Moon Indian Cuisine
510-780-9233
ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ
* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ
Fish Pakora
ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।
Paul 510-978-7170
Over 30 Years Experience in Restaurant & Catering Business
ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net


TEC Equipment
Your Best Business Partner
OAKLAND
ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ, ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਦਿਦੇ ਹਾਂ
THE WEST'S LEADING FULL-SERVICE TRUCK AND TRAILER DEALERSHIP
SALES & LEASING • PARTS & SERVICE • FINANCE & INSURANCE
HARJINDER SINGH BAL
NEW TRUCK SALES
Direct 510-577-5509 | Cell 510-613-3573
hsingh@tecequipment.com
TECEQUIPMENT.COM
8099 S COLISEUM WAY, OAKLAND, CA 94621

# ਸੰਪਾਦਕੀ

## 1984 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ

ਹਾਲ ਹੀ ਵਿਚ ਦਿੱਲੀ ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਉਲਟਾਉਂਦਿਆਂ ਹੋਇਆਂ ਕਾਂਗਰਸੀ ਲੀਡਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਵਰਣਨਯੋਗ ਹੈ ਕਿ ਸੈਸ਼ਨ ਕੋਰਟ ਵਿਚ ਸੱਜਣ ਕੁਮਾਰ ਨੂੰ ਬਰੀ ਕਰਾਰ ਦੇ ਦਿੱਤਾ ਗਿਆ ਸੀ। ਪਰ ਇਕ ਤਕਲੀਫਾਂ ਭਰੀ ਅਤੇ ਲੰਬੀ ਲੜਾਈ ਬੀਬੀ ਜਗਦੀਸ਼ ਕੌਰ ਨੇ ਲੜੀ, ਜਿਸ ਦਾ ਪਤੀ, ਪੁੱਤਰ ਅਤੇ ਹੋਰ ਰਿਸ਼ਤੇਦਾਰ ਉਸ ਵਕਤ ਦਿੱਲੀ ਦੇ ਪਾਲਮ ਇਲਾਕੇ ਵਿਚ ਮਾਰੇ ਗਏ ਸਨ। ਅਜਿਹੀ ਹੀ ਹਿੰਮਤ ਬੀਬੀ ਨਿਰਪ੍ਰੀਤ ਕੌਰ ਤੇ ਹੋਰ ਪੀੜਤਾਂ ਨੇ ਵੀ ਕੀਤੀ। 2000 ਵਿਚ ਬਣਾਏ ਗਏ ਨਾਨਾਵਤੀ ਕਮਿਸ਼ਨ ਦੀਆਂ ਸਿਫਾਰਸ਼ਾਂ ਉਤੇ ਆਖਿਰ 2005 ਵਿਚ ਸੀ. ਬੀ. ਆਈ. ਨੇ ਸੱਜਣ ਕੁਮਾਰ ਵਿਰੁੱਧ ਮੁਕੱਦਮਾ ਦਰਜ ਕੀਤਾ ਅਤੇ ਇਸ ਦਾ ਟ੍ਰਾਇਲ 2010 ਵਿਚ ਆਰੰਭ ਹੋਇਆ। ਇਸ ਕੇਸ ਵਿਚ ਪੰਜ ਦੋਸ਼ੀਆਂ ਨੂੰ ਸਜ਼ਾ ਹੋਈ ਸੀ ਪਰ ਸੱਜਣ ਕੁਮਾਰ ਨੂੰ ਸ਼ੱਕ ਦੀ ਬਿਨਾਅ ਤੇ ਬਰੀ ਕਰ ਦਿੱਤਾ ਗਿਆ ਸੀ। ਦਿੱਲੀ ਦੀ ਹਾਈ ਕੋਰਟ ਨੇ ਸੱਜਣ ਕੁਮਾਰ ਦੇ ਨਾਲ ਹੋਰ ਵਿਧਾਇਕ ਜਿਹਨਾਂ ਦੇ ਨਾਂ ਮਹਿੰਦਰ ਯਾਦਵ ਤੇ ਕ੍ਰਿਸ਼ਨ ਖੋਖਰ ਵੀ ਸਨ, ਨੂੰ ਵੀ 10-10 ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਇਸ ਥਕਾਅ ਦੇਣ ਵਾਲੀ ਲੰਮੀ ਜੱਦੋ-ਜਹਿਦ ਵਿਚ ਬਹੁਤ ਸਾਰੇ ਦੋਸ਼ੀਆਂ ਦੇ ਖਿਲਾਫ ਸਬੂਤ ਮਿਟ ਚੁੱਕੇ ਹਨ ਅਤੇ ਮੌਕੇ ਦੇ ਗਵਾਹ ਵੀ ਬਹੁਤ ਘੱਟ ਰਹਿ ਗਏ ਹਨ। ਜੇਕਰ ਉਸ ਵਕਤ ਅਜਿਹੀ ਸਖਤੀ ਦਿਖਾਈ ਹੁੰਦੀ ਤਾਂ ਗਵਾਹ ਵੀ ਮਿਲ ਜਾਣੇ ਸਨ ਅਤੇ ਸਬੂਤ ਵੀ ਪਰ ਜਾਂਚ ਦਰ ਜਾਂਚ ਕਰਦਿਆਂ ਬਹੁਤ ਸਾਰੇ ਅਜਿਹੇ ਅਸਰ-ਰਸੂਖ ਵਾਲੇ ਲੋਕੀ ਕਾਨੂੰਨ ਦੇ ਹੱਥਾਂ ਵਿਚ ਚੜ੍ਹਨੋ ਬਚ ਗਏ ਜਾਂ ਫਿਰ ਬਚਾਏ ਗਏ। ਅਦਾਲਤਾਂ ਤੱਕ ਪਹੁੰਚੇ ਕੇਸਾਂ ਵਿਚ ਜ਼ਿਆਦਾਤਰ ਸਬੂਤਾਂ ਦੀ ਘਾਟ ਦਿਖਾਈ ਦਿੰਦੀ ਸੀ ਪਰ ਇਸ ਦੇ ਬਾਵਜੂਦ ਪੀੜਤਾਂ ਨੇ ਹੌਸਲਾ ਨਹੀਂ ਛੱਡਿਆ। ਇਹ ਵੀ ਇਕ ਅਫਸੋਸ ਵਾਲੀ ਗੱਲ ਹੈ ਕਿ ਦੋਸ਼ੀਆਂ ਨੂੰ ਸਜ਼ਾਵਾਂ ਹੋਣ ਵਿਚ ਇੰਨਾ ਸਮਾਂ ਲੱਗਿਆ। ਇਸ ਦਰਮਿਆਨ ਭਾਰਤੀ ਨਿਆਂ ਪ੍ਰਣਾਲੀ ਤੇ ਵੀ ਸਵਾਲ ਉਠਾਏ ਗਏ ਅਤੇ ਜਾਂਚ ਪ੍ਰਕਿਰਿਆ 'ਤੇ ਵੀ।

ਭਾਰਤ ਵਿਚ ਹਾਲ ਹੀ ਵਿਚ ਵਧੀ ਹਿੰਸਕ ਭੀੜਾਂ ਦੀ ਹਿੰਸਾ ਵੀ ਅਜਿਹੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਹੋਣ ਦੇ ਕਾਰਨ ਵੱਧ ਰਹੀ ਹੈ। ਆਮ ਲੋਕਾਂ ਵਿਚ ਕਾਨੂੰਨ ਪ੍ਰਤੀ ਡਰ ਦੀ ਭਾਵਨਾ ਘਟਦੀ ਜਾ ਰਹੀ ਹੈ। ਜੇਕਰ ਨਿਆਂ ਪ੍ਰਣਾਲੀ ਅਤੇ ਪੁਲਿਸ ਪ੍ਰਸ਼ਾਸਨ ਅਜਿਹੀ ਹਿੰਸਾ ਦੇ ਖਿਲਾਫ ਸਖਤੀ ਦਿਖਾਉਂਦਾ ਹੈ ਤਾਂ ਨਿਸਚਿਤ ਹੀ ਨਿਰਦੋਸ਼ ਅਤੇ ਗਰੀਬ ਲੋਕਾਂ ਦੀ ਰੱਖਿਆ ਹੋ ਸਕਦੀ ਹੈ। ਭਾਰਤ ਵਿਚ ਪਿਛਲੀ ਅੱਧੀ ਸਦੀ ਦਰਮਿਆਨ ਕਈ ਲੱਖ ਲੋਕੀ ਅਜਿਹੀਆਂ ਹੀ ਹਿੰਸਕ ਭੀੜਾਂ ਦਾ ਸ਼ਿਕਾਰ ਬਣ ਚੁੱਕੇ ਹਨ। ਕਈ ਥਾਵਾਂ ਤੇ ਹੋਏ ਹਿੰਸਕ ਦੰਗਿਆਂ ਵਿਚ ਬਹੁਤ ਸਾਰੀ ਸੰਪਤੀ ਦਾ ਨੁਕਸਾਨ ਹੋ ਚੁੱਕਾ ਹੈ। ਇਹ ਸਾਰਾ ਇਸੇ ਕਾਰਨ ਵੱਧ ਰਿਹਾ ਹੈ ਕਿਉਂਕਿ ਕਾਨੂੰਨ ਵੱਲੋਂ ਸਖਤੀ ਨਹੀਂ ਦਿਖਾਈ ਜਾਂਦੀ। ਹਾਲ ਦੇ ਸਾਲਾਂ ਵਿਚ ਹੀ ਕਈ ਥਾਵਾਂ ਤੇ ਹੋਏ ਹਿੰਸਕ ਪ੍ਰਦਰਸ਼ਨਾਂ ਅਤੇ ਹਿੰਸਕ ਭੀੜਾਂ ਦੀ ਹਿੰਸਾ ਵਿਚ ਅਰਬਾਂ ਰੁਪਏ ਦੀ ਸੰਪਤੀ ਅਤੇ ਕੀਮਤੀ ਜਾਨਾਂ ਜਾ ਚੁੱਕੀਆਂ ਹਨ। ਅਜਿਹੀਆਂ ਹਿੰਸਕ ਭੀੜਾਂ ਦੀ ਹਿੰਸਾ ਰੋਕਣ ਲਈ ਸਖਤ ਰਵੱਈਆ ਅਖਤਿਆਰ ਕਰਨਾ ਜ਼ਰੂਰੀ ਹੈ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536

36415 RUSCHIN DR.
NEWARK, CA 94560

Buta Ram joshi Staff Reporter,
Fresno 559-803-0055

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਅਬਾਰਸ਼ਨ ਦੀ ਵੱਧ ਰਹੀ ਸਮੱਸਿਆ ਅਤੇ ਭਾਰਤੀ ਵਿਵਸਥਾ




Sinder Singh Pasiana
(Advocate)
Email -
sindersingh2009@gmail.com
(91-86991-19745 M)

ਭਾਰਤ ਵਿਚ ਹਾਲ ਦੇ ਦਿਨਾਂ ਵਿਚ ਦਹੇਜ ਹੱਤਿਆ ਅਤੇ ਜਬਰੀ ਫੀਮੇਲ ਅਬਾਰਸ਼ਨ ਨੂੰ ਲੈ ਕੇ ਸੰਯੁਕਤ ਰਾਸ਼ਟਰ ਨੇ ਇਕ ਰਿਪੋਰਟ ਪੇਸ਼ ਕੀਤੀ ਹੈ, ਜਿਸ ਮੁਤਾਬਕ ਭਾਰਤ ਵਿਚ ਕਾਨੂੰਨ ਹੋਣ ਦੇ ਬਾਵਜੂਦ ਇਸ ਸਮੱਸਿਆਵਾਂ ਵੱਧ ਰਹੀਆਂ ਹਨ। ਜਾਣਦੇ ਹਾਂ ਅਜਿਹੇ ਕਿਹੜੇ ਕਾਨੂੰਨ ਹਨ, ਜਿਹਨਾਂ ਤਹਿਤ ਇਹ ਦੋਵੇਂ ਬੁਰਾਈਆਂ ਤੋਂ ਬਚਿਆ ਜਾ ਸਕੇ।

**ਜਦੋਂ ਗਰਭ ਵਿਚ ਹੋਵੇ ਲੜਕੀ**

ਕੰਨਿਆ ਜਦੋਂ ਗਰਭ ਵਿਚ ਹੁੰਦੀ ਹੈ ਤਾਂ ਉਸਨੂੰ ਕਾਨੂੰਨੀ ਸੁਰੱਖਿਆ ਪ੍ਰਾਪਤ ਹੈ। 1996 ਵਿਚ ਪ੍ਰੀ-ਕੰਸੈਪਸ਼ਨ ਐਂਡ ਪ੍ਰੀਨੇਟਲ ਡਾਇਗਨੋਸਟਿਕ ਟੈਕਨਾਲੌਜੀ ਐਕਟ ਬਣਿਆ ਸੀ। ਇਸਦੇ ਤਹਿਤ ਗਰਭ ਵਿਚ ਪਲ ਰਹੇ ਬੱਚੇ ਦਾ ਲਿੰਗ ਟੈਸਟ ਕਰਾਉਣਾ ਅਪਰਾਧ ਹੈ। ਜੇਕਰ ਕੋਈ ਅਜਿਹਾ ਕਰਦਾ ਹੈ ਤਾਂ ਉਹ ਐਕਟ ਦੀ ਧਾਰਾ 22 ਦੀ ਉਲੰਘਣਾ ਕਰਦਾ ਹੈ। ਇਸ ਵਿਚ ਸ਼ਾਮਲ ਲੋਕਾਂ ਨੂੰ ਦੋਸ਼ੀ ਪਾਏ ਜਾਣ ਤੇ 3 ਤੋਂ 5 ਸਾਲ ਤੱਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।




**ਜਬਰੀ ਅਬਾਰਸ਼ਨ ਤੇ ਪਾਬੰਦੀ**

ਔਰਤ ਨੂੰ ਆਪਣੇ ਬੱਚੇ ਨੂੰ ਜਨਮ ਦੇਣ ਦਾ ਅਧਿਕਾਰ ਹੈ ਅਤੇ ਇਹ ਅਧਿਕਾਰ ਕੋਈ ਉਹਨਾਂ ਤੋਂ ਖੋਹ ਨਹੀਂ ਸਕਦਾ। ਜੇਕਰ ਕੋਈ ਔਰਤ ਗਰਭ-ਵਤੀ ਹੈ ਤਾਂ ਉਸਦੀ ਮਰਜ਼ੀ ਦੇ ਖਿਲਾਫ ਜਾਂ ਉਸਨੂੰ ਦੱਸੇ ਬਿਨਾਂ ਗਰਭਪਾਤ ਨਹੀਂ ਕਰਵਾਇਆ ਜਾ ਸਕਦਾ।

ਜੇਕਰ ਕੋਈ ਵਿਅਕਤੀ ਕਿਸੇ ਗਰਭਵਤੀ ਔਰਤ ਦਾ ਜਬਰੀ ਅਬਾਰਸ਼ਨ ਕਰਾਉਂਦਾ ਹੈ ਜਾਂ ਫਿਰ ਧੋਖੇ ਨਾਲ ਉਸਦਾ ਅਬਾਰਸ਼ਨ ਕਰਾਉਂਦਾਹੈ ਤਾਂ ਅਜਿਹੇ ਮਾਮਲੇ ਵਿਚ ਭਾਰਤੀ ਦੰਡ ਸਹਿੰਤਾ ਦੇ ਤਹਿਤ ਅਪਰਾਧ ਬਣਦਾ ਹੈ। ਔਰਤ ਦੀ ਸਹਿਮਤ ਤੋਂ ਬਿਨਾਂ ਉਸਦਾ ਅਬਾਰਸ਼ਨ ਨਹੀਂ ਕਰਵਾਇਆ ਜਾ ਸਕਦਾ। ਜਬਰੀ ਅਬਾਰਸ਼ਨ ਕਰਵਾਏ ਜਾਣ ਦੇ ਮਾਮਲੇ ਵਿਚ ਸਖਤ ਕਾਨੂੰਨ ਬਣਾਏ ਗਏ ਹਨ।

ਅਬਾਰਸ਼ਨ ਤਾਂ ਹੀ ਕਰਵਾਇਆ ਜਾ ਸਕਦਾ ਹੈ ਜਦੋਂ ਗਰਭ ਦੇ ਕਾਰਨ ਔਰਤ ਦੀ ਜ਼ਿੰਦਗੀ ਖਤਰੇ ਵਿਚ ਹੋਵੇ। 1971 ਵਿਚ ਇਕ ਅਲੱਗ ਕਾਨੂੰਨ ਬਣਾਇਆ ਗਿਆ ਅਤੇ ਇਸਦਾ ਨਾਂ ਰੱਖਿਆ ਗਿਆ ਮੈਡੀਕਲ ਟਰਮੀਨੇਸ਼ਨ ਆਫ ਪ੍ਰੈਗਨੈਂਸੀ (ਐਮ. ਟੀ. ਵੀ.) ਐਕਟ। ਇਸਦੇ ਤਹਿਤ ਕਈ ਕਿਸਮ ਦੀ ਵਿਵਸਥਾ ਹੈ। ਜੇਕਰ ਗਰਭ ਦੇ ਕਾਰਨ ਔਰਤ ਦੀ ਜਾਨ ਖਤਰੇ ਵਿਚ ਹੋਵੇ ਜਾਂ ਗਰਭਵਤੀ ਔਰਤ ਦੀ ਦਿਮਾਗੀ ਅਤੇ ਸਰੀਰਕ ਸਿਹਤ ਖਤਰੇ ਵਿਚ ਹੋਵੇ ਜਾਂ ਗਰਭ ਵਿਚ ਪਲ ਰਿਹਾ ਬੱਚਾ ਸਰੀਰਕ ਜਾਂ ਮਾਨਸਿਕ ਅਪੰਗਤਾ ਦਾ ਸ਼ਿਕਾਰ ਹੋਵੇ ਤਾਂ ਅਬਾਰਸ਼ਨ ਕਰਵਾਇਆ ਜਾ ਸਕਦਾ ਹੈ। ਜੇਕਰ ਔਰਤ ਮਾਨਸਿਕ ਜਾਂ ਫਿਰ ਸਰੀਰਕ ਤੌਰ ਤੇ ਸਮਰੱਥ ਨਾ ਹੋਵੇ ਕਿ ਉਹ ਬੱਚੇ ਨੂੰ ਗਰਭ ਵਿਚ ਪਾਲ ਸਕੇ ਤਾਂ ਅਬਾਰਸ਼ਨ ਕਰਵਾਇਆ ਜਾ ਸਕਦਾ ਹੈ। ਜੇਕਰ ਔਰਤ ਮਾਨਸਿਕ ਜਾਂ ਫਿਰ ਸਰੀਰਕ ਤੌਰ 'ਤੇ ਸਮਰੱਥ ਨਾ ਹੋਵੇ ਕਿ ਉਹ ਬੱਚੇ ਨੂੰ ਗਰਭ ਵਿਚ ਪਾਲ ਸਕੇ ਤਾਂ ਅਬਾਰਸ਼ਨ ਕਰਵਾਇਆ ਜਾ ਸਕਦਾ ਹੈ। ਜੇਕਰ ਔਰਤ ਨਾਲ ਬਲਾਤਕਾਰ ਹੋਇਆ ਹੋਵੇ ਅਤੇ ਉਹ ਗਰਭਵਤੀ ਹੋ ਗਈ ਹੋਵੇ ਜਾਂ ਫਿਰ ਔਰਤ ਦੇ ਨਾਲ ਅਜਿਹੇ ਰਿਸ਼ਤੇਦਾਰ ਨੇ ਸਬੰਧ ਬਣਾਏ ਜੋ ਵਰਜਿਤ ਸਬੰਧ ਵਿਚ ਹੋਣ ਅਤੇ ਔਰਤ ਗਰਭਵਤੀ ਹੋ ਗਈ ਹੋਵੇ ਤਾਂ ਔਰਤ ਦਾ ਅਬਾਰਸ਼ਨ ਕਰਵਾਇਆ ਜਾ ਸਕਦਾ ਹੈ। ਔਰਤ ਜੇਕਰ ਬਾਲਗ ਹੋਵੇ ਤਾਂ ਉਸਦੀ ਸਹਿਮਤੀ ਜ਼ਰੂਰੀ ਹੈ। ਅਬਾਰਸ਼ਨ ਭਾਰਤ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਡਾਕਟਰ ਹੀ ਕਰਵਾ ਸਕਦੇ ਹਨ।

ਜੇਕਰ ਕਿਸੇ ਔਰਤ ਦੀ ਮਰਜ਼ੀ ਦੇ ਖਿਲਾਫ ਉਸਦਾ ਅਬਾਰਸ਼ਨ ਕਰਵਾਇਆ ਜਾਂਦਾ ਹੈ ਤਾਂ ਅਜਿਹੇ ਵਿਚ ਦੋਸ਼ੀ ਪਾਏ ਜਾਣ 'ਤੇ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਆਈ. ਪੀ. ਸੀ. ਦੀ ਧਾਰਾ 312 ਦੇ ਮੁਤਾਬਕ ਜੇਕਰ ਔਰਤ ਦੇ ਭਲੇ ਵਿਚ ਗਰਭਪਾਤ ਨਹੀਂ ਕਰਵਾਇਆ ਗਿਆ ਹੋਵੇ ਤਾਂ ਅਜਿਹੇ ਮਾਮਲੇ ਵਿਚ ਦੋਸ਼ੀਆਂ ਦੇ ਖਿਲਾਫ ਕਾਨੂੰਨ ਦੀ ਸਖਤ ਵਿਵਸਥਾ ਹੈ।ਇਸ ਐਕਟ ਦੇ ਦਾਇਰੇ ਵਿਚ ਉਹ ਔਰਤ ਵੀ ਹੈ, ਜਿਸਨੇ ਬਿਨਾਂ ਕਾਰਨ ਗਰਭਪਾਤ ਕਰਵਾਇਆ ਹੈ। ਇਸ ਵਿਚ ਦੋਸ਼ੀ ਪਾਏ ਜਾਣ ਤੇ 3 ਸਾਲ ਤੱਕ ਦੀ ਕੈਦ ਹੋ ਸਕਦੀ ਹੈ।

ਧਾਰਾ 313- ਜੇਕਰ ਔਰਤ ਦੀ ਸਹਿਮਤੀ ਤੋਂ ਬਿਨਾਂ ਉਸਦਾ ਗਰਭਪਾਤ ਕਰਵਾ ਦਿੱਤਾ ਜਾਂਦਾ ਹੈ ਤਾਂ ਅਜਿਹੇ ਮਾਮਲੇ ਵਿਚ ਦੋਸ਼ੀ ਪਾਏ ਜਾਣ ਵਾਲੇ ਵਿਅਕਤੀ ਨੂੰ 10 ਸਾਲ ਤੱਕ ਕੈਦ ਜਾਂ ਫਿਰ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।

ਧਾਰਾ 314: ਜੇਕਰ ਗਰਭਪਾਤ ਕਰਵਾਏ ਜਾਣ ਦੌਰਾਨ ਔਰਤ ਦੀ ਮੌਤ ਹੋ ਜਾਵੇ ਤਾਂ ਅਜਿਹੇ ਮਾਮਲੇ ਵਿਚ ਦੋਸ਼ੀ ਪਾਏ ਜਾਣ 'ਤੇ 10 ਸਾਲ ਕੈਦ ਦੀ ਸਜ਼ਾ ਹੋ ਸਕਦੀ ਹੈ ਅਤੇ ਜੇਕਰ ਔਰਤ ਦੀ ਗਰਭਪਾਤ ਦੇ ਲਈ ਸਹਿਮਤੀ ਨਹੀਂ ਹੈ ਅਤੇ ਫਿਰ ਉਸਦੀ ਮੌਤ ਹੋ ਜਾਵੇ ਤਾਂ ਦੋਸ਼ੀ ਪਾਏ ਜਾਣ ਵਾਲੇ ਵਿਅਕਤੀ ਨੂੰ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ।

**ਦਹੇਜ ਰੋਕੂ ਕਾਨੂੰਨ**

ਦਹੇਜ ਰੋਕੂ ਕਾਨੂੰਨ ਦੀ ਧਾਰਾ-8 ਦੇ ਅਨੁਸਾਰ ਦਹੇਜ ਲੈਣਾ ਅਤੇ ਦੇਣਾ ਦੋਵੇਂ ਹੀ ਅਪਰਾਧ ਹਨ। ਜੁਰਮ ਸਾਬਤ ਹੋਣ ਤੇ ਦੋਸ਼ੀ ਨੂੰ ਘੱਟ ਤੋਂ ਘੱਟ 5 ਸਾਲ ਕੈਦ ਦੀ ਵਿਵਸਥਾ ਹੈ। ਉਸ 'ਤੇ ਘੱਟੋ-ਘੱਟ 15 ਹਜ਼ਾਰ ਰੁਪਏ ਜੁਰਮਾਨਾ ਵੀ ਲਗਾਇਆ ਜਾ ਸਕਦਾ ਹੈ। ਜੇਕਰ ਲੜਕੇ ਵਾਲੇ ਦਹੇਜ ਮੰਗਦੇ ਹਨਤਾਂ ਵਿਆਹ ਤੋਂ ਪਹਿਲਾਂ ਵੀ ਉਹਨਾਂ ਤੇ ਮੁਕੱਦਮਾ ਹੋ ਸਕਦਾ ਹੈ। ਜੁਰਮ ਸਾਬਤ ਹੋਣ 'ਤੇ 6 ਮਹੀਨੇ ਤੋਂ 3 ਸਾਲ ਤੱਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।

ਆਈ. ਪੀ. ਸੀ. ਦੀ ਧਾਰਾ 498ਏ ਦੇ ਤਹਿਤ ਦਹੇਜ ਦੇ ਲਈ ਪਤਨੀ ਨੂੰ ਤੰਗ ਕਰਨ ਤੇ ਪਤੀ ਅਤੇ ਉਸਦੇ ਰਿਸ਼ਤੇਦਾਰਾਂ ਦੇ ਖਿਲਾਫ ਕਾਰਵਾਈ ਦੀ ਵਿਵਸਥਾ ਹੈ। ਦਹੇਜ ਸ਼ੋਸ਼ਣ ਦੀ ਸ਼ਿਕਾਇਤ 'ਤੇ ਪੁਲਿਸ 498ਏ ਦੇ ਨਾਲ-ਨਾਲ ਧਾਰਾ 406 (ਅਮਾਨਤ ਵਿਚ ਖਿਆਨਤ) ਦਾ ਵੀ ਕੇਸ ਦਰਜ ਕਰਦੀ ਹੈ। ਲੜਕੀ ਦਾ ਇਸਤਰੀ ਧਨ ਜੇਕਰ ਉਸਦੇ ਸਹੁਰੇ ਵਾਲਿਆਂ ਨੇ ਆਪਣੇ ਕੋਲ ਰੱਖ ਲਿਆ ਹੈ ਤਾਂ ਅਮਾਨਤ ਵਿਚ ਖਿਆਨਤ ਦਾ ਮਾਮਲਾ ਬਣਦਾ ਹੈ।

**ਉਮਰ ਕੈਦ ਤੱਕ ਦੀ ਸਜ਼ਾ**

ਦਹੇਜ਼ ਸ਼ੋਸ਼ਣ ਦਾ ਮਾਮਲਾ ਗੈਰ ਜਮਾਨਤੀ

**(ਬਾਕੀ ਸਫਾ 20 'ਤੇ)**

# ਹਿੰਸਾ ਦਾ ਵਰਤਾਰਾ ਬਨਾਮ ਵਿਕਾਸ ਦਾ ਨਾਅਰਾ

ਸ਼ਿਵ ਵਿਸ਼ਵਨਾਥਨ

ਮੋਦੀ ਸਰਕਾਰ ਆਪਣੀ ਕਾਰਕਰਦਗੀ ਦਾ ਢੰਡੋਰਾ ਪਿੱਟਣ ਵੇਲੇ 'ਕਾਰੋਬਾਰ ਲਈ ਸੌਖ' ਦੇ ਸੂਚਕ ਅੰਕ ਦਾ ਵਖਾਨ ਬਹੁਤ ਹੁੱਬ ਕੇ ਕਰਦੀ ਹੈ। ਇਸ ਸੂਚਕ ਅੰਕ ਨੂੰ ਸਰਕਾਰ ਤਗਮੇ ਵਾਂਗ ਆਪਣੀ ਹਿੱਕ 'ਤੇ ਟੰਗ ਕੇ ਰੱਖਦੀ ਹੈ ਹਾਲਾਂਕਿ ਸਰਕਾਰ ਦੀ ਪਛਾਣ ਕੁਝ ਹੋਰ ਹੀ ਪੱਖਾਂ ਤੋਂ ਜ਼ਿਆਦਾ ਬਣੀ ਹੋਈ ਹੈ ਜਿਸ ਵਿਚ 'ਹਿੰਸਾ ਕਰਨ ਦੀ ਸੌਖ' ਦਾ ਸੂਚਕ ਸਭ ਤੋਂ ਪ੍ਰਮੁੱਖ ਹੈ। ਸਰਕਾਰ ਨੂੰ ਹਿੰਸਾ ਦੇ ਸੂਚਕ ਅੰਕ 'ਤੇ ਕਾਫੀ ਮਾਣ ਮਹਿਸੂਸ ਹੁੰਦਾ ਹੈ। ਅਸਲ ਵਿਚ, ਇਸ ਅਮਲ ਦਾ ਖਾਸ ਪਹਿਲੂ ਹਜੂਮੀ ਹਿੰਸਾ ਹੈ ਜਿਸ ਨੂੰ ਲੈ ਕੇ ਸਰਕਾਰ ਦੇ ਚਿਹਰੇ 'ਤੇ ਰੱਤੀ ਭਰ ਵੀ ਅਫ਼ਸੋਸ ਨਹੀਂ ਆਉਂਦਾ।



ਬੁਲੰਦਸ਼ਹਿਰ ਵਿਚ 'ਹਿੰਸਾ ਦੀ ਸੌਖ' ਦਾ ਚਿਹਰਾ ਮੋਹਰਾ ਬੱਜਰ ਰੂਪ ਵਿਚ ਸਾਹਮਣੇ ਆ ਰਿਹਾ ਹੈ ਜਿੱਥੇ ਬਜਰੰਗ ਦਲ ਦਾ ਇਕ ਮੁਕਾਮੀ ਆਗੂ ਹਿੰਸਾ ਨੂੰ ਆਪਣੀ ਨਵੀਂ ਹਾਸਲ ਕੀਤੀ ਮਰਦਾਨਗੀ (ਤਾਕਤ) ਦੇ ਰੂਪ ਵਿਚ ਵਿਖਾਲਾ ਕਰ ਰਿਹਾ ਨਜ਼ਰ ਆਉਂਦਾ ਹੈ। ਯੋਗੇਸ਼ ਰਾਜ ਨਾਮੀ ਬਜਰੰਗ ਦਲ ਦਾ ਇਹ ਖ਼ੁਦਸਾਖਤਾ ਗੁੰਡਾ, ਸ਼ਰੇਆਮ ਹਿੰਸਾ ਦਾ ਇਕਬਾਲ ਕਰਦਾ ਹੈ। ਉਸ ਦੀ ਦਲੀਲ ਵਾਕਈ ਦਿਲਚਸਪ ਹੈ। ਉਹ ਆਪਣੇ ਆਪ ਨੂੰ ਸ਼ਹੀਦ ਭਗਤ ਸਿੰਘ ਦੇ ਅਵਤਾਰ ਅਤੇ ਗਊਆਂ ਦੇ ਰਾਖੇ ਵਜੋਂ ਪੇਸ਼ ਕਰ ਰਿਹਾ ਹੈ। ਭਲੇ ਵੇਲਿਆਂ 'ਚ ਗਊ ਵਾਕਈ ਸ਼ਾਂਤੀ ਦਾ ਚਿੰਨ੍ਹ ਰਹੀ ਹੈ ਪਰ ਪਿਛਲੇ ਕੁਝ ਅਰਸੇ ਦੌਰਾਨ ਇਹ ਜਿੰਨੀ ਲੋਕਾਈ ਦੇ ਘਾਣ ਦਾ ਸਬੱਬ ਬਣੀ ਹੈ, ਓਨੀ ਸ਼ਾਇਦ ਪਹਿਲਾਂ ਕਦੇ ਨਹੀ ਹੋਇਆ।

ਬੁਲੰਦਸ਼ਹਿਰ ਕਾਂਡ ਬਾਰੇ ਮੀਡੀਆ ਦੀਆਂ ਰਿਪੋਰਟਾਂ ਲਕੀਰ ਦੇ ਫ਼ਕੀਰ ਵਾਲੀ ਤੋਰ ਤੁਰਦੀਆਂ ਹਨ। ਇਨ੍ਹਾਂ ਦਾ ਬਿਰਤਾਂਤ ਬੇਹੱਦ ਮਰੀਅਲ ਜਿਹਾ ਹੁੰਦਾ ਹੈ, ਉੱਕਾ ਹੀ ਸਾਹਸੱਤਹੀਣ; ਮਸਲਨ ਕੌਣ ਮਾਰਿਆ ਗਿਆ ਤੇ ਕਿਵੇਂ ਮਾਰਿਆ ਗਿਆ ਤੇ ਫਿਰ ਦੋਵੇਂ ਧਿਰਾਂ ਦੇ ਪੱਖ ਪੇਸ਼ ਕੀਤੇ ਜਾਂਦੇ ਹਨ। ਹਿੰਸਾ ਦੇ ਅਮਲ ਨੂੰ ਸਮਝਣ 'ਤੇ ਉੱਕਾ ਹੀ ਕੋਈ ਜ਼ੋਰ ਨਹੀਂ, ਤੇ ਲਹਿਜ਼ਾ ਨਿਰਾ ਸਿਆਸੀ ਮੁਲਾਹਜ਼ੇਦਾਰੀ ਪਾਲਣ ਦਾ ਹੁੰਦਾ ਹੈ। ਮੁਕਾਮੀ ਮੈਜਿਸਟਰੇਟ ਅਤੇ ਹਿੰਸਾ ਦੇ ਮੁਕਾਮੀ ਕਾਰਿੰਦੇ ਨੂੰ ਬਰਾਬਰ ਸਮਾਂ ਦਿੱਤਾ ਜਾਂਦਾ ਹੈ।

ਹਿੰਸਾ ਦੀ ਨਿੰਦਾ ਕਰਨ ਵਾਲੇ ਜ਼ਿਆਦਾਤਰ ਸੁਲਝੇ ਹੋਏ ਪੱਤਰਕਾਰ ਵੀ ਅਕਸਰ ਉਹੋ ਘਿਸੀਆਂ-ਪਿਟੀਆਂ ਗੱਲਾਂ ਦੁਹਰਾਉਂਦੇ ਹਨ। ਉਨ੍ਹਾਂ ਦੀਆਂ ਲਿਖਤਾਂ 'ਚੋਂ ਹਿੰਸਾ ਦੀ ਸਮਾਜਿਕ ਪ੍ਰਸੰਗ ਵਿਚ ਨੁਕਤਾਚੀਨੀ ਨਾਲੋਂ ਵਿਚਾਰਧਾਰਕ ਤਰਜੀਹਾਂ ਲੱਭਣ ਦੀ ਲਲਕ ਵੱਧ ਝਲਕਦੀ ਹੈ। ਹਿੰਸਾ ਦੀਆਂ ਜੜ੍ਹਾਂ ਕਿੰਨੀਆਂ ਕਦੀਮੀਂ ਅਤੇ ਬਿਮਾਰੀ ਕਿੰਨੀ ਵਸੀਹ ਹੈ, ਇਸ ਦੀਆਂ ਪਰਤਾਂ ਫ਼ਰੋਲਦਿਆਂ ਅਮਨ ਕਾਨੂੰਨ ਨੂੰ ਇਸ ਦੇ ਐਂਟੀਸੈਪਟਿਕ ਲੇਬਲ ਦੇ ਤੌਰ 'ਤੇ ਚਿਪਕਾ ਕਰ ਦਿੱਤਾ ਜਾਂਦਾ ਹੈ। ਫਿਰ ਮੋਦੀ ਸਰਕਾਰ 'ਤੇ ਹਿੰਸਾ ਬਾਰੇ ਚੁੱਪ ਧਾਰਨ ਕਾਰਨ ਦਾ ਇਲਜ਼ਾਮ ਲਗਦਾ ਹੈ ਤੇ ਇੰਜ ਮਾਮਲਾ ਨਜਿੱਠਿਆ ਜਾਂਦਾ ਹੈ। ਹਕੂਮਤ ਦੀ ਕਿਸ ਹੱਦ ਤੱਕ ਨੁਕਤਾਚੀਨੀ ਕੀਤੀ ਜਾਵੇ, ਇਸ ਦੀ ਵੀ ਤੈਅਸ਼ੁਦਾ ਸਹਿਮਤੀ ਬਣੀ ਹੋਈ ਹੈ। ਬੁਲੰਦਸ਼ਹਿਰ ਵਾਂਗ ਹੀ ਮੋਦੀ ਰਾਜ ਦੌਰਾਨ ਵਾਪਰੀਆਂ ਹਿੰਸਾ ਦੀਆਂ ਵਾਰਦਾਤਾਂ ਨੂੰ ਬੱਝਵੇਂ ਢੰਗ ਨਾਲ ਵੇਖਣ ਦੀ ਲੋੜ ਹੈ। ਇਹ ਤੱਥ ਹਰ ਕਿਸੇ ਨੂੰ ਵਾਚਣਾ ਪਵੇਗਾ ਕਿ ਇਹ ਉਹ ਸਰਕਾਰ ਹੈ ਜਿਸ ਦਾ ਤਰਕ-ਵਿਧਾਨ ਹੀ ਹਿੰਸਾ 'ਤੇ ਟਿਕਿਆ ਹੋਇਆ ਹੈ। ਇਸ ਤਰਕ ਦੇ ਤਿੰਨ ਪੱਧਰ ਹਨ ਤੇ ਇਹ ਵੱਖੋ-ਵੱਖਰੇ ਲੱਛਣਾਂ ਤੇ ਸੰਕੇਤਾਂ ਮੁਤਾਬਕ ਕੰਮ ਕਰਦਾ ਹੈ। ਹਰ ਪੱਧਰ ਹਿੰਸਾ ਦੀ ਵਾਜਬੀਅਤ ਦੇ ਖਾਸ ਤਰਕ ਵਿਚ ਸ਼ਾਮਲ ਹੁੰਦਾ ਹੈ।

ਪਹਿਲਾ ਪੱਧਰ ਕੌਮੀ ਖਾਸੇ ਦਾ ਹੈ ਜੋ ਇਤਿਹਾਸ ਦੇ ਤਰਕ ਅਤੇ ਅਤੀਤ ਦੇ ਝਾੜੇ (ਭੂਤ ਕੱਢਣ ਲਈ) ਦੇ ਪ੍ਰਸੰਗ ਵਿਚ ਪ੍ਰਗਟ ਹੁੰਦਾ ਹੈ। ਇਸ ਪੱਧਰ 'ਤੇ ਹਿੰਸਾ ਇਕ ਅਟੱਲ ਸੱਚਾਈ ਅਤੇ ਦੇਸ਼ਭਗਤੀ ਜਿਹੇ ਸੰਕਲਪਾਂ ਜ਼ਰੀਏ ਇਕ ਲੇਖੇ ਫ਼ਰਜ਼ ਦੇ ਤੌਰ 'ਤੇ ਪੇਸ਼ ਕੀਤੀ ਜਾਂਦੀ ਹੈ। ਇਸ ਪੱਧਰ 'ਤੇ ਮੋਦੀ ਜਿਹੀ ਹਸਤੀ ਦੇ ਆਗੂ ਸ਼ਾਮਲ ਹੁੰਦੇ ਹਨ। ਗੁਜਰਾਤ ਦੰਗੇ ਇਸ ਦੀ ਵਧੀਆ ਮਿਸਾਲ ਹਨ ਕਿ ਕਿਵੇਂ ਹਿੰਸਾ ਦੇ ਬਿਰਤਾਂਤ ਦੁਆਲੇ ਸ਼ਾਸਨ ਦਾ ਤਰਕ ਬੁਣਿਆ ਜਾਂਦਾ ਹੈ।

ਦੂਜੇ ਪੱਧਰ 'ਤੇ ਆਦਿਤਿਆਨਾਥ ਯੋਗੀ ਵਰਗੇ ਜ਼ਿਆਦਾਤਰ ਫ਼ਿਰਕੂ ਕਿਸਮ ਦੇ ਲੋਕ ਸ਼ਾਮਲ ਹੁੰਦੇ ਹਨ ਜਦੋਂ ਧਰਮ ਦਾ ਮੂੰਹ ਮੱਥਾ ਵਿਗਾੜ ਕੇ ਦਬਦਬਾ

**(ਬਾਕੀ ਸਫਾ 20 'ਤੇ)**

# ਸੁਰ ਸਿੰਘ ਵਾਲੇ ਦਾ ਗੁਰਬਚਨ ਸਿੰਘ ਢਿੱਲੋਂ ਤੁਰ ਗਿਆ



ਗੁਰਬਚਨ ਸਿੰਘ ਢਿੱਲੋਂ



ਗੁਰਬਚਨ ਸਿੰਘ ਢਿੱਲੋਂ ਦੀਪਿਛਲੇ ਸਾਲ 12ਵੀ ਵਰ੍ਹੇਗੰਢ ਦੀਆਂ ਤਸਵੀਰ, ਨਾਲ ਹਨ ਪਰਮਪਾਲ ਅਤੇ ਕਵੀ ਰਾਜ਼



ਗੁਰਬਚਨ ਸਿੰਘ ਢਿੱਲੋਂ ਦੀ ਆਖਰੀ ਤਸਵੀਰ, ਜੋ ਪਰਦੇਸ ਟਾਇਮਜ਼ ਦੇ ਪ੍ਰੋਗਰਾਮ ਦਰਮਿਆਨ ਖਿੱਚੀ ਗਈ।



ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਸਭ ਤੋਂ ਵੱਧ ਸਰਗਰਮ ਰਹੇ ਗੁਰਬਚਨ ਸਿੰਘ ਢਿੱਲੋਂ, ਜਿਹਨਾਂ ਨੇ ਜਸਪਾਲ ਸਿੰਘ ਸੰਧੂ ਅਤੇ ਤੇਰੀ ਸਿੱਖੀ ਦੀ ਕਮੇਟੀ ਨਾਲ ਰਲ ਕੇ ਲਾਂਘਾ ਖੋਲ੍ਹਣ ਲਈ ਬਹੁਤ ਕੰਮ ਕੀਤਾ।

ਇਕ ਸੀ ਸ. ਸੂਰਤ ਸਿੰਘ ਢਿੱਲੋਂ ਉਹਨਾਂ ਦੇ ਪੰਜ ਬੱਚਿਆਂ ਵਿਚ ਵੱਡਾ ਪੁੱਤਰ ਗੁਰਬਚਨ ਸਿੰਘ ਢਿੱਲੋਂਤੇ ਹਰਭਜਨ ਸਿੰਘ ਢਿੱਲੋਂ ਛੋਟਾ ਭਰਾ ਤੇ ਸਵਰਗੀ ਕਰਮਿੰਦਰ ਸਿੰਘ ਢਿੱਲੋਂ ਸਭ ਤੋਂ ਛੋਟਾ ਭਰਾ ਤੇ ਦੋ ਭੈਣਾਂ 'ਚੋਂ ਇਕ ਬੀਬੀ ਮਾਂਗਟ ਤੇ ਹਰਭਜਨ ਕੌਰ ਗਿੱਲ। ਆਪਣੇ ਮਾਂ-ਬਾਪ ਦਾ ਨਾਮ ਉਚਾ ਕਰਨ ਲਈ ਅਮਰੀਕਾ ਵਿਚ ਇੱਥੇ ਨੇੜੇ-ਨੇੜੇ ਹੀ ਰਹਿੰਦੇ ਹਨ।

ਵੱਡਾ ਭਰਾ (ਪੰਜਾਂ 'ਚੋਂ) ਸ. ਗੁਰਬਚਨ ਸਿੰਘ ਢਿੱਲੋਂ ਜੋ ਸਤੰਬਰ 18, 1951 ਨੂੰ ਪੈਦਾ ਹੋਏ ਕਿਉਂਕਿ ਪਿਤਾ ਜੀ ਸ. ਸੂਰਤ ਸਿੰਘ ਢਿੱਲੋਂ ਪੜ੍ਹੇ-ਲਿਖੇ ਸਨ, ਇਸ ਲਈ ਗੁਰਬਚਨ ਸਿੰਘ ਹੁਰੀਂ ਵੀ ਮਕੈਨੀਕਲ ਇੰਜੀਨੀਅਰ ਦੀ ਪੜ੍ਹਾਈ ਪੂਰੀ ਕਰ ਗਏ ਤੇ ਅਮਰੀਕਾ ਆ ਕੇ ਚੰਗੀ ਨੌਕਰੀ ਤੇ ਲੱਗ ਗਏ। ਉਹ ਇੰਜੀਨੀਅਰ ਦੇ ਤੌਰ 'ਤੇ ਕਈ ਵੱਡੀਆਂ-ਵੱਡੀਆਂ ਕੰਪਨੀਆਂ 'ਚ ਕੰਮ ਕਰ ਚੁੱਕੇ ਸਨਤੇ ਸਾਲ ਕੁ ਵੱਧ ਵਕਫੇ ਤੋਂ ਰਿਟਾਇਰ ਹੋ ਗਏ ਸਨ ਤੇ ਉਹਨਾਂ ਦੀ ਸੁਪਤਨੀ ਵੀ ਰਿਟਾਇਰ ਹੋ ਗਈ ਸੀ, ਨਾਲ ਹੀ।


ਦੋਵੇਂ ਆਪਣੇ ਬੱਚਿਆਂ ਨਾਲ ਖੁਸ਼ ਸਨ ਤੇ ਕਿਸੇ ਕਿਸੇ ਦੂਰ-ਦੁਰਾਡੇ ਦੀ ਟੂਰਿਸਟ ਜਗ੍ਹਾ 'ਤੇ ਵੀ ਗੇੜਾ ਲਾਉਣਾ ਸ਼ੁਰੂ ਕਰ ਦਿੱਤਾ ਸੀ। ਕਈ ਸਾਲ ਪਹਿਲਾਂ ਉਹਨਾਂ ਨੂੰ ਹਾਰਟ ਅਟੈਕ ਹੋਇਆ ਤੇ ਉਹਨਾਂ ਦੀ ਦਿਲ ਦੀ ਬਾਈਪਾਸ ਸਰਜਰੀ ਹੋ ਚੁੱਕੀ ਸੀ ਤੇ ਅੱਜਕਲ੍ਹ ਉਹ ਦਿਲ ਦੇ ਕੰਮ ਕਰਨ ਨੂੰ ਲੈ ਕੇ ਚਿੰਤਾ ਵਿਚ ਸਨ ਤੇ ਮੈਨੂੰ ਦੱਸਦੇ ਵੀ ਸਨ ਕਿ 'ਭਰਾ ਮੇਰਾ ਦਿਲ 20 ਫੀਸਦੀ ਹੀ ਕੰਮ ਕਰਦਾ ਹੁਣ।'

ਸਾਡੇ ਸਲਾਨਾ ਪ੍ਰੋਗਰਾਮ ਤੇ ਆਉਣ ਤੋਂ ਕੁਝ ਦਿਨ ਪਹਿਲਾਂ ਫੋਨ 'ਤੇ ਕਹਿਣ ਲੱਗੇ, ਭਾਈ ਸਾਹਿਬ ਜਸਪਾਲ ਸਿੰਘ ਸੰਧੂ ਤੇ ਪਰਿਵਾਰ ਨੇ ਆਪਾਂ ਵੀ ਰਲਕੇ ਜੋ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਵਾਉਣ ਲਈ ਨਵੰਬਰ 7, 2009 ਨੂੰ ਡੇਰਾ ਬਾਬਾ ਨਾਨਕ ਵਿਖੇ 80 ਹਜ਼ਾਰ ਸਿੱਖਾਂ ਨਾਲ ਲਾਂਘੇ ਦੀ ਅਰਦਾਸ ਕੀਤੀ ਸੀ, ਉਹ ਸਫਲ ਹੋ ਗਈ ਤੇ ਪਾਕਿਸਤਾਨ ਦੀ ਸਰਕਾਰ ਹੁਣ ਉਹ ਖੋਲ੍ਹ ਰਹੀ ਹੈ। ਤੁਸੀਂ ਇਕ ਲਾਂਘੇ ਵਾਲੀ ਡਾਕੂਮੈਂਟਰੀ ਜ਼ਰੂਰ ਵਿਖਾ ਦਿੱਤੀ। ਮੈਂ ਉਚੇਚਾ ਪ੍ਰੋਗਰਾਮ ਲਈ ਇੰਤਜ਼ਾਮਕਰਕੇ ਉਹ ਡਾਕੂਮੈਂਟਰੀ ਸਾਰੇ ਆਏ ਸੱਜਣਾਂ ਸਾਹਮਣੇ ਚਲਾਈ ਤੇ ਢਿੱਲੋਂ ਸਾਹਿਬ ਬਹੁਤ ਖੁਸ਼ ਹੋਏ।

ਮੈਂ ਉਹ ਤੁਹਾਡੀ ਅਖਬਾਰ ਦੀ ਵਰ੍ਹੇਗੰਢ ਤੇ ਜ਼ਰੂਰ ਪਹੁੰਚਾਗਾਂ। ਮੈਨੂੰ ਫੋਨ ਤੇ ਕਹਿ ਕੇ ਨਾਲ ਹੀ ਕਹਿੰਦੇ ਪਰ ਮੈਂ ਅੱਜਕਲ੍ਹ ਠੀਕ ਨਹੀਂ, ਜ਼ਿਆਦਾ ਦੇਰ ਨਹੀਂ ਰੁਕਾਂਗਾ।' ਮੈਂ ਕਿਹਾ ਸੀ 'ਢਿੱਲੋਂ ਸਾਹਿਬ ਬੱਸ ਤੁਸੀਂ ਆ ਜਾਇਓ, ਸਭ ਕੁਝ ਠੀਕ ਹੈ।''

ਉਹ ਆਏ ਤੇ ਮੇਰੇ ਨਾਲ ਘੁੱਟ ਕੇ ਜੱਫੀ ਪਾ ਕੇ ਮਿਲੇ ਤੇ ਜਸਪਾਲ ਸਿੰਘ ਸੰਧੂ ਹੁਰਾਂ ਨੂੰ ਵੀ ਬਹੁਤ ਹੀ ਪਿਆਰ ਨਾਲ ਮਿਲੇ। ਮੈਨੂੰ ਖੁਸ਼ੀ ਨਾਲ ਫੋਟੋ ਵਾਲਾ ਚੈਕ ਵੀ ਦਿੱਤਾ ਤੇ ਕਹਿਣ ਲੱਗੇ, ਆਖਰੀ ਫੋਟੋ ਵੀ ਖਿੱਚ ਲੈ। ਮੈਂ ਉਸ ਵੇਲੇ ਸਮਝ ਨਾ ਸਕਿਆ ਕਿ ਕੀ ਕਹਿੰਦੇ ਹਨ ਪਰ ਦੂਸਰੇ ਹੀ ਦਿਨ 11 ਵਜੇ ਜਦੋਂ ਉਹ ਜਿਮ ਵਿਚ ਸਨ ਤਾਂ ਬਿਮਾਰ ਹੋ ਗਏ। ਕਿਸੇ ਪੰਜਾਬੀ ਡਾਕਟਰ ਨੇ ਮਦਦ ਕੀਤੀ, ਉਹ ਕਹਿਣ ਲੱਗੇ ਕਿ ਡਾਕਟਰ ਸਾਹਿਬ ਮੈਨੂੰ ਕਾਰ ਤੱਕ ਪਹੁੰਚਾ ਦਿਓ, ਮੈਂ ਚਲੇ ਜਾਣਾ ਹੈ। ਘਰ ਦਾ ਸਫਰ ਲੰਮਾ ਨਹੀਂ ਤੇ ਉਦੋਂ ਤੱਕ ਹਾਲਤ ਪੱਖੋਂ ਕਾਫੀ ਢਿੱਲੇ ਹੋ ਗਏ ਪਰ ਹਸਪਤਾਲ ਜਾ ਕੇ ਉਹ ਬਹੁਤਾ ਸਮਾਂ ਠੀਕ ਨਹੀਂ ਰਹੇ ਤੇ ਉਹਨਾਂ ਨੂੰ ਹਸਪਤਾਲ ਲਿਜਾਇਆ ਗਿਆ ਤੇ ਉਥੇ ਪਰਿਵਾਰ ਦੇ ਪਹੁੰ-ਚਦੇ ਹੀ 5 ਵਜੇ ਸ਼ਾਮ ਨੂੰ ਉਹ ਅਕਾਲ ਚਲਾਣਾ ਕਰ ਗਏ। ਦਿਨ ਦਸੰਬਰ ਦੀ 16 ਤਾਰੀਖ ਸ਼ਾਮੀ 5 ਵਜੇ।

ਗੁਰਬਚਨ ਸਿੰਘ ਢਿੱਲੋਂ ਨੇ ਤੇਰੀ ਸਿੱਖੀ ਸੰਸਥਾ ਲਈ ਬਹੁਤ ਮਿਹਨਤ ਕੀਤੀ ਅਤੇ ਲੋਕਾਂ ਨੂੰ ਵੀ ਪ੍ਰੇਰਿਆ ਕਿ ਉਹ ਅਰਦਾਸ ਕਰਨ ਕਿ ਲਾਂਘਾ ਜਲਦੀ ਖੁੱਲ੍ਹ ਜਾਵੇ।



BALBIR DHILLON
GURBACHAN DHILLON
4283 BOLINA DR
UNION CITY CA 94587-2577

6966
11-35/1210 CA
352

Date 12-19-18

Pay To The Order Of Pardes Times $ 100.00

One Hundred Dollars

Bank of America

Valued Customer OVER 30 YEARS

ACH R/T 121000358

For Donation -

[redacted]

Harland Clarke

ਗੁਰਬਚਨ ਸਿੰਘ ਢਿੱਲੋਂ ਵੱਲੋਂ ਸ. ਬਲਬੀਰ ਸਿੰਘ ਐਮ. ਨੂੰ ਦਿੱਤਾ ਗਿਆ ਆਖਰੀ ਚੈਕ, ਜੋ ਕਿ ਯਾਦ ਵਜੋਂ ਸੰਭਾਲ ਕੇ ਰੱਖਿਆ ਜਾਵੇਗਾ।

ਉਹਨਾਂ ਦਾ ਸਸਕਾਰ ਦਸੰਬਰ 22 ਦਿਨ ਸ਼ਨਿਚਰਵਾਰ 2018 ਨੂੰ ਇਕ ਵੱਜ ਕੇ ਤੀਹ ਮਿੰਟ ਤੋਂ ਲੈ ਕੇ ਤਿੰਨ ਵਜੇ ਤੱਕ ਕਰ ਦਿੱਤਾ ਜਾਵੇਗਾ।

ਅੰਤਿਮ ਅਰਦਾਸ ਫਰੀਮਾਂਟ ਗੁਰੂਘਰ ਵਿਖੇ ਸ਼ਾਮੀ ਤਿੰਨ ਵਜੇ ਤੋਂ ਬਾਅਦ ਹੋਵੇਗੀ।

ਜਗ੍ਹਾ ਹੈ:
ਚੈਪਲ ਆਫ ਦੀ ਚਾਈਮਸ- 32992 ਮਿਸ਼ਨ ਬੁਲੇਵਾਰਡ, ਹੇਵਰਡ, ਕੈਲੇਫੋਰਨੀਆ 94544

ਉਹਨਾਂ ਦੀ ਅਖੀਰਲੀ ਤਸਵੀਰ ਵੀ ਪਰਦੇਸ ਟਾਇਮਜ਼ ਦੇ ਸਲਾਨਾ ਪ੍ਰੋਗਰਾਮ ਤੇ ਖਿੱਚੀ ਗਈ ਹੈ ਤੇ ਤੁਸੀਂ ਥੱਲੇ ਵੇਖ ਸਕਦੇ ਹੋ। ਬਹੁਤ ਹੀ ਠੰਡੇ ਸੁਭਾਅ ਦੇ ਪਰਿਵਾਰ ਵਿਚ ਭੈਣਾਂ-ਭਰਾਵਾਂ 'ਚੋਂ ਵੱਡੇ ਤੇ ਇੰਜੀਨੀਅਰ ਦੇ ਤੌਰ ਤੇ ਕੰਮ ਕਰਦੇ ਰਹੇ।

ਵਾਹਿਗੁਰੂ ਨੇ ਜਿੰਨਾ ਸਮਾਂ ਬਖਸ਼ਿਆ, ਉਨਾ ਹੀ ਉਹ ਗੁਜ਼ਾਰ ਸਕੇ। ਪਰ ਜਦ ਤੱਕ ਸਾਡੀ ਜਾਨ ਹੈ, ਉਹਨਾਂ ਦੀ ਯਾਦ ਦਿਲ 'ਚ ਰਹੇਗੀ ਤੇ ਹਮੇਸ਼ਾ ਇਹ ਇਵੇਂ ਲੱਗੇਗਾ, ਜਿਵੇਂ ਮੇਰਾ ਇਕ ਭਰਾ ਚਲਾ ਗਿਆ ਹੋਵੇ।

ਉਹਨਾਂ ਨੇ ਆਪਣੇ ਬਾਪੂ ਦਾ ਹੁਕਮ ਜਿਉਂਦੇ ਜੀਅ ਪੁਗਾਇਆ ਕਿ 'ਜੇ ਬਲਬੀਰ ਸਿੰਘ ਕਦੇ ਉਹਨਾਂ ਦੀ ਨਿੱਜੀ ਲਾਇਬ੍ਰੇਰੀ 'ਚੋਂ ਕੋਈ ਕਿਤਾਬ ਲੈਣ ਆਵੇ, ਸਿਰਫ ਇਸੇ ਨੂੰ ਦੇਣੀ ਹੈ, ਹੋਰ ਕਿਸੇ ਨੂੰ ਨਹੀਂ।' ਮੈਂ ਬਹੁਤ ਮਾਣ ਮਹਿਸੂਸਦਾ ਹਾਂ ਕਿ ਇਹਨਾਂ ਨੂੰ ਮੇਰੇ ਨਾਲ ਭਰਾਵਾਂ ਵਾਂਗ ਰਿਸ਼ਤਾ ਰੱਖਣ ਲਈ ਇਹ ਮੇਰੀ ਯਾਦ ਵਿਚ ਮਰਦੇ ਦਮ ਤੱਕ ਰਹਿਣਗੇ। ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਲਈ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ। ਗੁਰਬਚਨ ਸਿੰਘ ਦੀ ਰੂਹ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਾਂ।

**- ਬਲਬੀਰ ਸਿੰਘ ਐਮ. ਏ.**



ਰਾਮ ਹਰਸਿਮਰਨ ਸਿੰਘ ਐਮ. ਏ
510-355-2040
rhsingh2018@gmail.com

# ਮੇਰਾ ਨਾਂ ਬੋਲੇ, ਤੇਰੀ ਥਾਂ ਬੋਲੇ

**ਜੇਕਰ ਸਾਨੂੰ ਇਹ ਭੁਲੇਖਾ ਪੈ ਜਾਵੇ ਕਿ ਆਪਣਾ ਨਾਮ ਹੀ ਸਭ ਕੁਝ ਹੈ ਤਾਂ ਇਸਤੋਂ ਪਿੱਛਾ ਛੁਡਾਉਣਾ ਬੜਾ ਔਖਾ ਹੈ।ਆਪਣੇ ਨਾਮ ਤੋਂ ਮਤਲਬ ਕਿ ਮੇਰਾ ਨਾਂ। ਪਰ ਸੱਚੀ ਕੋਈ ਨਾਂ ਹੈ ਤੁਹਾਡਾ? ਜਿਹੜਾ ਨਾਂ ਤੁਸੀਂ ਲੈ ਰਹੇ ਹੋ, ਉਹ ਤਾਂ ਤੁਹਾਡੇ ਸਰੀਰ ਦਾ ਨਾਮ ਹੈ, ਜਿਹੜਾ ਦ੍ਰਿਸ਼ਮਾਨ ਹੈ ਪਰ ਅੰਦਰ ਜੋ ਸਾਡੇ ਵਿਚ ਬੋਲ ਰਿਹਾ ਹੈ, ਉਸਦਾ ਨਾਮ ਕੀ ਹੈ? ਕੀ ਕਹੋਗੇ ਉਸਦਾ ਨਾਂ? ਪ੍ਰਮਾਤਮਾ ਸਭ ਦੇ ਅੰਦਰ ਹੈ ਤੇ ਬਾਹਰ ਵੀ। ਲੋਕ ਇਸ ਭੁਲੇਖੇ ਵਿਚ ਨੇ ਕਿ ਅਸੀਂ ਆਪਣੇ ਸਰੀਰ ਨੂੰ ਨਿਯੰਤਰਣ ਕਰ ਰਹੇ ਹਾਂ ਪਰ ਜਦੋਂ ਕੋਈ ਐਸੀ ਬਿਮਾਰੀ ਆਣ ਖੜ੍ਹਦੀ ਹੈ ਕਿ ਸੁਰਤ ਤਾਂ ਹੁੰਦੀ ਹੈ ਪਰ ਤੁਹਾਡਾ ਜੋਰ ਕੋਈ ਨੀ ਹੁੰਦਾ ਪਰ ਅੰਦਰ ਇਕ ਲਹਿਰ ਨਿਰੰਤਰ ਚਲਦੀ ਰਹਿੰਦੀ ਹੈ।**

ਬੰਦੇ ਨੂੰ ਪੁੱਛ ਲਓ, ਭਾਈ ਇੰਨੀ ਮਿਹਨਤ ਕਿਉਂ ਕਰ ਰਿਹਾਂ? ਇੰਨਾ ਪੈਸਾ ਕਿਉਂ ਲੋੜ ਰਿਹਾਂ? ਪੁੱਤਰਾਂ ਧੀਆਂ ਨੂੰ ਵੱਡੇ-ਵੱਡੇ ਸਕੂਲ, ਕਾਲਜਾਂ ਵਿਚ ਕਿਉਂ ਪੜ੍ਹਾ ਰਿਹਾਂ? ਏਦਾਂ ਦੇ ਕਈ ਸਵਾਲ ਜੋ ਮਨੁੱਖ ਬਾ-ਉਮਰ ਕਰਦਾ ਹੀ ਚਲਿਆ ਆ ਰਿਹਾ ਹੈ ਤੇ ਜਵਾਬ ਮਿਲਦਾ ਹੈ, ਭਾਈ ਇਸ ਸਮਾਜ ਵਿਚਰਹਿਣ ਖਾਤਰ, ਰੋਟੀ-ਪਾਣੀ ਖਾਤਰ, ਚੰਗੇ ਜੀਵਨ ਵਾਸਤੇ। ਪਰ ਗਹੁ ਨਾਲ ਵੇਖੀਏ ਤਾਂ ਪਤਾ ਲੱਗਦਾ ਹੈ ਇਹ ਸਭ ਸੁਣੀਆਂ-ਸੁਣਾਈਆਂ ਗੱਲਾਂ ਜਾਪਦੀਆਂ ਨੇ। ਰੋਟੀ ਤਾਂ ਰੋਜ਼ ਇਕ ਮਜ਼ਦੂਰ, ਜਿਸਦੀ ਤਨਖਾਹ ਸਭ ਤੋਂ ਘੱਟ ਹੁੰਦੀ ਹੈ, ਉਹ ਵੀ ਰੱਜ ਕੇ ਖਾ ਹੀ ਲੈਂਦਾ ਹੈ। ਫਿਰ ਰੌਲਾ ਕੀ ਏ? ਅਸਲ ਵਿਚ ਸਾਡੇ ਅੰਦਰਲੀ ਭੁੱਖ ਇਹ ਸਾਰਾ ਕੁਝ ਕਰਾਉਂਦੀ ਹੈ। ਉਹ ਹੈ- ਮੇਰੇ ਨਾਂ ਦੀ ਭੁੱਖ।

ਜਦੋਂ ਸਾਨੂੰ ਕੋਈ ਬੁਲਾਵੇ, ਭਾਈ ਫਲਾਣਾ ਸਿੰਘ ਆਇਓ ਤਾਂ ਸਾਡਾ ਦਿਮਾਗ ਤੁਰੰਤ ਹਰਕਤ ਵਿਚ ਆਉਂਦਾ ਹੈ ਤੇ ਸਾਨੂੰ ਪਤਾ ਚੱਲ ਜਾਂਦਾ ਹੈ ਕਿ ਇਹ ਮੰਗ ਹੈ ਤੇ ਉਹ ਮੈਨੂੰ ਹੀ ਬੁਲਾ ਰਿਹਾ ਹੈ। ਪਰ ਕੀ ਇਹ ਸੱਚਮੁਚ ਹੀ ਤੁਹਾਡਾ ਨਾਂ ਹੈ? ਇਹ ਤਾਂ ਇੰਝ ਪ੍ਰਤੀਤ ਹੋ ਰਿਹਾ ਹੈ ਜਿਵੇਂ ਆਪਾਂ ਵਸਤੂਆਂ ਦੇ ਨਾਂ ਰੱਖ ਦਿੱਤੇ ਮੇਜ, ਕੁਰਸੀ, ਕਿਤਾਬ ਆਦਿ। ਇਸੇ ਤਰ੍ਹਾਂ ਮਨੁੱਖ ਨੂੰ ਬੁਲਾਉਣ ਲਈ ਵੀ ਵਸਤੂਆਂ ਵਾਂਗ ਨਾਮ ਹੀ ਰੱਖ ਦਿੱਤਾ। ਪਰ ਨਾਂ ਦਾ ਸਿੱਧਾ ਸਬੰਧ ਯਾਦ ਨਾਲ ਹੈ। ਸਾਡੇ ਦਿਮਾਗ ਨੇ ਵਸਤੂਆਂ ਦੀਆਂ ਤਸਵੀਰਾਂ ਨੂੰ ਆਪਣੇ ਅੰਦਰ ਜਮ੍ਹਾ ਕਰ ਲਿਆ ਤੇ ਉਹਨਾਂ ਨੂੰ ਨਾਂ ਦੇ ਦਿੱਤਾ। ਜਦੋਂ ਵੀ ਤੁਸੀਂ ਉਸ ਨਾਂ ਨੂੰ ਪੁਕਾਰਦੇ ਹੋ ਤਾਂ ਉਹ ਤਸਵੀਰ ਜਾਂ ਸਬੰਧਤ ਯਾਦ ਆਣ ਮੂਹਰੇ ਖੜ੍ਹਦੀ ਹੈ। ਜਿਵੇਂ ਮੇਜ ਕਹਿਣ ਤੇ ਮੇਜ ਦੀ ਤਸਵੀਰ ਹੀ ਮੂਹਰੇ ਆਉਂਦੀ ਹੈ ਨਾ ਕਿ ਕੁਰਸੀ ਦੀ। ਰੋਟੀ ਕਹੋ, ਰੋਟੀ ਆ ਜਾਵੇਗੀ ਨਾ ਕਿ ਸਬਜ਼ੀ। ਕਹਿਣ ਤੋਂ ਭਾਵ ਇਹ ਸਿਰਫ ਇਕ ਬਹੁਤ ਵਧੀਆ ਤਰੀਕਾ ਹੈ ਵਸਤੂਆਂ ਨੂੰ ਵੰਡਣ ਦਾ ਅਤੇ ਲੋੜ ਪੈਣ ਤੇ ਵਰਤਣ ਦਾ। ਉਸੇ ਤਰਜ਼ ਤੇ ਅਲੱਗ ਅਲੱਗ ਮਨੁੱਖਾਂ ਨੂੰ ਵੰਡਣਾ ਤੇ ਲੋੜ ਪੈਣ 'ਤੇ ਯਾਦ ਕਰਨ ਲਈ ਅਲੱਗ ਅਲੱਗ ਨਾਂ ਰੱਖ ਦਿੱਤੇ ਗਏ। ਇਹ ਤਾਂ ਇਕ ਬਹੁਤ ਹੀ ਸੁਹਜ ਤੇ ਸੁਲਝਿਆ ਹੋਇਆ ਤਰੀਕਾ ਸੀ। ਪਰ ਸਾਡੇ ਨਾਂ ਦੀ ਭੁੱਖ ਨੇ ਸਭ ਹੱਦਾਂ-ਬੰਨ੍ਹੇ ਟੱਪ ਕੇ ਇਕ ਨਵੀਂ ਹੀ ਪਿਰਤ ਪਾ ਦਿੱਤੀ।

ਹਰ ਇਕ ਨੂੰ ਆਪਣਾ ਨਾਂ ਸੁਨਹਿਰੀ ਅੱਖਰਾਂ ਵਿਚ ਚਾਹੀਦਾ ਹੈ, ਸਿਆਹੀ ਭਾਵੇਂ ਕਾਲੀ ਹੋਵੇ। ਨਾਂ ਦੀ ਭੁੱਖ ਮਤਲਬ ਹਰ ਕੋਈ ਮੈਨੂੰ ਚੰਗੇ ਆਖੇ, ਮੈਨੂੰ ਜੇਤੂ ਕਰਾਰ ਦਿੱਤਾ ਜਾਵੇ, ਮੇਰੇ ਵਿਰੋਧੀ ਮੇਰੇ ਗੋਡੇ ਥੱਲੇ ਹੋਣ। ਇਹ ਸਭ ਭੁੱਖ ਦੀਆਂ ਨਿਸ਼ਾਨੀਆਂ ਨੇ। ਜਿਹੜੇ ਸਾਡੀ ਹਾਂ ਵਿਚ ਹਾਂ ਮਿਲਾ ਦੇਣ ਜਾਂ ਫਿਰ ਸਾਡੀ ਤਾਰੀਫ ਕਰੀ ਜਾਣ, ਉਹ ਸੁਭਾਵਿਕ ਹੀ ਸਾਡੇ ਦਿਮਾਗ ਨੂੰ ਚੰਗੇ ਲੱਗਣ ਲੱਗ ਪੈਂਦੇ ਹਨ। ਜਾਂ ਫਿਰ ਮਨੁੱਖ ਦੀ ਫਿਤਰਤ ਹੀ ਐਸੀ ਬਣ ਗਈ ਹੈ ਕਿ ਜਾਂ ਤਾਂ ਤੁਸੀਂ ਉਸਨੂੰ ਚੰਗਾ ਆਖ ਦਿਓ, ਨਹੀਂ ਤਾਂ ਆਪਣੇ ਗੁਣ ਗਾਉਣੇ ਆਪ ਹੀ ਸ਼ੁਰੂ ਕਰ ਦੇਵੇਗਾ। ਬੰਦਾ ਕਦੀ ਵੀ ਉਨਾ ਨਹੀਂ ਦੱਸਦਾ, ਜਿੰਨਾ ਉਹ ਹੈ। ਜਾਂ ਤਾਂ ਵਧਾ ਕੇ ਦੱਸੇਗਾ ਜਾਂ ਫਿਰ ਘਟਾ ਕੇ। ਨਾਂ ਬਣਾਉਣ ਦੀ ਭੁੱਖ ਕਿੰਨੇ ਵੱਡੇ-ਵੱਡੇ ਕਾਰੇ ਕਰਾ ਦੇਵੇ। ਅਸੀਂ ਸੋਚ ਵੀ ਨਹੀਂ ਸਕਦੇ। ਕਤਲ, ਨਸ਼ੇ, ਵਿੱਦਿਆ ਤੋਂ ਦੂਰ ਕਰਨਾ, ਮੁਢਲੀਆਂ ਲੋੜਾਂ ਨੂੰ ਪਾਉਣਾ ਵੀ ਅੰਤਾਂ ਦਾ ਮੁਸ਼ਕਿਲ ਕਰ ਦੇਣਾ, ਇਹ ਸਭ ਉਹਨਾਂ ਲੋਕਾਂ ਦੀ ਬਦਕਿਸਮਤੀ ਕਾਰਨ ਹੁੰਦਾ ਹੈ, ਜਿਹੜੇ ਨਾਂ ਦੀ ਭੁੱਖ ਦਾ ਤੀਬਰ ਤਾਪ ਝੱਲ ਰਹੇ ਹਨ। ਦਾਨ ਕਰਨ ਦੀ ਸੋਚ ਵਾਲੀ ਮੰਜ਼ਿਲ ਦੀ ਪਹਿਲੀ ਪੌੜੀ ਭਾਵੇਂ ਨਿਮਰਤਾ ਵਾਲੀ ਹੋਵੇ ਪਰ ਅਖੀਰਲੇ ਪੌੜੇ ਤੱਕ ਪਹੁੰਚਦਿਆਂ-ਪਹੁੰਚਦਿਆਂ ਨਾਂ ਵਾਲਾ ਕੀਲਾ ਦਾਨ ਨੂੰ ਦੂਰ ਕੋਹਾਂ ਦੂਰ ਤੱਕ ਭਜਾ ਦਿੰਦਾ ਹੈ। ਜਿੱਥੇ ਸਿਰਫ ਨਾਂ ਰਹਿ ਜਾਂਦਾ ਹੈ, ਦਾਨ ਉਡ-ਪੁੱਡ ਜਾਂਦਾ ਹੈ। ਇਹ ਗੱਲਾਂ ਵਾਚਣ ਲਈ ਆਪਣੇ ਅੰਦਰ ਵਾਲੇ ਨਾਂ ਨੂੰ ਪਛਾਨਣ ਦੀ ਲੋੜ ਹੈ, ਜਿਸਦਾ ਕੋਈ ਨਾਮ ਹੀ ਨਹੀਂ ਤੇ ਜੋ ਸਾਰੇ ਨਾਵਾਂ ਦਾ ਜਨਮਦਾਤਾ ਹੈ।

ਜਿਹੜੇ ਨਾਂ ਅਸੀਂ ਆਪਣੇ ਬੱਚਿਆਂ ਦੇ ਰੱਖਦੇ ਹਾਂ, ਉਹਨਾਂ ਨੂੰ ਬੜੇ ਸੋਚ ਵਿਚਾਰ ਕੇ ਰੱਖਣਾ ਚਾਹੀਦਾ ਹੈ। ਨਾਵਾਂ ਦਾ ਅਸਰ ਜ਼ਿੰਦਗੀ ਉੱਤੇ ਪੈਂਦਾ ਹੈ।ਪੁਰਾਣੇ ਸਮਿਆਂ ਵਿਚ ਜ਼ਿਆਦਾਤਰ ਨਾਂ ਉਹ ਰੱਖੇ ਜਾਂਦੇ ਸਨ, ਜਿਹਨਾਂ ਦਾ ਸਬੰਧ ਰੱਬ ਨਾਲ ਦ੍ਰਿਸ਼ਮਾਨ ਹੋਵੇ।ਲੋਕ ਸਮਝਦੇ ਸਨ ਕਿ ਕਿਸੇ ਬੱਚੇ ਦਾ ਨਾਮ ਲੈਣ ਨਾਲ ਅਸੀਂ ਰੱਬ ਨੂੰ ਯਾਦ ਕਰ ਰਹੇ ਹਾਂ।ਭਾਰਤ ਵਿਚ 90 ਪ੍ਰਤੀਸ਼ਤ ਨਾਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਰੱਬ ਨਾਲ ਸਬੰਧਤ ਹਨ। ਨਾਂ ਦਾ ਸਬੰਧ ਸ਼ਖਸੀਅਤ ਨਾਲ ਹੈ। ਲੜਾਈ ਵਾਲੇ ਮੈਦਾਨ ਵਿਚ ਬੀਰ ਰਸ ਵਾਲਾ ਨਾਂ ਹੀ ਚੰਗਾ ਲੱਗਦਾ ਹੈ।ਜਿਵੇਂ ਮਹਾਰਾਜਾ ਰਣਜੀਤ ਸਿੰਘ ਉਹਨਾਂ ਦੇ ਪਿਤਾ ਮਹਾਂ ਸਿੰਘ, ਉਹਨਾਂ ਦੇ ਪਿਤਾ ਚੜ੍ਹਤ ਸਿੰਘ। ਪਤਾ ਚਲਦਾ ਸੀ ਕਿ ਖਾਨਦਾਨ ਵਿਚ ਬੀਰ ਰਸ ਚੱਲ ਰਿਹਾ ਹੈ। ਸਾਡੇ ਨਾਂ ਸਾਡੀ ਸੋਚ ਤੇ ਬਹੁਤ ਗਹਿਰਾ ਪ੍ਰਭਾਵ ਪਾਉਂਦੇ ਹਨ।ਅਣਗਹਿਲੀ ਵਿਚ ਰੱਖਿਆ ਹੋਇਆ ਨਾਂ ਬੱਚਿਆਂ ਦੀ ਨਿਆਣੀ ਉਮਰ ਵਿਚੋਂ ਉਹਨਾਂ ਦੇ ਵਿਕਾਸ'ਤੇ ਬਹੁਤ ਬੁਰਾ ਅਸਰ ਪਾਉਂਦਾ ਹੈ।ਤੁਸੀਂ ਸੋਚ ਵੀ ਨਹੀਂ ਸਕਦੇ ਕਿ ਤੁਹਾਨੂੰ ਹਰ ਵਕਤ ਤੁਹਾਡੇ ਨਾਮ ਅਨੁਸਾਰ ਚੱਲਣ ਦੀ ਹਦਾਇਤ ਕੀਤੀ ਜਾਂਦੀ ਹੈ, ਨਹੀਂ ਤਾਂ ਲੋਕ ਇਕ ਮਿੰਟ ਨਹੀਂ ਲਾਉਂਦੇ ਕਹਿਣ ਨੂੰ ਕਿ ਨਾਮ ਰੱਬ ਵਾਲਾ ਤੇ ਕੰਮ ਚੋਰਾਂ ਵਾਲੇ। ਨਾਮ ਪੂਰੇ ਲੈਣੇ ਚਾਹੀਦੇ ਹਨ।ਛੋਟੇ ਹੁੰਦੇ ਕਾਕਾ ਕਹਿਣ ਵਾਲੇ ਨੂੰ ਵਿਆਹ ਤੋਂ ਬਾਅਦ ਵੀ ਕਾਕਾ ਹੀ ਕਹੀ ਜਾਂਦੇ ਹਨ। ਖੈਰ ਨਾਮ ਦੀ ਚੋਣ ਸਹੀ ਅਤੇ ਸੁਹਜ ਨਾਲ ਹੋਣੀ ਚਾਹੀਦੀ ਹੈ।

ਜੇਕਰ ਸਾਨੂੰ ਇਹ ਭੁਲੇਖਾ ਪੈ ਜਾਵੇ ਕਿ ਆਪਣਾ ਨਾਮ ਹੀ ਸਭ ਕੁਝ ਹੈ ਤਾਂ ਇਸਤੋਂ ਪਿੱਛਾ ਛੁਡਾਉਣਾ ਬੜਾ ਔਖਾ ਹੈ।ਆਪਣੇ ਨਾਮ ਤੋਂ ਮਤਲਬ ਕਿ ਮੇਰਾ ਨਾਂ। ਪਰ ਸੱਚੀ ਕੋਈ ਨਾਂ ਹੈ ਤੁਹਾਡਾ? ਜਿਹੜਾ ਨਾਂ ਤੁਸੀਂ ਲੈ ਰਹੇ ਹੋ, ਉਹ ਤਾਂ ਤੁਹਾਡੇ ਸਰੀਰ ਦਾ ਨਾਮ ਹੈ, ਜਿਹੜਾ ਦ੍ਰਿਸ਼ਮਾਨ ਹੈ ਪਰ ਅੰਦਰ ਜੋ ਸਾਡੇ ਵਿਚ ਬੋਲ ਰਿਹਾ ਹੈ, ਉਸਦਾ ਨਾਮ ਕੀ ਹੈ? ਕੀ ਕਹੋਗੇ ਉਸਦਾ ਨਾਂ? ਪ੍ਰਮਾਤਮਾ ਸਭ ਦੇ ਅੰਦਰ ਹੈ ਤੇ ਬਾਹਰ ਵੀ। ਲੋਕ ਇਸ ਭੁਲੇਖੇ ਵਿਚ ਨੇ ਕਿ ਅਸੀਂ ਆਪਣੇ ਸਰੀਰ ਨੂੰ ਨਿਯੰਤਰਣ ਕਰ ਰਹੇ ਹਾਂ ਪਰ ਜਦੋਂ ਕੋਈ ਐਸੀ ਬਿਮਾਰੀ ਆਣ ਖੜ੍ਹਦੀ ਹੈ ਕਿ ਸੁਰਤ ਤਾਂ ਹੁੰਦੀ ਹੈ ਪਰ ਤੁਹਾਡਾ ਜੋਰ ਕੋਈ ਨੀ ਹੁੰਦਾ ਪਰ ਅੰਦਰ ਇਕ ਲਹਿਰ ਨਿਰੰਤਰ ਚਲਦੀ ਰਹਿੰਦੀ ਹੈ। ਉਹ ਲਹਿਰ ਇਸ ਸਰੀਰ ਵਿਚੋਂ ਨਿਕਲ ਕੇ ਅਗਲੇ ਵਿਚ ਚਲੀ ਜਾਂਦੀ ਹੈ। ਸਰੀਰ ਵੀ ਮਿੱਟੀ ਹੋ ਜਾਂਦਾ ਹੈ ਤੇ ਨਾਂ ਵੀ ਉਸੇ ਸਰੀਰ ਨਾਲ ਮਿੱਟੀ ਹੋ ਜਾਂਦਾ ਹੈ। ਬਾਕੀ ਬਚਦਾ ਉਹ ਹੈ ਯਾਦ। ਕੰਮ ਸਹੀ ਕੀਤੇ ਤੁਹਾਡੇ ਸਰੀਰ ਨੇ ਜਾਂ ਤੁਹਾਡੇ ਨਾਂ ਨੇ ਤਾਂ ਲੋਕ ਉਸੇ ਨਾਮ ਨੂੰ ਪੁਕਾਰ ਕੇ ਚੰਗਾ ਕਹਿੰਦੇ ਤੇ ਕਈ ਸਾਲਾਂ ਤੱਕ ਯਾਦ ਕਰਦੇ ਪਰ ਮਾੜੇ ਕੀਤੇ ਤਾਂ ਵੀ ਯਾਦ ਕਰਦੇ ਪਰ ਨਮੋਸ਼ੀ ਨਾਲ।ਇੱਥੇ ਇਕ ਗੱਲ ਜਿਕਰਯੋਗ ਹੈ ਕਿ ਉਸਦਾ ਗਏ ਹੋਏ ਬੰਦੇ ਨਾਲ ਕੋਈ ਸਰੋਕਾਰ ਨਹੀਂ ਪਰ ਉਸਦੇ ਦੁਨਿਆਵੀ ਨਾਂ ਨਾਲ ਜ਼ਰੂਰ ਹੈ। ਦੋਸਤੋ ਅਸੀਂ ਉਸ ਮਹਾਂਸਾਗਰ ਦੀ ਇਕ ਬੂੰਦ ਹਾਂ ਜਿਸਦਾ ਕੋਈ ਅੰਤ ਨਹੀਂ। ਉਸ ਬੂੰਦ ਨੂੰ ਇਹ ਕਹਿਣਾ ਕਿ ਇਹ ਮਹਾਂਸਾਗਰ ਹੈ, ਇਹ ਸੱਚ ਹੈ ਕਿਉਂਕਿ ਉਹ ਉਸਦਾ ਅਟੁੱਟ ਅੰਗ ਹੈ ਪਰ ਬੂੰਦ ਸਮਝ ਲਵੇ ਕਿ ਮੇਰੇ ਨਾਲ ਹੀ ਮਹਾਂਸਾਗਰ ਹੈ, ਇਸਦਾ ਅੰਤ ਕਰੀਬ ਹੈ।

ਬਾਬਾ ਬੁੱਲ੍ਹੇ ਸ਼ਾਹ ਨੇ ਸਾਡੇ ਮੈਂ ਵਾਲੀ ਸੋਚ 'ਤੇ ਗਹਿਰੀ ਸੱਟ ਮਾਰੀ ਹੈ ਕਿ ਅਸੀਂ ਜੋ ਹਵਾਈ ਕਿਲੇ ਉਸਾਰਦੇ ਹਾਂ ਕਿ ਮੇਰੇ ਨਾਂ ਬਣਨ ਤੋਂ ਬਾਅਦ ਐਵੇਂ ਹੋ ਜਾਊ ਪਰ ਇਹ ਨਹੀਂ ਮੁੱਕਦੀ। ਕਹਿੰਦੇ ਨੇ-

ਫੁੱਲਾਂ ਦਾ ਤੂੰ ਅਤਰ ਬਣਾ, ਅਤਰ ਦਾ ਤੂੰ ਕੱਢ ਦਰਿਆ।
ਦਰਿਆ ਦੇ ਵਿਚ ਫਿਰ ਗੋਤੇ ਲਾ, ਮੱਛੀਆਂ ਵਾਂਗੂੰ ਤਾਰੀਆਂ ਲਾ।
ਫੇਰ ਵੀ ਤੇਰੀ ਬੋ ਨਹੀਂ ਮੁੱਕਣੀ, ਪਹਿਲੋਂ ਆਪਣੀ ਮੈਂ ਮੁਕਾ।

# ਪਰਦੇਸ ਟਾਇਮਜ਼ ਦੀ 13ਵੀਂ ਵਰ੍ਹੇਗੰਢ ਮਨਾਈ

**(ਸਫਾ 1 ਦੀ ਬਾਕੀ)**

ਦੀ ਮਦਦ ਨਾਲ ਅਸੀਂ 35000 ਅਖਬਾਰ ਛਪਵਾ ਕੇ ਨਗਰ ਕੀਰਤਨ ਵਿਚ ਨਵੰਬਰ 6, 2006 ਨੂੰ ਐਤਵਾਰ ਵਾਲੇ ਦਿਨ ਵੰਡੀ ਤੇ ਸ਼ੁਰੂਆਤ ਕੀਤੀ। ਉਸ ਤੋਂ ਮਗਰੋਂ ਸਾਡੇ ਨਾਲ ਗੁਰਨਾਮ ਸਿੰਘ ਪੰਮਾ, ਜਸਵੀਰ ਸਿੰਘ ਕੁਲਾਰ (ਕਿੰਵੀ ਕਿੰਗ ਯੂਬਾ ਸਿਟੀ), ਹਰਦੀਪ ਢਾਡਲੀ, ਕੁਲਦੀਪ ਅਟਵਾਲ, ਦਲਵੀਰ ਗਿੱਲ, ਢਿੱਲੋਂ ਬ੍ਰਦਰਜ਼ ਤੇ ਇਕ ਦੋ ਸਾਲਾਂ ਦੇ ਸਫਰ ਮਗਰੋਂ ਸਾਡੇ ਨਾਲ ਜੁੜੇ ਸ. ਸਰਬਜੀਤ ਥਿਆੜਾ (ਕਬੱਡੀ ਪ੍ਰਮੋਟਰ), ਸਰਬਜੀਤ ਸਿੰਘ ਸਾਬੀ ਤੇ ਸਾਰੇ ਸਾਥੀ ਹਰਜੀਤ ਗਿੱਲ, ਮੱਲ੍ਹੀ ਸਾਹਿਬ ਤੇ ਹੋਰ ਬੇਅੰਤ ਸੱਜਣ। ਇਹਨਾਂ ਦੀ ਮਦਦ ਨਾਲ ਅਖਬਾਰ ਨੇ ਇੰਨੇ ਵਰ੍ਹੇ ਬਹੁਤ ਹੀ ਸੌਖੇ ਕੱਢੇ ਤੇ ਬੇ-ਏਰੀਆ ਤੋਂ ਸਾਡੇ ਸਾਰੇ ਐਡਵਰਟਾਈਜ਼ਰ, ਜੋ ਪਹਿਲੇ ਦਿਨ ਤੋਂ ਪ੍ਰੀਤ ਫੈਬਰਿਕਸ, ਮਾਨ ਇੰਸ਼ੋਰੈਂਸ, ਅਮਨਿੰਦਰ ਸਿੰਘ, ਦਰਸ਼ਨ ਔਜਲਾ, ਜਸਵੀਰ ਸਿੰਘ ਤੱਖਰ, ਕੈਸ਼ ਫੈਬਰਿਕਸ ਭੁਪਿੰਦਰ ਪਦਮ, ਭੁਪਿੰਦਰ ਪਰਮਾਰ, ਜਸਪ੍ਰੀਤ ਸਿੰਘ ਅਟਾਰਨੀ, ਤਨਵੀਰ ਜੋਸ਼ੀ ਅਟਾਰਨੀ, ਲਾਲੜੀਆ (ਨਵਾਂ ਸ਼ਹਿਰ ਵਾਲੇ), ਸੈਨਹੋਜੇ ਤੋਂ ਜਸਵੰਤ ਸਿੰਘ ਹੋਠੀ, ਬਿੱਲਾ ਸੰਘੇੜਾ, ਬਘੇਲ ਸਿੰਘ ਜਸਵਾਲ, ਗੁਰਵਿੰਦਰ ਸਿੰਘ ਮਾਵੀ (ਸਟੇਟ ਫਾਰਮ), ਰਾਜ ਬਡਵਾਲ, ਕਿਰਪਾਲ ਸਿੰਘ ਅਟਵਾਲ, ਪ੍ਰੀਤਮ ਸਿੰਘ ਗਰੇਵਾਲ, ਬਹਾਦਰ ਦਿਓਲ ਤੇ ਬੇਅੰਤ ਹੋਰ ਸੱਜਣ ਜੁੜੇ।

ਅਸੀਂ ਲਿਖਣ ਵਾਲਿਆਂ ਦੀ ਟੀਮ ਵਿਚ ਸੁਰਿੰਦਰ ਸਿੰਘ ਧਨੋਆ, ਜਗਤਾਰ ਗਿੱਲ, ਹੁਣੇ ਹੁਣੇ ਰਾਮ ਹਰਸਿਮਰਨ ਸਿੰਘ ਜੁੜਿਆ ਹੈ। ਸੁਰਿੰਦਰ ਸੁੰਨੜ, ਡਾ. ਅਜੀਤ ਸਿੰਘ ਕੋਟਕਪੂਰਾ, ਦੇਵ ਘੋਲੀਆ (ਫਰਿਜ਼ਨੋ), ਡਾ. ਦਲਬੀਰ ਪੰਨੂ, ਪ੍ਰੋਫੈਸਰ ਚਰਨਜੀਤ ਸਿੰਘ ਪੰਨੂ, ਗੁਰਪਾਲ ਹੰਸਰਾ, ਯੂਨੀਅਨ ਸਿਟੀ ਤੋਂ ਨਰਿੰਦਰ ਬਾਦਲ, ਅਮੋਲਕ ਸਿੰਘ ਗਾਖਲ, ਹੈਰੀ ਸਿੱਧੂ, ਹਰਦੀਪ ਔਲਖ, ਰਾਣਾ ਕਾਹਲੋਂ, ਹਿਊਸਟਨ ਤੋਂ ਗੁਰਨਾਮ ਸੰਧਰ, ਓਹਾਈਓ ਤੋਂ ਮਨਮੋਹਨ ਸਿੰਘ (ਭਾਰਤ ਸਰਕਾਰ ਦੇ ਇਕ ਉਚ ਅਧਿਕਾਰੀ), ਪਾਲੀ ਧਨੌਲਾ, ਪਰਮਪਾਲ ਸਿੰਘ ਪੰਜਾਬੋਂ, ਬਲਜੀਤ ਸਿੰਘ ਸਿੱਧੂ ਐਸ. ਪੀ. ਪੁਲਿਸ ਜੋ ਵਧੀਆ ਲਿਖਦੇ ਹਨ, ਸੰਜੀਵ ਗਰਗ ਧਨੌਲਾ ਤੋਂ ਲਿਖਦੇ ਹਨ। ਨਿਰਮਲ ਸਿੰਘ ਲਾਲੀ ਯੂਬਾ ਸਿਟੀ, ਤਾਰਾ ਸਾਗਰ, ਨੀਲਮ ਸੈਣੀ, ਹਰਭਜਨ ਢਿੱਲੋਂ, ਕੁਲਵਿੰਦਰ (ਗਜ਼ਲਗੋ), ਅਸ਼ਰਫ ਗਿੱਲ ਫਰਿਜ਼ਨੋ ਤੋਂ, ਮਾਸਟਰ ਲਛਮਣ ਸਿੰਘ ਰਾਠੌਰ ਫਰਿਜ਼ਨੋ, ਗੋਗੀ ਭੇਲਾ ਹੇਵਰਡ, ਮੂਨ ਰੈਸਟੋਰੈਂਟ ਤੋਂ ਪਾਲ ਸ਼ਰਮਾ, ਰਾਮਪਾਲ ਸਿੰਘ ਟੈਕਸ ਵਾਲੇ, ਕੁਲਵੀਰ ਦੁਸਾਂਝ, ਸੁਰਿੰਦਰ ਉਪਲ, ਗੈਰੀ ਬਸਰਾਏ, ਗਿਆਨੀ ਰਵਿੰਦਰ ਸਿੰਘ, ਮੱਖਣ ਬੈਂਸ, ਕੁਲਵੰਤ ਨਿੱਜਰ, ਸਰਬਜੀਤ ਸਰਾਓ, ਜਿੰਦਰ ਜੌਹਲ, ਕਮਲ ਖੰਗੂੜਾ, ਸੁੱਖੀ ਜੀ ਤੇ ਹੋਰ ਬਹੁਤ ਸਾਰੇ ਸੱਜਣਾਂ ਨੇ ਇਸ ਅਖਬਾਰ ਨੂੰ ਮਾਇਕ ਤੇ ਹੋਰ ਕਈ ਤਰੀਕਿਆਂ ਨਾਲ ਮਦਦ ਦੇ ਕੇ ਚਲਾਇਆ ਤੇ ਤਰੱਕੀ ਕਰ ਰਹੇ ਹੋਰ ਵਰ੍ਹਿਆਂ ਵਿਚ ਮਨਜੀਤ ਸਿੰਘ ਸੰਧੂ, ਮਹਿੰਗਾ ਸਿੰਘ ਸਰਪੰਚ, ਅਵਤਾਰ ਸਿੰਘ ਤਾਰੀ ਤੇ ਯੂਬਾ ਸਿਟੀ ਤੋਂ ਮੇਰੇ ਛੋਟੇ ਭਰਾ ਅਵਤਾਰ ਸਿੰਘ ਸਹੋਤਾ ਤਾਰੀ (ਏਲੀਅਨਸ ਟਰੱਕਿੰਗ), ਸ. ਜੌਹਨ ਸਿੰਘ ਗਿੱਲ, ਹਰਨੇਕ ਸਿੰਘ ਅਟਵਾਲ ਅਤੇ ਹੇਵਰਡ ਤੋਂ ਕਮਲਜੀਤ ਅਟਵਾਲ, ਸੁਰਿੰਦਰ ਸਿੰਘ ਅਟਵਾਲ ਟਰੇਸੀ ਤੋਂ, ਮੰਨਾ ਥਿਆੜਾ, ਐਚ. ਐਸ. ਭਜਨ ਸੈਨਹੋਜ਼ੇ ਤੋਂ, ਡਾ. ਚਰਨਜੀਤ ਸਿੰਘ ਉਪਲ, ਡਾ. ਭੰਡਾਰੀ ਸਾਹਿਬ, ਸ੍ਰੀ ਸੁੱਚਾ ਰਾਮ ਜੀ, ਬਲਦੇਵ ਮਾਨ (ਪਾਲੋ ਆਲਟੋ ਵਾਲੇ), ਨਰਿੰਦਰ ਦੁਸਾਂਝ ਯੂਬਾ ਸਿ ਤੋਂ, ਬਲਬੀਰ ਸਿੰਘ ਸੋਹਲ, ਕੁਲਦੀਪ ਸਿੰਘ ਸਹੋਤਾ ਐਮ. ਏ. (ਡੀ. ਪੀ. ਆਈ.), ਅਨੂਪ ਸਿੰਘ ਚੀਮਾ, ਕਸ਼ਮੀਰ ਸਿੰਘ ਸ਼ਾਹੀ, ਨਰਪਾਲ ਸਿੰਘ (ਸਵਰਗੀ ਗੁਰਬਚਨ ਸਿੰਘ ਢਿੱਲੋਂ)। ਮਰਸਡ ਤੋਂ ਕੁਲਦੀਪ ਸਿੰਘ ਅਟਵਾਲ, ਸਰਬਜੀਤ ਸਿੰਘ ਅਟਵਾਲ, ਕਰਦਰਜ਼ ਤੋਂ ਚਰਨਜੀਤ ਸਿੰਘ ਬਾਠ, ਡਾ. ਨਿੰਦੀ ਸੰਧੂ, ਯੂਬਾ ਸਿਟੀ ਤੋਂ ਇੰਦਰਜੀਤ ਸਿੰਘ ਮਾਨ (ਪੰਜਾਬ ਇੰਸ਼ੋਰੈਂਸ) ਆਦਿ।

ਮੈਂ ਬਹੁਤ ਹੀ ਮਾਫੀ ਚਾਹਾਂਗਾ ਜੇ ਕਿਸੇ ਵੀ ਭਰਾ ਦਾ ਮੈਂ ਨਾਂ ਭੁੱਲ ਗਿਆ ਹੋਵਾਂ। ਕਿਰਪਾ ਕਰਕੇ ਯਾਦ ਕਰਵਾ ਦੇਦਾ ਤਾਂ ਕਿ ਜ਼ਿੰਦਗੀ ਵਿਚ ਤੁਹਾਡੇ ਅਹਿਸਾਨ ਮੈਂ ਹਰ ਵੇਲੇ ਆਪਣੇ ਕੋਲ ਰੱਖ ਸਕਾਂ।

ਲਾਸ ਏਂਜਲਸ ਤੋਂ ਕਵੀ ਰਾਜ਼ (ਐਕਟਰ, ਡਾਇਰੈਕਟਰ ਤੇ ਹੋਰ ਕਈ ਪ੍ਰਕਾਰ ਦੇ ਸਿਨੇਮਾ ਨਾਲ ਜੁੜੇ ਸੱਜਣਾਂ) ਦਾ ਵੀ ਮੈਂ ਧੰਨਵਾਦੀ ਹਾਂ ਤੇ ਉਹਨਾਂ ਸਾਰੇ ਮਿੱਤਰਾਂ-ਦੋਸਤਾਂ ਦਾ ਜਿਹਨਾਂ ਨੇ ਸਾਡਾ 12 ਸਾਲ ਸਾਥ ਦਿੱਤਾ ਤੇ ਸਾਨੂੰ ਟੀਸੀ ਤੇ ਪਹੁੰਚਾ ਦਿੱਤਾ। ਹੁਣ ਇਕ ਸੰਸਥਾ ਬਣ ਚੁੱਕਾ 'ਪਰਦੇਸ ਟਾਇਮਜ਼' ਨੂੰ ਤੁਸੀਂ ਵੇਖ ਸਕਦੇ ਹੋ।

ਸਾਡੇ ਮੀਡੀਆ ਪਾਰਟਨਰ ਜਗਦੇਵ ਭੰਡਾਲ (ਗਰਵ ਪੰਜਾਬ), ਜਸਵੀਰ ਭੰਵਰਾ, ਰਾਜ ਬਡਵਾਲ, ਬੂਟਾ ਰਾਮ ਜੋਸ਼ੀ (ਫਰਿਜ਼ਨੋ) ਦਾ ਮੈਂ ਬਹੁਤ ਹੀ ਧੰਨਵਾਦੀ ਹਾਂ ਜੋ ਸਮੇਂ ਤੇ ਫੋਟੋਆਂ ਤੇ ਖਬਰਾਂ ਘੱਲਦੇ ਰਹਿੰਦੇ ਹਨ। ਜਿਹਨਾਂ ਦੇ ਕਾਰਨ ਨੇੜਲੇ ਇਲਾਕਿਆਂ ਦੀਆਂ ਖਬਰਾਂ ਲੱਗਦੀਆਂ ਹਨ। ਮੈਂ ਅੱਜ ਇਸ ਅਖਬਾਰ ਨੂੰ ਤੇਰ੍ਹਵੇ ਵਰ੍ਹੇ ਵਿਚ ਜਾਣ ਦੀ ਖੁਸ਼ੀ ਵਿਚ ਸਾਰੇ ਆਪਣੇ ਵੀਰਾਂ, ਭੈਣਾਂ, ਪਾਠਕਾਂ, ਐਡਵਰਟਾਈਜ਼ਰਾਂ, ਸਪਾਂਸਰਾਂ ਦਾ ਤੇ ਸਾਥ ਦੇਣ ਵਾਲੇ ਜਸਪਾਲ ਸਿੰਘ ਸੈਣੀ, ਬਾਪੂ ਦਿਲਬਾਗ ਸਿੰਘ ਰੰਧਾਵਾ (ਸਰਪ੍ਰਸਤ ਪਰਦੇਸ ਟਾਇਮਜ਼), ਰਣਜੀਤ ਕੰਦੋਲਾ ਜੋ ਹਰ ਪਾਸਿਉਂ ਮਦਦ ਕਰਦੇ ਹਨ ਤੇ ਹੁਣ ਇਕ ਨਵਾ ਜੋਸ਼ ਰਾਮ ਹਰਸਿਮਰਨ ਸਿੰਘ ਜੋ ਹਰ ਵੇਲੇ ਲਿਖਣ ਲਈ ਤੱਤਪਰ ਰਹਿੰਦਾ ਹੈ, ਦਾ ਵੀ ਧੰਨਵਾਦੀ ਹਾਂ।

ਉਮੀਦ ਕਰਦਾ ਹਾਂ ਕਿ ਅਗਲੇਰੇ ਸਾਲਾਂ ਵਿਚ ਅਸੀਂ ਇਕ ਚੰਗਾ ਅਖਬਾਰ ਤੁਹਨੂੰ ਦਿੰਦੇ ਰਹਾਂਗੇ।

ਜਨਵਰੀ ਤੋਂ ਅਖਬਾਰ ਦੇ ਪੰਨਿਆਂ ਵਿਚ ਕਾਫੀ ਬਦਲਾਅ ਹੋਣਗੇ, ਤੁਹਾਨੂੰ ਚੰਗੇ ਲੱਗਣਗੇ।

ਸ਼ੁਭ ਇੱਛਾਵਾਂ ਸਹਿਤ, ਧੰਨਵਾਦ


**-ਬਲਬੀਰ ਸਿੰਘ ਐਮ. ਏ.**
**ਮੁੱਖ ਸੰਪਾਦਕ**

# ਸੱਜਣ ਕੁਮਾਰ ਨੂੰ ਸਜਾ ਦੇ ਫ਼ੈਸਲੇ ਨਾਲ ਥੋੜ੍ਹੀ ਰਾਹਤ, ਪਰ ਸੰਘਰਸ ਜਾਰੀ ਰੱਖਣਗੇ ਦੰਗਾ ਪੀੜਤ

ਨਵੀਂ ਦਿੱਲੀ- ਦਿੱਲੀ ਹਾਈ ਕੋਰਟ ਵੱਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ '84 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਇਕ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਨੂੰ ਦੰਗਾ ਪੀੜਤਾਂ ਨੇ ਆਰਜ਼ੀ ਰਾਹਤ ਦੱਸਿਆ ਹੈ। ਪੀੜਤਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਫੈਸਲੇ ਨਾਲ ਥੋੜ੍ਹੀ ਰਾਹਤ ਜ਼ਰੂਰ ਮਿਲੀ ਹੈ, ਪਰ ਉਨ੍ਹਾਂ ਵੱਲੋਂ ਨਿਆਂ ਲਈ ਵਿੱਢੀ ਲੜਾਈ ਜਾਰੀ ਰਹੇਗੀ। ਦੰਗਾ ਪੀੜਤਾਂ ਨੇ ਕਿਹਾ ਕਿ ਉਨ੍ਹਾਂ ਨੂੰ 34 ਸਾਲਾਂ ਦੀ ਲੰਮੀ ਉਡੀਕ ਮਗਰੋਂ ਨਿਆਂ ਮਿਲਿਆ ਹੈ, ਪਰ ਇਸ ਦੌਰਾਨ ਜਿੱਥੇ ਉਨ੍ਹਾਂ ਨੂੰ ਕਈ ਪਾਸਿਓਂ ਧਮਕੀਆਂ ਮਿਲ-ਦੀਆਂ ਰਹੀਆਂ, ਉਥੇ ਉਨ੍ਹਾਂ 'ਤੇ ਲਗਾਤਾਰ ਜ਼ੁਲਮ ਵੀ ਕੀਤੇ ਗਏ। ਜਗਦੀਸ਼ ਕੌਰ ਤੇ ਨਰਪ੍ਰੀਤ ਕੌਰ, ਜਿਨ੍ਹਾਂ ਦੇ ਪਰਿਵਾਰ '84 ਦੇ ਦੰਗਿਆਂ (ਜਿਸ ਵਿੱਚ ਕਰੀਬ ਤਿੰਨ ਹਜ਼ਾਰ ਲੋਕ ਮਾਰੇ ਗਏ) ਦੌਰਾਨ ਤਬਾਹ ਹੋ ਗਏ, ਨੇ ਕਿਹਾ ਕਿ 34 ਸਾਲ ਦਾ ਅਰਸਾ ਲੰਮਾ ਸਮਾਂ ਹੁੰਦਾ ਹੈ, ਪਰ ਉਹ 'ਮੁਲਜ਼ਮਾਂ ਨੂੰ ਬੇਨਕਾਬ' ਕਰਨ ਲਈ ਦ੍ਰਿੜ੍ਹ ਹਨ ਤੇ ਨਿਆਂ ਲਈ ਉਨ੍ਹਾਂ ਦੀ ਲੜਾਈ ਅੱਗੇ ਵੀ ਜਾਰੀ ਰਹੇਗੀ। ਜਗਦੀਸ਼ ਕੌਰ ਨੇ ਕਿਹਾ, 'ਹਾਈ ਕੋਰਟ ਦੇ ਫੈਸਲੇ ਨਾਲ ਥੋੜ੍ਹੀ ਰਾਹਤ ਮਿਲੀ ਹੈ। ਅਰਦਾਸ ਕਰਦੀ ਹਾਂ ਕਿ ਕਿਸੇ ਨਾਲ ਵੀ ਇੰਨਾ ਧੱਕਾ (ਅਨਿਆਂ) ਨਾ ਹੋਵੇ, ਜਿੰਨਾ ਅਸੀਂ ਇੰਨੇ ਸਾਲਾਂ ਦੌਰਾਨ ਪਿੰਡੇ 'ਤੇ ਹੰਢ-ਾਇਆ ਹੈ।' ਸੱਜਣ ਕੁਮਾਰ ਨੂੰ ਦੰਗਿਆਂ ਦੌਰਾਨ 1 ਤੇ 2 ਨਵੰਬਰ ਨੂੰ ਦੱਖਣ ਪੱਛਮੀ ਦਿੱਲੀ ਦੀ ਪਾਲਮ ਕਲੋਨੀ ਦੇ ਰਾਜ ਨਗਰ -1 ਖੇਤਰ ਵਿੱਚ ਜਗਦੀਸ਼ ਕੌਰ ਦੇ ਪਤੀ ਕੇਹਰ ਸਿੰਘ, ਪੁੱਤ ਗੁਰਪ੍ਰੀਤ ਸਿੰਘ ਤੇ ਰਿਸ਼ਤੇਦਾਰੀ 'ਚੋਂ ਤਿੰਨ ਭਰਾਵਾਂ ਰਘੁਵੇਂਦਰ ਸਿੰਘ, ਨਰਿੰਦਰ ਪਾਲ ਸਿੰਘ ਤੇ ਕੁਲਦੀਪ ਸਿੰਘ ਦੀਆਂ ਹੱਤਿਆਵਾਂ ਤੇ ਰਾਜ ਨਗਰ 2 ਦੇ ਗੁਰਦੁਆਰੇ ਨੂੰ ਸਾੜਨ ਨਾਲ ਸਬੰਧਤ ਮਾਮਲੇ ਵਿੱਚ ਦੋਸ਼ੀ ਠਹਿਰਾਉਂਦਿਆਂ ਸਜ਼ਾ ਸੁਣਾਈ ਗਈ ਹੈ।




ਉਧਰ ਨਰਪ੍ਰੀਤ ਕੌਰ, ਜਿਸ ਦੇ ਪਿਤਾ ਨੂੰ ਉਹਦੇ ਹੀ ਸਾਹਮਣੇ ਜਿਉਂਦਾ ਸਾੜ ਦਿੱਤਾ ਗਿਆ ਸੀ, ਨੇ ਕਿਹਾ, 'ਫ਼ੈਸਲੇ ਨਾਲ ਕੁਝ ਰਾਹਤ ਮਿਲੀ ਹੈ, ਪਰ ਅਸੀਂ ਇਸ ਫ਼ੈਸਲੇ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹਾਂ। ਸਾਨੂੰ ਇਹ ਨਿਆਂ ਪਹਿਲਾਂ ਮਿਲ ਜਾਣਾ ਚਾਹੀਦਾ ਸੀ, ਪਰ ਬਹੁਤ ਦੇਰ ਹੋ ਗਈ। ਮੇਰੇ ਪਿਤਾ ਨੂੰ ਸਮਝੌਤਾ ਕਰਨ ਦਾ ਕਹਿ ਕੇ ਬਾਹਰ ਬੁਲਾਇਆ ਗਿਆ ਸੀ ਤੇ ਜਿਉਂਦੇ ਸਾੜ ਦਿੱਤਾ। ਉਨ੍ਹਾਂ ਤਿੰਨ ਵਾਰ ਖ਼ੁਦ ਨੂੰ ਬਚਾਉਣ ਦਾ ਯਤਨ ਕੀਤਾ, ਪਰ ਉਨ੍ਹਾਂ (ਦੰਗਾਈਆਂ) ਨੇ ਨਹੀਂ ਬਖ਼ਸ਼ਿਆ।' ਨਰਪ੍ਰੀਤ ਕੌਰ ਨੇ ਦਾਅਵਾ ਕੀਤਾ ਕਿ ਉਹਨੂੰ ਚੁੱਪ ਕਰਾਉਣ ਲਈ ਉਸ ਖ਼ਿਲਾਫ਼ ਕਈ ਫ਼ਰਜ਼ੀ ਕੇਸ ਦਰਜ ਕੀਤੇ ਗਏ ਤੇ ਉਹਨੇ ਨੌਂ ਸਾਲ ਵੱਖ ਵੱਖ ਜੇਲ੍ਹਾਂ ਵਿੱਚ ਬਿਤਾਏ। ਨਰਪ੍ਰੀਤ ਨੇ ਕਿਹਾ ਕਿ ਰਾਹ ਵਿੱਚ ਅੜਿੱਕੇ ਢਾਹੁਣ ਦੇ ਬਾਵਜੂਦ ਉਹ ਆਪਣੀ ਲੜਾਈ ਨੂੰ ਜਾਰੀ ਰੱਖੇਗੀ।




# ਅਮਰੀਕਾ ਅਤੇ ਭਾਰਤ ਦੇ ਸਬੰਧ



ਡਾਕਟਰ ਅਜੀਤ ਸਿੰਘ ਕੋਟਕਪੂਰਾ
drsinghajit@gmail.com
585-305-0443

ਵਪਾਰ ਵਸਤੂ ਵਟਾਂਦਰੇ ਦਾ ਦੂਸਰਾ ਨਾਂ ਹੈ। ਪਹਿਲਾਂ ਸਾਦਾ ਹੀ ਸੀ, ਅਸੀਂ ਇਕ ਦੂਸਰੇ ਨਾਲ ਵਸਤੂਆਂ ਵਟਾ ਲਿਆ ਕਰਦੇ ਸੀ। ਪੈਸੇ ਦੀ ਖੋਜ ਹੋਣ ਤੋਂ ਬਾਅਦ ਵਸਤੂਆਂ ਨੂੰ ਪੈਸੇ ਬਦਲੇ ਵਟਾਇਆ ਜਾਣ ਲਗਾ ਜਿਸ ਨੂੰ ਖਰੀਦ ਅਤੇ ਵੇਚ ਦਾ ਨਾ ਦਿੱਤਾ ਗਿਆ। ਵਸਤੂਆਂ ਦੀ ਖਰੀਦ ਕਰਨ ਵਾਲੇ ਨੂੰ ਖਰੀਦਦਾਰ ਅਤੇ ਵੇਚਣ ਵਾਲੇ ਨੂੰ ਵਿਕਰੀ ਕਰਨ ਵਾਲਾ ਜਾਂ ਵਪਾਰੀ ਆਖਿਆ ਜਾਣ ਲਗਾ। ਜਿਵੇਂ ਜਿਵੇਂ ਨਵੀਆਂ ਵਸਤੂਆਂ ਲੱਭਦੀਆਂ ਗਈਆਂ ਲੋਕਾਂ ਦੀ ਉਨ੍ਹਾਂ ਪ੍ਰਤੀ ਖਿੱਚ ਵਧਦੀ ਗਈ, ਵਪਾਰ ਵੀ ਸ਼ੁਰੂ ਅਗੇ ਵਲ ਕਦਮ ਪੁੱਟਣ ਲੱਗਾ। ਕੁਝ ਲੋਕਾਂ ਨੇ ਵਪਾਰ ਨੂੰ ਅਪਣਾ ਲਿਆ। ਵਪਾਰੀ ਵਸਤੂਆਂ ਨੂੰ ਲੈ ਕੇ ਇਕ ਥਾਂ ਤੋਂ ਦੂਸਰੀ ਥਾਂ ਜਾਣ ਲਗੇ, ਲੋਕਾਂ ਨੂੰ ਵਸਤੂਆਂ ਬਾਰੇ ਗਿਆਨ ਹੋਇਆ, ਉਹ ਉਹਨਾਂ ਨੂੰ ਲੈਣ ਦੀ ਇੱਛਾ ਪ੍ਰਗਟ ਕਰਨ ਲੱਗੇ। ਵਸਤੂਆਂ ਦੀ ਵਰਤੋਂ ਵਧਣ ਲੱਗ ਪਈ।

ਵਪਾਰੀਆਂ ਨੇ ਵੱਖ ਵੱਖ ਥਾਵਾਂ ਤੋਂ ਵਸਤੂਆਂ ਇਕੱਠੀਆਂ ਕਰ ਇਕ ਵੇਚਣ ਦਾ ਸਥਾਨ ਬਣਾ ਲਿਆ ਅਤੇ ਟਿਕ ਕੇ ਲੋਕਾਂ ਨੂੰ ਵੇਚਣ ਲੱਗ ਪਏ। ਇਸ ਤਰਾਂ ਨਾਲ ਮੰਡੀਆਂ ਅਤੇ ਛੋਟੇ ਬਾਜ਼ਾਰ ਹੋਂਦ ਵਿਚ ਆ ਗਏ। ਵਸਤੂਆਂ ਵਿਕਣ ਲਗੀਆਂ ਤਾਂ ਉਨ੍ਹਾਂ ਵਿਚ ਸੁਧਾਰ ਆਇਆ, ਹੋਰ ਲੋਕੀਂ ਉਨ੍ਹਾਂ ਵਲ ਖਿਚੇ ਜਾਣ ਲੱਗ ਪਏ। ਲੋਕਾਂ ਅੰਦਰ ਵਸਤੂਆਂ ਪ੍ਰਤੀ ਖਿੱਚ ਪੈਦਾ ਕਰਨ ਲਈ ਇਸ਼ਤਿਹਾਰ ਬਾਜ਼ੀ ਦਾ ਸਹਾਰਾ ਲਿਆ ਜਾਣ ਲਗਾ। ਇਸ ਤਰਾਂ ਸ਼ੁਰੂ ਹੋਇਆ ਵਪਾਰ ਹੱਦਾਂ ਸਰਹੱਦਾਂ ਨੂੰ ਟੱਪਣ ਲਗਾ ਜਿਸ ਨਾਲ ਕੌਮੀ ਅਤੇ ਕੌਮਾਂਤਰੀ ਵਪਾਰ ਨੇ ਸਿਰ ਚੁੱਕਿਆ। ਵੱਖਰੇ ਵੱਖਰੇ ਦੇਸ਼ਾਂ ਨੇ ਇਸ ਅੰਤਰ ਰਾਸ਼ਟਰੀ ਵਪਾਰ ਲਈ ਵੱਖਰੀਆਂ ਵੱਖਰੀਆਂ ਪਾਬੰਦੀਆਂ ਕਾਨੂੰਨਾਂ ਦੇ ਰੂਪ ਵਿਚ ਲਾ ਦਿਤੀਆਂ ਅਤੇ ਸਮੇਂ ਦੀਆਂ ਸਰਕਾਰਾਂ ਨੇ ਇਸ ਵੱਧ ਰਹੇ ਵਪਾਰ ਤੋਂ ਆਮਦਨ ਲੈਣ ਲਈ ਟੈਕਸ ਲਗਾਉਣੇ ਸ਼ੁਰੂ ਕਰ ਦਿਤੇ। ਹਰੇਕ ਦੇਸ਼ ਨੇ ਇਸ ਤਰ੍ਹਾਂ ਦੇ ਵਪਾਰ ਲਈ ਨੀਤੀਆਂ ਘੜੀਆਂ ਅਤੇ ਇਹ ਵਪਾਰ ਆਪਣੇ ਪੈਰ ਪਸਾਰਨ ਲੱਗਾ।

ਅਮਰੀਕਾ ਅਤੇ ਭਾਰਤ ਦਾ ਆਪਸੀ ਵਪਾਰ ਕਾਫੀ ਪੁਰਾਣਾ ਹੈ। ਹੈਰਲਡ ਏ ਗੌਲਡ ਦੇ ਅਨੁਸਾਰ ਸੰਯੁਕਤ ਰਾਜ ਅਮਰੀਕਾ ਦਾ ਪਹਿਲਾ ਸਮੁੰਦਰੀ ਜਹਾਜ਼ ਜਿਸ ਦਾ ਨਾਂ ਯੂਨਾਈਟਡ ਸਟੇਟਸ ਸੀ, ਦਸੰਬਰ ੧੭੮੫ ਵਿਚ ਫਿਲੇਡੇਲਫੀਆ ਤੋਂ ਚਲ ਕੇ ਪੋਂਡੀਚਰੀ ਵਿਚ ਪੁੱਜਾ ਸੀ। ਇਸ ਤਰ੍ਹਾਂ ਇਸ ਭਾਰਤੀ ਅਮਰੀਕੀ ਵਪਾਰ ਦੀ ਸ਼ੁਰੂਆਤ ਹੋਈ ਸੀ। ਇਸ ਨੂੰ ਸ਼ੁਰੂ ਕਰਨ ਵਿਚ ਯਾਂਕੀ ਟ੍ਰੈਡਰਜ਼ ਦਾ ਯੋਗਦਾਨ ਸੀ। ਨਿਊਯਾਰਕ ਤੋਂ ਫਿਲੇਡੇਲਫੀਆ ਅਤੇ ਹੋਰ ਪੂਰਬੀ ਤਟਾਂ ਲਈ ਵੀ ਸਮੁੰਦਰੀ ਜਹਾਜ਼ਾਂ ਰਾਹੀਂ ਸੰਪਰਕ ਸੀ ਭਾਵੇਂ ਗਿਣਤੀ ਵਿਚ ਘੱਟ ਹੀ ਸੀ। ਇਹ ਜਹਾਜ਼ ਬੰਬਈ, ਮਦਰਾਸ ਅਤੇ ਕਲਕੱਤੇ ਵਲ ਵੀ ਜਾਂਦੇ ਸਨ ਅਤੇ ਸ੍ਰੀ ਲੰਕਾ ਵਿਚ ਰੁਕਿਆ ਕਰਦੇ ਸਨ। ਡਾਕਟਰ ਸੂਸਨ ਐਸ ਬੇਅੰਜ਼ ਦੇ ਅਨੁਸਾਰ ਯਾਂਕੀ ਵੇਸਲਜ਼ ੨੫੦ ਤੋਂ ੩੫੦ ਟਨਜ਼ ਵਾਲੇ ਸਨ ਅਤੇ ਚਾਲਕ ਦਲ ਦੇ ੨੫ ਤੋਂ ੪੫ ਮੈਂਬਰ ਹੁੰਦੇ ਸਨ। ਤੁਲਨਾਤਮਕ ਤੌਰ ਤੇ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਦੇ ੮੦੦ ਤੋਂ ੧੦੦੦ ਟਨਜ਼ ਦੇ ਹੁੰਦੇ ਸਨ ਅਤੇ ਚਾਲਕ ਦਲ ਦੇ ੮੦ ਤੋਂ ੧੦੦ ਮੈਂਬਰ ਹੋਇਆ ਕਰਦੇ ਸਨ। ਚੀਨ ਦੇ ਨਾਲ ਅਮਰੀਕਾ ਦਾ ਵਪਾਰ ਵੀ ਲਗਭਗ ਉਦੋਂ ਹੀ ਸ਼ੁਰੂ ਹੋਇਆ ਦੱਸਿਆ ਜਾਂਦਾ ਹੈ। ੧੭੮੪ ਵਿਚ ਦੀ ਐਮਪਰਸ ਆਫ ਕੈਂਟਨ ਨਾਂ ਦਾ ਸਮੁੰਦਰੀ ਜਹਾਜ਼ ਨਿਊਯਾਰਕ ਤੋਂ ਚਲ ਕੈਂਟਨ ਪੁੱਜਾ ਸੀ ਅਤੇ ਚੀਨ ਨਾਲ ਵਪਾਰ ਦੀ ਸ਼ੁਰੂਆਤ ਸੀ ਭਾਵੇਂ ਇਹ ਭਾਰਤ ਨਾਲੋਂ ਮਿਕਦਾਰ ਵਿਚ ਜ਼ਿਆਦਾ ਸੀ।

੧੭੯੫ ਤੋਂ ੧੮੦੬ ਦੇ ਦਰਮਿਆਨ ਅਮਰੀਕਾ ਦੀ ਦਰਾਮਦ ੬੭ ਮਿਲੀਅਨ ਡਾਲਰ ਤੋਂ ੧੦੮ ਮਿਲੀਅਨ ਡਾਲਰ ਪੁੱਜ ਗਈ। ਮਿਸਟਰ ਬੇਅੰਜ਼ ਦੇ ਅਨੁਸਾਰ ਇਨ੍ਹਾਂ ਅੰਕੜਿਆਂ ਦੇ ਅੰਦਰ ਭਾਰਤ ਨਾਲ ਵਪਾਰ ਇਕ ਅਹਿਮ ਹਿੱਸਾ ਸੀ। ਸਮੇਂ ਸਮੇਂ 'ਤੇ ਵਪਾਰ ਵਿਚ ਉਤਾਰ-ਚੜ੍ਹਾ ਆਉਂਦੇ ਰਹੇ। ਮਿਸਟਰ ਜੈਕਬ (੧੭੭੦-੧੮੦੮) ਜਿਹੜਾ ਭਾਰਤ ਵਪਾਰ ਸ਼ੁਰੂ ਕਰਨ ਵਾਲੇ ਪਰਿਵਾਰਾਂ ਦਾ ਹਿੱਸਾ ਸੀ, ਦੇ ਅਨੁਸਾਰ ੧੮੦੬ ਵਿਚ ਲਗਭਗ ੩੦ ਤੋਂ ੫੦ ਜਹਾਜ਼ ਪ੍ਰਤੀ ਸਾਲ ਕਲਕਤੇ ਅਤੇ ਮਦਰਾਸ ਵਲ ਵਪਾਰ ਲਈ ਜਾਇਆ ਕਰਦੇ ਸਨ, ੧੮੨੦ ਵਿਚ ਘਟ ਕੇ ੧੪ ਹਰੇਕ ਸਾਲ ਰਹਿ ਗਏ ਅਤੇ ੧੮੨੦ ਵਿਚ ਫਿਰ ਸਦੀ ਦੇ ਮੱਧ ਤਕ ਇਨ੍ਹਾਂ ਵਿਚ ਵਾਧਾ ਹੋ ਗਿਆ। ਇਸ ਵਾਧੇ ਦੇ ਨਾਲ ਨਾਲ ਮਦਰਾਸ, ਕਲਕਤਾ, ਬੰਬਈ ਅਤੇ ਹੋਰ ਬੰਦਰਗਾਹਾਂ ਤੇ ਦੁਭਾਸ਼ੀਏ ਅਤੇ ਵਿਚੋਲਿਆਂ ਦੀ ਲੋੜ ਮਹਿਸੂਸ ਹੋਣ ਲਗੀ। ਕੁਝ ਦੁਭਾਸ਼ੀਏ, ਜਿਹੜੇ ਈਸਟ ਇੰਡੀਆ ਕੰਪਨੀ ਦੇ ਨਾਲ ਜੁੜੇ ਹੋਏ ਨਹੀਂ ਸਨ, ਨਾਲ ਸੰਪਰਕ ਬਣਾ ਲਿਆ ਗਿਆ ਜਿਨ੍ਹਾਂ ਵਿਚ ਰਾਮ ਦੁਲਾਲ ਡੇ, ਜਿਹੜਾ ਬਾਣੀਆਂ ਸੀ ਤੇ ਵਪਾਰਕ ਗਤੀਵਿਧੀਆਂ ਦਾ ਚੰਗਾ ਜਾਣਕਾਰ ਸੀ ਅਤੇ ਗਿੱਲਮੋਰ ਐਂਡ ਕੰਪਨੀ ਦਾ ਕਰਿੰਦਾ ਸੀ, ਨੂੰ ਇਸ ਕੰਮ ਵਿਚ ਲੈ ਲਿਆ ਗਿਆ। ਇਸੇ ਤਰ੍ਹਾਂ ਇਕ ਬ੍ਰਾਹਮਣ ਜਾਤ ਦਾ ਰਾਮ ਚੰਦਰ ਜਿਹੜਾ ਉਤਰ ਅਤੇ ਦੱਖਣ ਦੇ ਵਪਾਰੀਆਂ ਨਾਲ ਚੰਗੇ ਸਬੰਧ ਰੱਖਦਾ ਸੀ ਅਤੇ ਮਿੱਠਬੋਲੜਾ ਸੀ, ਨੂੰ ਵੀ ਇਸ ਕੰਮ ਲਈ ਲੈ ਲਿਆ ਗਿਆ। ਇਸ ਤਰਾਂ ਯਾਂਕੀ ਟਰੇਡਰਜ਼ ਵਿਚ ਭਾਰਤੀ ਵੀ ਸ਼ਾਮਲ ਹੋਣ ਲੱਗ ਪਏ। ਵਪਾਰ ਵਿਚ ਵਾਧਾ ਹੋਣ ਨਾਲ ਜਿਹੜੇ ਜਹਾਜ਼ ਇਕ ਪਾਸੇ ਤੋਂ ਸਮਾਨ ਲਿਆਇਆ ਕਰਦੇ ਸਨ ਅਤੇ ਵਾਪਸ ਖ਼ਾਲੀ ਜਾਂਦੇ ਸਨ, ਭਾਰਤ ਤੋਂ ਕੱਚਾ ਮਾਲ ਲੈ ਕੇ ਜਾਣ ਲਗ ਪਏ ਅਤੇ ਤਿਆਰ ਮਾਲ ਲਿਆਉਣ ਲੱਗ ਪਿਆ ਇਸ ਤਰ੍ਹਾਂ ਵਪਾਰ ਵਿਚ ਹੋਰ ਵਾਧਾ ਦਰਜ ਕੀਤਾ ਗਿਆ।

ਇਸ ਵੱਧ ਰਹੇ ਵਪਾਰ ਕਾਰਨ ਲੋਕਾਂ ਦੀ ਆਰਥਿਕ ਹਾਲਤ ਵੀ ਸੁਧਰਨ ਲਗੀ ਸੀ। ਵਪਾਰੀਆਂ ਨੇ ਭਾਰਤੀਆਂ ਨੂੰ ਸਹੂਲਤਾਂ ਵੀ ਦੇਣੀਆਂ ਸ਼ੁਰੂ ਕੀਤੀਆਂ ਅਤੇ ਕੁਝ ਫੈਕਟਰੀਆਂ ਵੀ ਇਥੇ ਲਾਈਆਂ ਗਈਆਂ ਜਿਸ ਨਾਲ ਸਸਤੀ ਮਜ਼ਦੂਰੀ ਮਿਲਣ ਕਾਰਣ ਸਾਮਾਨ ਸਸਤਾ ਤਿਆਰ ਹੋਣ ਲੱਗਾ ਤੇ ਉਸ ਤਿਆਰ ਮਾਲ ਨੂੰ ਵਪਾਰੀ ਦੂਸਰੇ ਦੇਸ਼ਾਂ ਅੰਦਰ ਭੇਜਣ ਲਗ ਪਏ ਜਿਸ ਨਾਲ ਵਪਾਰ ਹੋਰ ਵਧਿਆ। ਇਸ ਤਰ੍ਹਾਂ ਅਮਰੀਕਾ ਅਤੇ ਦੱਖਣੀ ਏਸ਼ੀਆ ਵਿਚ ਵਧਦੇ ਵਪਾਰ ਵਿਚ ਭਾਰਤ ਨਾਲ ਵਪਾਰ ਵਿਚ ਵਾਧਾ ਮਹੱਤਵ ਰੱਖਦਾ ਹੈ। ਅੱਜ ਦੇ ਸਮੇਂ ਵੀ ਦੋਵੇਂ ਦੇਸ਼ ਇਨ੍ਹਾਂ ਸੰਬੰਧਾਂ ਨੂੰ ਮਹਤਵਪੂਰਣ ਸਮਝਦੇ ਹਨ। ਅਮਰੀਕਾ ਦੇ ਪ੍ਰੈਜ਼ੀਡੈਂਟ ਬੁਸ਼ ਦੇ ਆਮ ਤੌਰ 'ਤੇ ਭਾਰਤ ਦੇ ਦੁਸ਼ਮਣ ਸਮਝੇ ਜਾਂਦੇ ਚੀਨ ਨੂੰ ਭਾਰਤ ਦਾ ਵਪਾਰ ਵਿਚ ਮੁਕਾਬਲੇਬਾਜ਼ ਜਾਣਿਆ ਗਿਆ। ਕਈ ਮੌਕਿਆਂ ਤੇ ਭਾਰਤ ਅਮਰੀਕਾ ਦੇ ਵਪਾਰ ਵਿਚ ਮੁਸ਼ਕਿਲ ਭਰਿਆ ਸਮਾਂ ਵੀ ਆਇਆ ਜਦੋਂ ਅਮਰੀਕਾ ਨੇ ਭਾਰਤ ਦੇ ਵਿਰੋਧੀ ਪਾਕਿਸਤਾਨ ਨੂੰ ਸੈਨਿਕ ਅਤੇ ਹੋਰ ਸਾਜ਼ੋ ਸਾਮਾਨ ਦੇਣਾ ਜਾਰੀ ਰਖਿਆ। ੧੯੯੯ ਦੀ ਕਾਰਗਿਲ ਦੀ ਠੰਡੀ ਜੰਗ ਸਮੇਂ ਪ੍ਰੈਜ਼ੀਡੈਂਟ ਕਲਿੰਟਨ ਵਲੋਂ ਪਾਕਿਸਤਾਨ ਦੇ ਪ੍ਰਧਾਨ ਨਵਾਜ਼ ਸ਼ਰੀਫ ਨੂੰ ਆਪਣੀਆਂ ਫੌਜਾਂ ਨੂੰ ਪਿੱਛੇ ਹਟਾਉਣ ਲਈ ਆਖਿਆ ਸੀ ਅਤੇ ਇਸ ਮਦਦ ਕਾਰਨ ਹੀ ਭਾਰਤ ਅਤੇ ਪਾਕਿਸਤਾਨ ਅੰਦਰ ਪ੍ਰਮਾਣੂ ਯੁੱਧ ਛਿੜ ਪੈਣ ਦਾ ਖ਼ਤਰਾ ਟਲਿਆ ਸੀ। ਹਾਲੇ ਵੀ ਪਾਕਿਸਤਾਨ ਵਲੋਂ ਭਾਰਤ ਅੰਦਰ ਅੱਤਵਾਦੀ ਕਾਰਵਾਈਆਂ ਕੀਤੀਆਂ ਜਾਣ ਦੀਆਂ ਖਬਰਾਂ ਸਮੇਂ ਸਮੇਂ 'ਤੇ ਮਿਲਦੀਆਂ ਹਨ। ਜਿਨ੍ਹਾਂ ਦੇ ਕਾਰਣ ਭਾਰਤ ਅਤੇ ਪਾਕਿਸਤਾਨ ਦੇ ਸੰਬੰਧਾਂ ਵਿਚ ਕੁੜੱਤਣ ਹੋਣੀ ਸੁਭਾਵਿਕ ਹੈ। ਪ੍ਰੈਜ਼ੀਡੈਂਟ ਓਬਾਮਾ ਵਲੋਂ ਸਮੇਂ ਸਮੇਂ 'ਤੇ ਇਨ੍ਹਾਂ ਕਾਰਵਾਈਆਂ ਪ੍ਰਤੀ ਆਪਣੀ ਚਿੰਤਾ ਵਿਅਕਤ ਕੀਤੀ ਹੈ ਅਤੇ ਸ਼ਾਂਤੀਪੂਰਨ ਹੱਲ ਲਈ ਦੋਹਾਂ ਦੇਸ਼ਾਂ ਨੂੰ ਯਤਨ ਕਰਨ ਲਈ ਆਖਿਆ ਹੈ। ਅਮਰੀਕਾ ਵਿਚ ਪ੍ਰੈਜ਼ੀਡੈਂਟ ਲਈ ਚੋਣ ਨਵੰਬਰ ੨੦੧੬ ਵਿਚ ਹੋ ਚੁਕੀ ਹੈ ਅਤੇ ਟਰੰਪ ਨਵੇਂ ਪ੍ਰੈਜ਼ੀਡੈਂਟ ਚੁਣੇ ਜਾ ਚੁਕੇ ਹਨ ਜੋ ੨੦ ਜਨਵਰੀ ੨੦੧੭ ਨੂੰ ਆਪਣੇ ਅਹੁਦੇ ਤੇ ਤਾਇਨਾਤ ਹੋ ਜਾਣਗੇ।

ਫਿਰ ਦੇਖਣਾ ਪਵੇਗਾ ਅਮਰੀਕਾ ਨਾਲ ਸਬੰਧ ਕਿਵੇਂ ਦੇ ਰਹਿੰਦੇ ਹਨ। ਉਮੀਦ ਹੈ ਵਪਾਰ ਵਿਚ ਅਤੇ ਹੋਰ ਸਬੰਧਾਂ ਵਿਚ ਸੁਧਾਰ ਹੋਵੇਗਾ। ਸੰਧਿਆ ਐਸ. ਨਾਇਰ ਦੇ ਅਨੁਸਾਰ ਅਮਰੀਕਾ ਦੇ ਅੰਦਰ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ ਉਪਰ ਵਾਧਾ ੧੯੬੦ ਦੇ ਬਾਅਦ ਹੋਇਆ ਹੈ। ਭਾਵੇਂ ਭਾਰਤੀ ਮੂਲ ਦੇ ਲੋਕ ਇਥੇ ਕਾਫੀ ਸਮੇਂ ਤੋਂ ਪਰਵਾਸ ਕਰ ਰਹੇ ਹਨ ਅਤੇ ਅਮਰੀਕਾ ਦੀ ਤਰੱਕੀ ਵਿਚ ਪੂਰਾ ਯੋਗ ਦਾਨ ਪਾ ਰਹੇ ਹਨ ਪਰੰਤੂ ਉਨ੍ਹਾਂ ਦਾ ਆਪਣੇ ਮੂਲ ਦੇਸ਼ ਨਾਲ ਸਬੰਧਾਂ ਨੂੰ ਵੀ ਬਰਕਰਾਰ ਰਖਿਆ ਹੈ। ਸਮੇਂ ਸਮੇਂ 'ਤੇ ਆਪਣੇ ਦੇਸ਼ ਵਿਚ ਰਹਿ ਰਹੇ ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਨੂੰ ਰਕਮਾਂ ਭੇਜ ਉਸ ਦੇਸ਼ ਦੀ ਆਮ ਹਾਲਤ ਦੇ ਵਿਚ ਸੁਧਾਰ ਕਰਨ ਲਈ ਯਤਨਸ਼ੀਲ ਹਨ। ਅੰਕੜਿਆਂ ਨੂੰ ਦੇਖ ਸਾਡੇ ਇਸ ਵਿਚਾਰ ਦੀ ਪ੍ਰੋੜ੍ਹਤਾ ਹੁੰਦੀ ਹੈ। ੨੦੧੦ ਦੀ ਅਮਰੀਕਨ ਮਰਦਮ ਸ਼ੁਮਾਰੀ ਅਨੁਸਾਰ ਕੁਲ ਏਸ਼ੀਆਈ ਲੋਕ ਦੀ ਗਿਣਤੀ ੧੪,੬੭੪,੨੫੨ ਸੀ ਜਿਸ ਵਿਚੋਂ ੨੮,੪੩,੩੯੧ ਭਾਰਤੀ ਸਨ। ਜਦੋਂ ਕਿ ੨੦੦੦ ਦੇ ਵਿਚ ਏਸ਼ੀਆਈ ਲੋਕਾਂ ਦੀ ਗਿਣਤੀ ੧,੬੭੮,੭੬੫ ਸੀ, ਨਾਲੋਂ ਵੱਧ ਕੇ ੨੦੧੦ ਵਿਚ ੨, ੮੪੩,੩੯੧ ਹੋ ਗਈ। ਇਸ ਤਰ੍ਹਾਂ ਇਹ ਵਾਧਾ ੬੯.੩੭ ਪ੍ਰਤੀਸ਼ਤ ਸੀ। ਇਹ ਲੋਕ ਆਰਥਿਕ ਤੌਰ 'ਤੇ ਖੁਸ਼ਹਾਲ ਹਨ ਅਤੇ ਤਾਂ ਹੀ ਮੂਲ ਦੇਸ਼ਾਂ ਵਲ ਡਾਲਰ ਭੇਜ ਉਨ੍ਹਾਂ ਦੀ ਉਨਤੀ ਲਈ ਵੀ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ। ਪ੍ਰਾਪਤ ਵੱਖ ਵੱਖ ਕਿਸਮ ਦੇ ਅੰਕੜਿਆਂ ਅਨੁਸਾਰ ੬੭ ਪ੍ਰਤੀਸ਼ਤ ਭਾਰਤੀ ਮੂਲ ਦੇ ਅਮਰੀਕਨ ਬੈਚਲਰ ਜਾਂ ਇਸ ਤੋਂ ਵੱਧ ਡਿਗਰੀ ਹੋਲਡਰ ਹਨ ਜਦੋਂ ਕਿ ਕੌਮੀ ਔਸਤ ੨੮ ਪ੍ਰਤੀਸ਼ਤ ਹੈ ਅਤੇ ਸਾਰੇ ਏਸ਼ੀਆਈ ਮੂਲ ਦੇ ਅਮਰੀਕਨਾਂ ਦੀ ਔਸਤ ੪੪ ਪ੍ਰਤੀਸ਼ਤ ਹੈ।

**ਭਾਰਤ ਦੇ 104,897 ਵਿਦਿਆਰਥੀ ਵੱਖ ਵੱਖ ਅਮਰੀਕਨ ਯੂਨੀਵਰਸਿਟੀਆਂ ਵਿਚ ਵਿਦਿਆ ਪ੍ਰਾਪਤ ਕਰ ਰਹੇ ਹਨ। ਇਕ ਭਾਰਤੀ ਕਾਮੇ ਦੀ ਅਮਰੀਕਾ ਅੰਦਰ ਸਾਲਾਨਾ ਔਸਤ ਆਮਦਨ ੫੧੯੦੪ ਅਮਰੀਕਨ ਡਾਲਰ ਹੈ। ਜੇਕਰ ਪਰਿਵਾਰਕ ਆਮਦਨ ਵਲ ਨਿਗ੍ਹਾ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਭਾਰਤੀ ਅਮਰੀਕੀ ਪਰਿਵਾਰ ਦੀ ਮੀਡੀਅਨ ਆਮਦਨ 69,470 ਡਾਲਰ ਹੈ ਜੋ ਅਮਰੀਕਨ ਪਰਿਵਾਰ ਦੀ ਮੀਡੀਅਨ ਆਮਦਨ ਨਾਲੋਂ ਲਗਭਗ ਦੁਗਣੀ ਹੈ ਕਿਉਂ ਜੋ ਉਨ੍ਹਾਂ ਦੀ ਮੀਡੀਅਨ ਆਮਦਨ 38,885 ਅਮਰੀਕੀ ਡਾਲਰ ਹੈ। ਸਿਲੀਕਨ ਵੇ.ਲੀ ਅੰਦਰ 15% ਸਟਾਰਟ-ਅਪ ਫ਼ਰਮਾਂ ਦੇ ਮਾਲਕ ਭਾਰਤੀ ਅਮਰੀਕੀ ਹਨ। ਸਿਲੀਕਨ ਵੇ.ਲੀ ਦੇ ਅੰਦਰ ਭਾਰਤੀ ਮੂਲ ਦੇ ਇੰਜੀਨੀਅਰ ਕੁਲ ਇੰਜੀਨੀਅਰਾਂ ਦਾ 34% ਹਨ। ਅਮਰੀਕਾ ਦੇ ਅੰਦਰ ਭਾਰਤੀ ਮੂਲ ਦੇ ਲਗਭਗ 10% ਫਿਜ਼ੀਸੀਅਨ ਹਨ ਅਤੇ 35% ਹੋਟਲਾਂ ਦੇ ਕੰਮਾਂ ਦੀ ਮਲਕੀਅਤ ਵੀ ਭਾਰਤੀਆਂ ਦੇ ਹੱਥ ਵਿਚ ਹੈ।**

ਸਾਰੇ ਭਾਰਤੀ ਮੂਲ ਦੇ ਅਮਰੀਕਨਾਂ ਵਿਚ ਮਾਸਟਰਜ਼ ਜਾਂ ਡਾਕਟਰ ਦੀ ਡਿਗਰੀ ਹੋਲਡਰ ੪੦ ਪ੍ਰਤੀਸ਼ਤ ਹੈ। ਭਾਰਤੀ ਮੂਲ ਦੇ ਅਮਰੀਕਾ ਵਿਚ ਪੈਦਾ ਹੋਏ ੬੫ ਪ੍ਰਤੀਸ਼ਤ ਲੋਕਾਂ ਕੋਲ ਕਾਲਿਜ ਦੀ ਵਿਦਿਆ ਹੈ।

ਭਾਰਤ ਦੇ 104,897 ਵਿਦਿਆਰਥੀ ਵੱਖ ਵੱਖ ਅਮਰੀਕਨ ਯੂਨੀਵਰਸਿਟੀਆਂ ਵਿਚ ਵਿਦਿਆ ਪ੍ਰਾਪਤ ਕਰ ਰਹੇ ਹਨ। ਇਕ ਭਾਰਤੀ ਕਾਮੇ ਦੀ ਅਮਰੀਕਾ ਅੰਦਰ ਸਾਲਾਨਾ ਔਸਤ ਆਮਦਨ ੫੧੯੦੪ ਅਮਰੀਕਨ ਡਾਲਰ ਹੈ। ਜੇਕਰ ਪਰਿਵਾਰਕ ਆਮਦਨ ਵਲ ਨਿਗ੍ਹਾ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਭਾਰਤੀ ਅਮਰੀਕੀ ਪਰਿਵਾਰ ਦੀ ਮੀਡ-ੀਅਨ ਆਮਦਨ 69,470 ਡਾਲਰ ਹੈ ਜੋ ਅਮਰੀਕਨ ਪਰਿਵਾਰ ਦੀ ਮੀਡੀਅਨ ਆਮਦਨ ਨਾਲੋਂ ਲਗਭਗ ਦੁਗਣੀ ਹੈ ਕਿਉਂ ਜੋ ਉਨ੍ਹਾਂ ਦੀ ਮੀਡੀਅਨ ਆਮਦਨ 38,885 ਅਮ-ਰੀਕੀ ਡਾਲਰ ਹੈ। ਸਿਲੀਕਨ ਵੇ.ਲੀ ਅੰਦਰ 15% ਸਟਾਰਟ-ਅਪ ਫ਼ਰਮਾਂ ਦੇ ਮਾਲਕ ਭਾਰਤੀ ਅਮਰੀਕੀ ਹਨ। ਸਿਲੀਕਨ ਵੇ.ਲੀ ਦੇ ਅੰਦਰ ਭਾਰਤੀ ਮੂਲ ਦੇ ਇੰਜੀਨੀਅਰ ਕੁਲ ਇੰਜੀਨੀਅਰਾਂ ਦਾ 34% ਹਨ। ਅਮਰੀਕਾ ਦੇ ਅੰਦਰ ਭਾਰਤੀ ਮੂਲ ਦੇ ਲਗਭਗ 10% ਫਿਜ਼ੀਸੀਅਨ ਹਨ ਅਤੇ 35% ਹੋਟਲਾਂ ਦੇ ਕੰਮਾਂ ਦੀ ਮਲਕੀਅਤ ਵੀ ਭਾਰਤੀਆਂ ਦੇ ਹੱਥ ਵਿਚ ਹੈ।

੩੦੦,੦੦੦ ਤੋਂ ਵੱਧ ਭਾਰਤੀ ਅਮਰੀਕਨ ਆਈ.ਟੀ. ਖੇਤਰ ਵਿਚ ਕੰਮ ਕਰ ਰਹੇ ਹਨ। ੪੩.੬% ਭਾਰਤੀ ਅਮਰੀਕਨ ਮੈਨੇਜਰ ਅਤੇ ਹੋਰ ਕਿੱਤਿਆਂ ਵਿਚ ਕੰਮ ਕਰ ਰਹੇ ਹਨ। ਅਮਰੀਕਨ ਯੂਨੀਵਰਸਿਟੀਆਂ ਦੇ ਅੰਦਰ ਵੱਖ ਵੱਖ ਵਿਸ਼ਿਆਂ ਦੇ ਫੈਕਲਟੀ ਮੈਂਬਰ ੮,੦੦੦ ਤੋਂ ਵੀ ਵੱਧ ਭਾਰਤੀ ਮੂਲ ਦੇ ਹਨ। ਭਾਰਤ ਦੇ ਅੰਦਰ ਨੀਤੀਆਂ ਵਿਚ ਆਈ ਤਬਦੀਲੀ ਕਾਰਨ ਜੋ ਆਰਥਿਕ ਖੁਲ੍ਹਾਂ ਦਿੱਤੀਆਂ ਗਈਆਂ ਹਨ ਉਸ ਨਾਲ ਬਹੁਤ ਸਾਰੀ ਤਰੱਕੀ ਭਾਰਤ ਵਿਚ ਵੀ ਹੋ ਸਕੀ ਹੈ।

ਇਹ ਨੀਤੀ ਡਾਕਟਰ ਮਨਮੋਹਨ ਸਿੰਘ ਦੇ ਵਿਤ ਮੰਤਰੀ ਬਣਨ ਤੋਂ ਬਾਅਦ ਆਈ ਸੀ। ਇਸ ਨੀਤੀ ਨੂੰ ਹੋਰ ਬਲ ਮਿਲਿਆ ਜਦੋਂ ਡਾਕਟਰ ਮਨਮੋਹਨ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਬਣਾਏ ਗਏ।

2014 ਵਿਚ ਆਈ ਨਵੀਂ ਸਰਕਾਰ ਨੇ ਜਿਸ ਵਿਚ ਮੋਦੀ ਜੀ ਪ੍ਰਧਾਨ ਮੰਤਰੀ ਹਨ, ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਉਮੀਦ ਕਰਦੇ ਹਾਂ ਭਾਰਤ ਅਤੇ ਅਮਰੀਕਾ ਦੇ ਸੰਬੰਧ ਦਿਨ ਦੁਗਣੀ ਅਤੇ ਰਾਤ ਚੌਗਣੀ ਤਰੱਕੀ ਕਰਣਗੇ। ਜਿਸ ਨਾਲ ਦੋਨਾਂ ਦੇਸ਼ਾਂ ਨੂੰ ਲਾਭ ਹੋਵੇਗਾ।

# ਮਨੁੱਖੀ ਹਕੂਕ: ਕਹਿਣੀ ਤੇ ਕਰਨੀ ਵਿਚ ਵਧ ਰਿਹਾ ਫਾਸਲਾ



ਹਮੀਰ ਸਿੰਘ

ਦੂਜੀ ਸੰਸਾਰ ਜੰਗ ਵਿਚ ਪਰਮਾਣੂ ਬੰਬਾਂ ਨਾਲ ਹੋਈ ਤਬਾਹੀ ਤੋਂ ਬਾਅਦ ਕੌਮਾਂਤਰੀ ਪੱਧਰ ਉੱਤੇ ਸਮੁੱਚੀ ਦੁਨੀਆਂ ਦੇ ਦੇਸ਼ਾਂ ਨੇ ਮਾਨਵਤਾ ਦੇ ਚੰਗੇਰੇ ਭਵਿੱਖ ਲਈ ਮਨੁੱਖੀ ਅਧਿਕਾਰਾਂ ਲਈ ਮਿਆਰ ਨਿਸਚਤ ਕੀਤੇ। ਬੇਸ਼ੱਕ, ਇਸ ਸਮੇਂ ਦੌਰਾਨ ਵਿਗਿਆਨ ਅਤੇ ਤਕਨੀਕ ਨੇ ਅਣਕਿਆਸੀ ਤਰੱਕੀ ਕੀਤੀ ਹੈ ਪਰ ਤੱਥ ਸਾਬਤ ਕਰ ਰਹੇ ਹਨ ਕਿ ਦੁਨੀਆਂ ਪਹਿਲਾਂ ਨਾਲੋਂ ਵੀ ਵੱਧ ਅਸੁਰੱਖਿਅਤ ਮਹਿਸੂਸ ਕਰ ਰਹੀ ਹੈ। ਇਨ੍ਹਾਂ ਸੱਤ ਦਹਾਕਿਆਂ ਦੇ ਮਨੁੱਖੀ ਅਧਿਕਾਰਾਂ ਦੇ ਨਿਰਧਾਰਤ ਕੀਤੇ ਮਿਆਰ ਅਤੇ ਉਨ੍ਹਾਂ ਉੱਤੇ ਅਮਲ ਬਾਰੇ ਪੜਚੋਲ ਤੇਜ਼ ਰਫ਼ਤਾਰ ਦੌਰ ਵਿਚ ਰੁਕ ਕੇ ਸੋਚਣ ਦਾ ਮੌਕਾ ਮੁਹੱਈਆ ਕਰਦੀ ਹੈ।

ਸੰਯੁਕਤ ਰਾਸ਼ਟਰ ਸੰਘ (ਯੂਐਨਓ) ਦੀ ਜਨਰਲ ਅਸੈਂਬਲੀ ਵੱਲੋਂ 10 ਦਸੰਬਰ 1948 ਨੂੰ ਪਾਸ ਕੀਤਾ ਮਨੁੱਖੀ ਅਧਿਕਾਰਾਂ ਦਾ ਸਰਵਵਿਆਪਕ ਐਲਾਨਨਾਮਾ ਸਾਰੇ ਦੇਸ਼ਾਂ ਅਤੇ ਲੋਕਾਂ ਲਈ ਮਨੁੱਖੀ ਅਧਿਕਾਰਾਂ ਦੀ ਹਾਲਤ ਦਾ ਅਨੁਮਾਨ ਲਗਾਉਣ ਵਾਸਤੇ ਸਾਂਝਾ ਮਿਆਰ ਹੈ। ਹਰ ਮਨੁੱਖ, ਸਮਾਜ ਦੇ ਹਰ ਅੰਗ ਅਤੇ ਮੈਂਬਰ ਦੇਸ਼ਾਂ ਤੋਂ ਇਸ ਐਲਾਨਨਾਮੇ ਉੱਤੇ ਅਮਲ ਕਰਨ ਦੀ ਉਮੀਦ ਰੱਖੀ ਜਾਂਦੀ ਹੈ। ਐਲਾਨਨਾਮੇ ਵਿਚ ਕਿਹਾ ਗਿਆ ਹੈ ਕਿ ਸਾਰੇ ਮਨੁੱਖ ਜਨਮ ਤੋਂ ਆਜ਼ਾਦ ਪੈਦਾ ਹੁੰਦੇ ਹਨ ਅਤੇ ਉਹ ਸ਼ਾਨ ਤੇ ਹੱਕਾਂ ਪੱਖੋਂ ਬਰਾਬਰ ਹਨ। ਉਨ੍ਹਾਂ ਨੂੰ ਤਰਕ ਤੇ ਜ਼ਮੀਰ ਦੀ ਬਖਸ਼ਿਸ਼ ਹੋਈ ਹੈ ਅਤੇ ਇੱਕ ਦੂਸਰੇ ਨਾਲ ਭਾਈਚਾਰਕ ਮਨੋਭਾਵਾਂ ਨਾਲ ਪੇਸ਼ ਆਉਣਾ ਚਾਹੀਦਾ ਹੈ। ਹਰ ਮਨੁੱਖ ਨਸਲ, ਰੰਗ, ਲਿੰਗ, ਬੋਲੀ, ਧਰਮ, ਰਾਜਨੀਤਿਕ ਜਾਂ ਹੋਰ ਕੋਈ ਕੌਮੀ ਜਾਂ ਸਮਾਜੀ ਉਤਪਤੀ, ਜਾਇਦਾਦ, ਜਨਮ ਜਾਂ ਕਿਸੇ ਹੋਰ ਰੁਤਬੇ ਦੇ ਭੇਦਭਾਵ ਤੋਂ ਬਿਨਾਂ ਇਨ੍ਹਾਂ ਅਧਿਕਾਰਾਂ ਦਾ ਹੱਕਦਾਰ ਹੈ। ਹਰ ਆਦਮੀ ਜ਼ਿੰਦਗੀ ਜਿਉਣ, ਆਜ਼ਾਦੀ ਅਤੇ ਆਪਣੀ ਸੁਰੱਖਿਆ ਦਾ ਅਧਿਕਾਰ ਰੱਖਦਾ ਹੈ। ਕਾਨੂੰਨ ਦੇ ਸਾਹਮਣੇ ਸਭ ਮਨੁੱਖ ਬਰਾਬਰ ਹਨ ਅਤੇ ਕਿਸੇ ਨਾਲ ਭੇਦਭਾਵ ਨਹੀਂ ਕੀਤਾ ਜਾ ਸਕਦਾ। ਇਸ ਐਲਾਨਨਾਮੇ ਨੂੰ ਮਨੁੱਖੀ ਅਧਿਕਾਰਾਂ ਦੇ ਮਾਮਲੇ ਵਿਚ ਮੀਲ ਪੱਥਰ ਮੰਨਦਿਆਂ ਦਸ ਦਸੰਬਰ ਨੂੰ ਦੁਨੀਆਂ ਭਰ ਵਿਚ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਐਲਾਨਨਾਮੇ ਵਿਚ ਸਮਾਜਿਕ, ਸਿਆਸੀ ਅਤੇ ਆਰਥਿਕ ਅਧਿਕਾਰ ਸ਼ਾਮਿਲ ਕੀਤੇ ਗਏ ਹਨ ਪਰ ਇਨ੍ਹਾਂ ਨੂੰ ਤਰਜੀਹ ਦੇਣ ਦੇ ਮਾਮਲੇ ਉੱਤੇ ਸ਼ੁਰੂ ਵਿਚ ਹੀ ਵਿਵਾਦ ਪੈਦਾ ਹੋ ਗਿਆ ਸੀ। ਉਦਾਰਵਾਦੀ ਅਤੇ ਸਮਾਜਵਾਦੀ ਸੋਚ ਵਾਲਿਆਂ ਵਿਚਕਾਰ ਚਲੇ ਆ ਰਹੇ ਇਸ ਪੁਰਾਣੇ ਵਿਵਾਦ ਨੂੰ ਹੱਲ ਕਰਨ ਲਈ ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਦੇ ਆਧਾਰ ਉੱਤੇ ਯੂਐਨਓ ਵੱਲੋਂ 1966 ਵਿਚ ਦੋ ਪ੍ਰਣ ਪੱਤਰ ਤਿਆਰ ਕੀਤੇ ਗਏ। ਇੱਕ ਪ੍ਰਣ ਪੱਤਰ ਵਿਚ ਬਰਾਬਰੀ ਅਤੇ ਸਮਾਜਿਕ ਇਨਸਾਫ ਦੇ ਸਿਧਾਂਤਾਂ ਉੱਤੇ ਆਧਾਰਿਤ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਹੱਕ ਸ਼ਾਮਿਲ ਕੀਤੇ ਗਏ। ਇਨ੍ਹਾਂ ਵਿਚ ਭੋਜਨ ਦਾ ਹੱਕ, ਕੱਪੜੇ, ਘਰ, ਸਿੱਖਿਆ, ਸਿਹਤ, ਰੁਜ਼ਗਾਰ, ਵਾਜਿਬ ਮਜ਼ਦੂਰੀ ਆਦਿ ਆਉਂਦੇ ਹਨ। ਦੂਸਰੇ ਪ੍ਰਣ ਪੱਤਰ ਵਿਚ ਸਿਵਲ ਅਤੇ ਰਾਜਨੀਤਿਕ ਹੱਕ, ਭਾਵ ਜ਼ਿੰਦਗੀ ਜਿਊਣ ਦਾ ਹੱਕ, ਜ਼ਮੀਰ, ਧਰਮ, ਵਿਚਾਰ ਪ੍ਰਗਟਾਉਣ, ਜਥੇਬੰਦੀ ਬਣਾਉਣ, ਨਿਰਪੱਖ ਨਿਆਂ ਆਦਿ ਨੂੰ ਸ਼ਾਮਿਲ ਕੀਤਾ ਗਿਆ।

ਮਨੁੱਖੀ ਅਧਿਕਾਰਾਂ ਦਾ ਸਰਵਵਿਆਪੀ ਐਲਾਨਨਾਮਾ ਅਤੇ ਦੋਵੇਂ ਪ੍ਰਣ ਪੱਤਰਾਂ ਉੱਤੇ ਤਕਰੀਬਨ ਸਾਰੇ ਦੇਸ਼ ਦਸਤਖ਼ਤ ਕਰ ਚੁੱਕੇ ਹਨ ਅਤੇ ਇਹ ਹੁਣ ਮਨੁੱਖੀ ਅਧਿਕਾਰਾਂ ਲਈ ਮਾਪਦੰਡ ਬਣ ਗਏ ਹਨ। ਇਨ੍ਹਾਂ ਮਾਪਦੰਡਾਂ ਦੀ ਰੋਸ਼ਨੀ ਵਿਚ ਮੌਜੂਦਾ ਸਮੇਂ ਦੇ ਮਨੁੱਖੀ ਅਧਿਕਾਰਾਂ ਦੇ ਮਿਆਰ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਕੀ ਸੰਸਾਰ ਦੇ ਭਾਈਚਾਰੇ ਦੀ ਅਗਵਾਈ ਕਰਨ ਵਾਲੇ ਲੋਕ ਠੀਕ ਦਿਸ਼ਾ ਵਿਚ ਜਾ ਰਹੇ ਹਨ ਜਾਂ ਇਸ ਰਾਹ ਉੱਤੇ ਮੁੜ ਵਿਚਾਰ ਦੀ ਲੋੜ ਹੈ?

ਕਿਸੇ ਵੀ ਮਨੁੱਖ ਜਾਂ ਜੈਵਿਕ ਪ੍ਰਾਣੀ ਨੂੰ ਜ਼ਿੰਦਾ ਰਹਿਣ ਲਈ ਖਾਸ ਕਿਸਮ ਦੀ ਆਬੋ-ਹਵਾ, ਪਾਣੀ, ਰੋਜ਼ੀ-ਰੋਟੀ ਅਤੇ ਤਣਾਅ ਤੇ ਭੈ ਮੁਕਤ ਸਮਾਜੀ ਮਾਹੌਲ ਦੀ ਲੋੜ ਹੁੰਦੀ ਹੈ। ਦੁਨੀਆਂ ਭਰ ਵਿਚ ਵਾਤਾਵਰਨਕ ਖਰਾਬੀ ਕਾਰਨ ਹੋ ਰਹੇ ਜਲਵਾਯੂ ਪਰਿਵਰਤਨ ਨੇ ਮਨੁੱਖੀ ਅਤੇ ਜੈਵਿਕ ਜੀਵਨ ਦੀ ਹੋਂਦ ਸਾਹਮਣੇ ਸੰਕਟ ਖੜ੍ਹਾ ਕਰ ਦਿੱਤਾ ਹੈ। ਫਰਾਂਸ ਦੀ ਰਾਜਧਾਨੀ ਪੈਰਿਸ ਵਿਚ 195 ਦੇਸ਼ਾਂ ਦੇ ਲੋਕ ਇਸ ਮਾਹੌਲ ਤੋਂ ਚਿੰਤਤ ਤਾਂ ਹਨ ਪਰ ਆਪੋ-ਆਪਣੀ ਜ਼ਿੰਮੇਵਾਰੀ ਦੂਸਰਿਆਂ ਦੇ ਸਿਰ ਸੁੱਟ ਕੇ ਸੁਰਖਰੂ ਹੋਣ ਦੀ ਮਾਨਸਿਕਤਾ ਉੱਤੇ ਚੱਲ ਰਹੇ ਹਨ। ਇਹ ਸਭ ਨੂੰ ਪਤਾ ਹੈ ਕਿ ਜੇ ਹਾਲਾਤ ਇਹੀ ਰਹੇ ਤਾਂ ਭਵਿੱਖ ਖਤਰੇ ਵਿਚ ਹੈ। ਗਰੀਬ ਅਤੇ ਅਮੀਰ ਦਰਮਿਆਨ ਵਧ ਰਹੇ ਪਾੜੇ ਕਰਕੇ ਤੀਸਰਾ ਹਿੱਸਾ ਆਬਾਦੀ ਦੋ ਡੰਗ ਦੀ ਰੋਟੀ ਨੂੰ

**(ਬਾਕੀ ਸਫਾ 20 'ਤੇ)**

# ਗੁਰੂ ਘਰ ਸ੍ਰੀ ਪੰਜਾ ਸਾਹਿਬ ਦੇ ਪ੍ਰੋਗਰਾਮ- ਭਾਗ- 16


ਮਾਸਟਰ ਲਛਮਣ ਸਿੰਘ ਰਠੌਰ
ਫਰਿਜਨੋ,ਕੈਲੇਫੋਰਨੀਆਂ
559-577-8162

ਸੰਗਤਾਂ ਦੀ ਭੀੜ ਗੁਰਸਿੱਖ, ਜਲੂਸ ਦੀ ਨਿਵ ਨਿਵ ਕੇ ਤੇ ਹੱਥ ਜੋੜ ਜੋੜ ਕੇ ਨਿਮਸਕਾਰਾਂ ਕਰ ਰਹੇ ਸਨ। ਗੁਰਦੁਆਰੇ ਦੇ ਹਾਤੇ ਵਿਚਕਾਰ ਸ੍ਰੀ ਗੁਰਦੁਆਰਾ (ਸ੍ਰੀ ਗੁਰੂ ਗ੍ਰੰਥ) ਸਾਹਿਬ ਜੀ ਦਾ, ਪਾਲਕੀ ਪ੍ਰਕਾਸ਼ ਸਥਾਪਤ ਸੀ। ਨਾਲ ਹੀ ਮੁੱਖ ਗੇਟ ਵੱਲ ਨੀਵੇਂ ਥਾਂ ਤੇ ਗੁਰੂ ਨਾਨਕ ਸਾਹਿਬ ਦੇ ਪੰਜੇ 'ਚੋਂ ਫੁੱਟਦੇ ਅੰਮ੍ਰਿਤ ਸੋਮੇ ਦੇ ਜਲ ਪ੍ਰਵਾਹ ਦਾ ਸਰੋਵਰ ਤੇ ਸੱਜੇ ਖੱਬੇ ਕੁਝ ਕੁ ਪੌੜੀਆਂ ਸਨ। ਉਹ ਪੌੜੀਆਂ ਦੇ ਦੋਵੇਂ ਪਾਸੇ ਦੋ ਮੰਜਲੀ ਬਣੀ ਸਰ੍ਹਾਂ ਦੀ ਕੀਤੀ ਉਸਾਰੀ ਦੀਆਂ ਦੋ-ਦੋ ਪੌੜੀਆਂ ਦੇ ਵਿਚਕਾਰ ਪੰਦਰਾਂ ਫੁੱਟ ਜਾਂ ਕਿਸੇ ਥਾਂ ਵੱਧ ਘੱਟ ਦੇ ਫਾਸਲੇ ਵਾਲੇ ਲਾਂਘੇ 'ਚੋਂ ਹੀ ਇਹ ਗੁਰੂ ਸਾਹਿਬ ਦੀ ਸਵਾਰੀ ਵਾਲਾ ਜਲੂਸ ਲੰਘ ਕੇ ਗੁਰੂ ਸਾਹਿਬ ਦੇ ਗੁਰੂ ਘਰ ਦੀ ਪਰਿਕਰਮਾ ਕਰਕੇ ਦੂਰੋਂ ਆਈ ਸੰਗਤ ਦੀ ਸ਼ਰਧਾ ਨੂੰ ਪੂਰਦਾ ਸੀ। ਸੰਗਤਾਂ ਸਰ੍ਹਾਂ ਤੇ ਚੜ੍ਹ ਪੌੜੀਆਂ ਤੇ ਖੜੋ ਤੇ ਜਲੂਸ ਦੇ ਅੱਗੇ ਪਿੱਛੇ ਤੁਰ ਫਿਰਕੇ ਹਾਜ਼ਰੀ ਭਰ ਕੇ ਆਪਣੇ ਸਤਿਗੁਰਾਂ ਦੀ ਵਿਸਾਖੀ ਦਾ ਪੁਰਬ ਮਨਾ ਰਹੀਆਂ ਸਨ। ਦੋ ਤਿੰਨ ਥਾਵਾਂ ਤੇ ਚੱਲ ਰਹੇ ਲੰਗਰਾਂ ਵਿਚ ਵੀ ਬਹੁਤ ਰੌਣਕ ਸੀ। ਲੰਘਣ ਲੱਗਿਆਂ ਮੋਢੇ ਨਾਲ ਮੋਢਾ ਵੀ ਖਹਿ ਜਾਂਦਾ ਸੀ। ਸਰ੍ਹਾਂ ਦੇ ਥੱਲੇ ਵਾਲੀਆਂ ਪੌੜੀਆਂ ਤੇ ਵੀ ਕਈ ਯਾਤਰੂ ਤੇ ਉਹਨਾਂ ਦੇ ਨਾਲ ਨਾਲ ਪੁਲਿਸ ਕਰਮਚਾਰੀ ਵੀ ਬੈਠ ਕੇ ਹਾਜ਼ਰੀਆਂ ਭਰ ਰਹੇ ਸਨ। ਜੋ ਯਾਤਰੂ ਅੰਦਰ ਆ ਗਿਆ ਉਹ ਅੰਦਰ ਤੇ ਜੋ ਬਾਹਰ ਖੜ੍ਹਾ ਸੀ,ਤਲਾਸ਼ੀ ਬਿਨਾਂ ਅੰਦਰ ਨਹੀਂ ਆ ਸਕਦਾ ਸੀ, ਗੁਰਦੁਆਰੇ ਦੇ ਅੰਦਰ ਤੇ ਬਾਹਰ ਚੰਗੀ ਭੀੜ ਦਾ ਮੇਲਾ ਦਿਖਾਈ ਦੇ ਰਿਹਾ ਸੀ।

ਰੱਬ ਜਾਣੇ ਸਾਡੇ ਡਰਾਈਵਰ ਨੇ ਕਦੋਂ ਤੇ ਕਿੱਥੋਂ ਲੰਗਰ ਖਾਧਾ ਹੋਵੇਗਾ। ਉਂਝ ਤਾਂ ਗੁਰੂ ਕਾ ਲੰਗਰ ਬੇਅੰਤ ਵਰਤ ਰਿਹਾ ਸੀ। ਬਹੁਤ ਸਾਰੇ ਲੋਕ ਸਰੋਵਰ ਦੇ ਜਲ ਦੀਆਂ ਪਲਾਸਟਿਕ ਦੀਆਂ ਬੋਤਲਾਂ ਭਾਲ ਰਹੇ ਸਨ।ਇਹ ਵੀ ਮੇਲੇ ਕਰਕੇ ਘੱਟ ਹੀ ਮਿਲ ਰਹੀਆਂ ਸਨ। ਮੈਂ ਤੁਰ ਫਿਰ ਕੇ ਸਰੋਵਰ ਦੇ ਦੁਆਲੇ ਵੇਖ ਰਿਹਾ ਸੀ। ਕਈ ਪੌੜੀਆਂ ਤੇ ਬੈਠੇ ਲੰਘਦਿਆਂ ਨੂੰ ਪੁੱਛ ਰਹੇ ਸਨ, ਤੁਸੀਂ ਕਿੱਥੋਂ ਆਏ ਹੋ? ਮੈਂ ਦੱਸਿਆ ਕਿ ਅਸੀਂ ਤਾਂ ਅਮਰੀਕਾ ਤੋਂ ਆਏ ਹਾਂ। ਅੱਗੋਂ ਉਹ ਹੋਰ ਗੱਲਾਂ ਤੋਰ ਲੈਂਦੇ ਤੇ ਦੱਸਦੇ ਕਿ ਉਹ ਦਿੱਲੀ ਤੋਂ ਤੇ ਦੂਜਾ ਪਟਨੇ ਤੋਂ ਆਇਆ ਏ। ਕਈ ਬੰਦੇ ਭਾਰਤ ਵਿਚੋਂ ਵੀ ਕਾਫੀ ਦੂਰ ਦੂਰ ਤੋਂ ਆਏ ਸਨ। ਕਈ ਵਿਚਾਰੇ ਸੱਤਰ ਜਾਂ ਪਝੱਤਰ ਤੋਂ ਵੀ ਟੱਪ ਗਏ ਸਨ। ਉਹ ਵਿਚਾਰੇ ਇੱਥੋਂ ਦੇ ਦਰਸ਼ਨਾਂ ਲਈ ਸਾਰੀ ਸਾਰੀ ਉਮਰ ਦੇ ਪਏ ਤਰਸਦੇ ਸਨ। ਧੰਨ ਭਾਗ ਸਮਝਦੇ ਹੋਏ ਨਿਵ ਨਿਵ ਕੇ ਬਾਬੇ ਨਾਨਕ ਦੀ ਇਸ ਧਰਤੀ ਨੂੰ ਸਪਰਸ਼ ਕਰ ਰਹੇ ਸਨ। ਕੁਝ ਭਾਰਤ ਤੋਂ ਆਏ ਮੁਸਾਫਿਰਾਂ ਵਿਚੋਂ ਜਨਾਨੀਆਂ ਵੀ ਉਹਨਾਂ ਦੇ ਨਾਲ ਬੈਠੀਆਂ ਸਨ। ਇਹ ਵੀ ਦੱਸ ਰਹੇ ਸਨ ਕਿ ਇਹ ਬੀਬੀਆਂ ਮਥਰਾ ਤੇ ਨਾਲ ਦੀਆਂ ਕਾਫੀ ਬੀਬੀਆਂ ਤੇ ਬੱਚੇ ਕਲਕੱਤੇ ਤੋਂ ਵੀ ਆ ਕੇ ਗੁਰੂ ਨਾਨਕ ਸਾਹਿਬ ਦੇ ਇਸ ਮਹਾਨ ਅਸਥਾਨ ਸ੍ਰੀ ਪੰਜਾ ਸਾਹਿਬ ਦੀ ਯਾਤਰਾ ਦਾ ਆਨੰਦ ਮਾਣਦੇ ਹੋਏ ਬੈਠੇ ਹਨ।

ਵਿਸਾਖੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਵੇਰੇ ਸਾਡੇ ਆਉਣ ਤੋਂ ਪਹਿਲਾਂ ਪੈ ਚੁੱਕੇ ਸਨ। ਸੰਗਤ ਦੀ ਗਹਿਮਾ ਗਹਿਮ ਰੌਣਕ ਸ੍ਰੀ ਪੰਜਾ ਸਾਹਿਬ ਦੀ ਵਿਸਾਖੀ ਦੀ ਇਤਿਹਾਸਕ ਮਹਾਨਤਾ ਨੂੰ ਚਾਰ ਚੰਨ ਲਾ ਰਹੀ ਸੀ। ਸੰਗਤ ਦੇ ਮੁਖਾਰਬਿੰਦ 'ਚੋਂ ਉਸ ਇਲਾਹੀ ਰਹਿਬਰ ਸਤਿਗੁਰ ਨਾਨਕ ਸਾਹਿਬ ਦੀ ਇਸ ਥਾਂ ਵਰਤ ਚੁੱਕੀ ਕਰਾਮਾਤ ਦੀ ਸਾਖੀ ਦੇ ਸਾਕੇ ਦੁਹਰਾਏ ਜਾ ਰਹੇ ਸਨ। ਭੋਗ ਸਮੇਂ ਬਾਹਰੋਂ ਆਏ ਸੰਗਤ ਦੇ ਜਥੇਦਾਰਾਂ ਦੇ, ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਸਮਾਰੋਹ ਕਰਵਾਏ ਜਾਂਦੇ ਹਨ। ਸਰਕਾਰ ਦੇ ਕਈ ਮੰਤਰੀ ਤੇ ਸਿੱਖਾਂ ਨਾਲ ਹਮਦਰਦੀ ਦਰਸਾਉਣ ਵਾਲੇ ਮੁਸਲਮਾਨ ਅਹੁਦੇਦਾਰ ਵੀ ਗੁਰੂ ਨਾਨਕ ਸਾਹਿਬ ਦੀ ਇਸ ਦਰਗਾਹ ਤੇ ਹਾਜ਼ਰੀ ਭਰ ਕੇ ਦੁਨੀਆਂ ਦੀ ਸਿੱਖ ਕੌਮ ਵੱਲੋਂ ਵਾਹਵਾ ਖੱਟਦੇ ਹਨ। ਸਿੱਖ ਸੰਗਤਾਂ ਵੱਲੋਂ ਖਾਸ ਸੇਵਾਵਾਂ ਦਾ ਵਰਣਨ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸਿੱਖ ਸੰਗਤਾਂ ਦੀਆਂ ਮਨੌਤਾਂ ਦੀ ਅਰਦਾਸ ਕਰਕੇ ਗੁਰੂ ਘਰ ਦੀ ਰਸੀਦ ਕੱਟੀ ਜਾਂਦੀ ਹੈ। ਇਸ ਤਰ੍ਹਾਂ ਸਿੱਖ ਸੰਗਤਾਂ ਵੱਲੋਂ ਅਰਦਾਸ ਕੀਤੀ ਗਈ ਮਾਇਆ ਸਹੀ ਥਾਂ ਕਮੇਟੀ ਦੇ ਫੰਡ ਵਿਚ ਜਮ੍ਹਾ ਹੋ ਜਾਂਦੀ ਹੈ।

ਕੱਲ੍ਹ 12 ਅਪ੍ਰੈਲ ਜਦੋਂ ਸਾਡੀ ਅਮਰੀਕਨ ਸਿੱਖ ਸੰਗਤ ਦਾ ਜਥਾ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਅੱਗੇ ਨਤਮਸਤਕ ਹੋਇਆ ਤਾਂ ਗੁਰੂ ਘਰ ਵਿਚ ਵਿਸਾਖੀ ਦੇ ਪੁਰਬ ਦਾ ਸ੍ਰੀ ਅਖੰਡਪਾਠ ਸਾਹਿਬ ਦਾ ਨਿਰੰਤਰ ਜਾਪ ਚੱਲ ਰਿਹਾ ਸੀ। ਪ੍ਰੰਤੂ ਆਪਣੇ ਮਨਾ ਵਿਚ ਲੈ ਕੇ ਆਏ ਸ਼ਰਧਾ ਦੇ ਫੁੱਲ ਤੇ ਅਰਦਾਸਾਂ ਦੇ ਪਰਵਾਹ ਮਨਾਂ ਵਿਚ ਸਮੋਈ ਬੈਠੀ ਸਿੱਖ ਸੰਗਤ ਅਰਦਾਸੀਏ ਭਾਈ ਸਾਹਿਬ ਪਾਸੋਂ ਅਰਦਾਸਾਂ ਕਰਾ ਕੇ ਮਨ ਦੀਆਂ ਭਾਵਨਾਵਾਂ ਸੰਪੂਰਨ ਕਰਨੀਆਂ ਚਾਹੁੰਦੀਆਂ ਸਨ। ਸੋ ਕੱਲ੍ਹ ਜਦੋਂ ਗੁਰੂ ਘਰ ਦੀ ਉਪਰਲੀ ਮੰਜ਼ਿਲ ਤੇ ਬੈਠ ਕੇ ਅਰਦਾਸੀਏ ਸਿੰਘ ਨੇ ਇਕੱਲੇ ਇਕੱਲੇ ਸਿੱਖ ਦੀ ਮਨੋ ਭਾਵਨਾ ਪੁੱਛ ਕੇ ਮਾਇਆ ਦੇ ਗੱਫੇ ਤਾਂ ਪ੍ਰਾਪਤ ਕਰ ਲਏ ਸਨ। ਨਾਲੇ ਅੱਜ ਸਵੇਰੇ ਭੋਗ ਦੀ ਸਮਾਪਤੀ ਦੇ ਮੌਕੇ ਬਣਾਈ ਲਿਸਟ ਦੀ



ਅਰਦਾਸ ਕਰਨੀ ਸੀ, ਅੱਜ ਸਾਡੇ ਜਥੇ ਦੇ ਭਾਈ ਦਲਜਿੰਦਰ ਸਿੰਘ ਨੇ ਜਦੋਂ ਪੁੱਛ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਕਈ ਗ੍ਰੰਥੀ ਸਿੰਘ ਸਿੱਖ ਸੰਗਤ ਪਾਸੋਂ ਮਾਇਆ ਤਾਂ ਲੈ ਲੈਂਦੇ ਹਨ ਪਰ ਨਾ ਰਸੀਦ ਦਿੰਦੇ ਹਨ ਤੇ ਨਾਲ ਹੀ ਅਰਦਾਸ ਕਰਦੇ ਹਨ। ਸੋ ਜਦੋਂ ਉਸ ਗ੍ਰੰਥੀ ਸਿੰਘ ਪਾਸੋਂ ਪੁੱਛਿਆ ਗਿਆ ਤਾਂ ਉਹ ਗੱਲ ਸਹੀ ਨਿਕਲੀ ਤੇ ਉਸ ਗ੍ਰੰਥੀ ਪਾਸੋਂ ਪੁੱਛ ਪੜਤਾਲ ਕਰਨ ਤੇ ਪਤਾ ਲੱਗਾ ਕਿ ਨਾ ਹੀ ਅਰਦਾਸ ਹੋਈ ਹੈ ਤੇ ਨਾ ਹੀ ਸੰਗਤ ਨੂੰ ਰਸੀਦ ਕੱਟ ਕੇ ਦਿੱਤੀ ਗਈ ਹੈ। ਉਸ ਦੀ ਅਲਮਾਰੀ ਵਿਚ ਸਾਰੀ ਅਮਰੀਕਨ ਡਾਲਰਾਂ ਦੀ ਮਾਇਆ ਰੱਖੀ ਹੋਈ ਸੀ। ਨਾਲ ਇਕ ਹੋਰ ਗ੍ਰੰਥੀ ਦੀ ਮਦਦ ਨਾਲ ਸਾਰੀ ਰਕਮ ਉਸ ਪਾਸੋਂ ਵਸੂਲ ਕੇ, ਰਸੀਦਾਂ ਕੱਟ ਕੇ ਮਾਇਆ ਗੋਲਕ ਵਿਚ ਪਾ ਕੇ ਅਰਦਾਸੇ ਦੀਆਂ ਅਰਜੋਈਆਂ ਦੇ ਦੌਰ ਚਲਾਏ ਗਏ। ਹੁਣ ਸਾਰੀ ਸਿੱਖ ਸੰਗਤ ਇਸ ਉੱਦਮ ਲਈ ਦਲਜਿੰਦਰ ਸਿੰਘ ਦਾ ਸ਼ੁਕਰਾਨਾ ਕਰ ਰਹੀ ਸੀ।

ਵਿਸਾਖੀ ਦੀਆਂ ਰੌਣਕਾਂ ਨਾਲ ਜਿੱਧਰ ਵੀ ਨਜ਼ਰ ਮਾਰੋ ਸਿੱਖ ਸੰਗਤਾਂ ਦੇ ਦਰਸ਼ਨ ਹੋ ਰਹੇ ਸਨ। ਜਿਵੇਂ ਦੱਸਿਆ ਵੀ ਗਿਆ ਹੈ ਕਿ ਗੁਰੂ ਘਰ ਦਾ ਕਾਫੀ ਵੱਡੇ ਘੇਰੇ ਵਾਲਾ ਇਹ ਸ੍ਰੀ ਪੰਜਾ ਸਾਹਿਬ ਅੱਜ ਹਰ ਪਾਸੇ ਸੰਗਤਾਂ ਦੇ ਰਸ਼ ਨਾਲ ਸ਼ਬਦ ਗੁਰਬਾਣੀ ਦੀਆਂ ਸੁਭਾਵਿਕ ਹੀ ਪੈ ਰਹੀਆਂ ਗੂੰਜਾਂ ਤੇ ਸਪੀਕਰ ਦੀ ਉਚੀ ਆਵਾਜ਼ ਦੀਆਂ ਉਠਦੀਆਂ ਤਰੰਗਾਂ ਸਿੱਖ ਜਗਤ ਦੇ ਉਤਸ਼ਾਹ ਨੂੰ ਹੁਲਾਰਾ ਦੇ ਰਹੀਆਂ ਸਨ। ਵਿਸਾਖੀ ਦੇ ਮਹਾਂ ਪੁਰਬ ਦੇ ਮਾਣ ਮੱਤੇ ਇਤਿਹਾਸ ਨੂੰ ਇਸ ਇਸਲਾਮਿਕ ਦੇਸ਼ ਵਿਚ ਵੀ ਭਰਵੇਂ ਜਾਹੋ-ਜਲਾਲ ਤੇ ਦਸਮੇਸ਼ ਜੀ ਦੇ ਖਾਲਸਾ ਸਿਰਜਣ ਦਿਵਸ ਦੇ ਗੜਗੱਜਾਂ ਪਾਉਂਦੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਗੂੰਜਦੇ ਨਾਅਰਿਆਂ ਨਾਲ ਬੜੀ ਖੁਸ਼ੀ ਨਾਲ ਮਨਾਇਆ ਜਾ ਰਿਹਾ ਸੀ। ਸੋ ਸਾਰੀਆਂ ਸਿੱਖ ਸੰਗਤਾਂ, ਇੰਡੀਆ ਦੇ ਦੂਰ ਦੁਰਾਡੇ ਹਿੱਸਿਆਂ ਤੋਂ ਪੁੱਜੇ ਬਜ਼ੁਰਗਾਂ, ਬੀਬੀਆਂ ਤੇ ਨੌਜਵਾਨ ਬੱਚਿਆਂ ਦੀਆਂ ਮਨ ਦੀਆਂ ਸਿੱਖੀ ਭਾਵਨਾਵਾਂ ਦੇ ਆਪ ਮੁਹਾਰੇ ਡੁੱਲ੍ਹ ਡੁੱਲ੍ਹ ਪੈਂਦੇ ਜਜ਼ਬਾਤ ਵੇਖਣ ਵਾਲਿਆਂ ਨੂੰ ਵੀ ਪ੍ਰੇਰਨਾ ਪ੍ਰਦਾਨ ਕਰਦੇ ਸਨ। ਸਰ੍ਹਾਂ ਜੋ ਮੁੱਖ ਗੇਟ ਵਿਚੋਂ ਵੜ ਕੇ ਖੱਬੇ ਹੱਥ ਅੱਗੇ ਲੰਘ ਕੇ ਗੁਰੂ ਘਰ ਦੇ ਪ੍ਰਕਾਸ਼ ਦੇ ਸਾਹਮਣੇ ਉਤਾਂਹ ਨੂੰ ਸੱਤ ਅੱਠ ਬਣੀਆਂ ਪੌੜੀਆਂ ਦੇ ਨਾਲ ਪਹਿਲਾਂ ਲਿਖਿਆ ਹੋਇਆ ਸੀ, ''ਜੋੜਾ ਘਰ'' ਤੇ ਇਸ ਦੇ ਨਾਲ ਹੀ ਇਕ ਵੱਡੇ ਅੱਖਰਾਂ ਵਿਚ ਬੋਰਡ ਲਗਾਇਆ ਹੋਇਆ ਸੀ। ਉਸ ਬੋਰਡ ਤੇ ਪੰਜਾਬੀ, ਉਰਦੂ ਤੇ ਅੰਗਰੇਜ਼ੀ ਵਿਚ ਲਿਖਿਆ ਸੀ, ''ਸਿੱਖ ਲਾਇਬ੍ਰੇਰੀ''। ਸੰਗਤ ਦੀ ਜ਼ਿਆਦਾ ਭੀੜ ਕਾਰਨ ਤੇ ਸਿੱਖੀ ਸ਼ਾਨ ਸ਼ੌਕਤ ਵਾਲਾ ਵਿਸਾਖੀ ਪੁਰਬ ਦਾ ਜਲੂਸ ਵੇਖਣ ਵਾਲਿਆਂ ਨੇ ਲਾਇਬ੍ਰੇਰੀ ਦੇ ਅੱਗੇ ਬੜਾ ਇਕੱਠ ਕੀਤਾ ਹੋਇਆ ਸੀ। ਇਕ ਰਿਕਸ਼ੇ ਨੁਮਾ ਸਵਾਰੀ ਦੇ ਵਿਚ ਕੁਝ ਸਿੱਖ ਬੱਚੇ ਪੂਰੇ ਸਿੱਖੀ ਲਿਬਾਸ ਵਿਚ ਸਜੇ ਨਿਹੰਗ ਸਿੰਘਾਂ ਦੀਆਂ ਲਾਡਲੀਆਂ ਫੌਜਾਂ ਦੇ ਸਿੱਖ ਬੱਚੇ ਖਾਲਸੇ ਦੀ ਤਾਰੀਫ ਵਿਚ ਗੜਗੂੰਜਾਂ ਪਾ ਕੇ ਸਿੱਖ ਇਤਿਹਾਸ ਦੀਆਂ ਵਾਰਾਂ ਪੇਸ਼ ਕਰ ਰਹੇ ਸਨ। ਮੇਰੇ ਮਨ ਵਿਚ ਉਤਸ਼ਾਹ ਜਾਗ ਰਿਹਾ ਸੀ ਕਿ ਕਦੋਂ ਵਕਤ ਮਿਲੇ ਤੇ ਮੈਂ ਉਸ ਸਿੱਖ ਪੁਸਤਕਾਲਿਆ 'ਲਾਇਬ੍ਰੇਰੀ' ਵਿਚ ਜਾ ਵੜ੍ਹਾਂ ਤੇ ਸਿੱਖ ਇਤਿਹਾਸ ਦੇ ਕੁਝ ਅਨੋਖੇ ਪੁਸਤਕਾਂ ਦੇ ਗ੍ਰੰਥਾਂ ਦੇ ਦਰਸ਼ਨ ਪਾ ਸਕੀਏ। ਬਜ਼ੁਰਗ ਸਿੱਖ ਬੀਬੀਆਂ ਬੈਠ ਕੇ ਸਿੱਖੀ ਕੀਰਤਨ ਦਾ ਆਨੰਦ ਮਾਣ ਰਹੀਆਂ ਸਨ। ਮੈਂ ਇੰਤਜ਼ਾਰ ਕਰਨ ਲਈ ਸੋਚਿਆ ਤਾਂ ਕਿ ਆਰਾਮ ਨਾਲ ਉਸ ਲਾਇਬ੍ਰੇਰੀ ਦੇ ਦਰਵਾਜ਼ੇ ਰਾਹੀਂ ਅੰਦਰ ਪਰਵੇਸ਼ ਕਰ ਸਕਾਂ। ਭਰਾ ਜੀ! ਇੱਧਰ ਕੀ ਵੇਖ ਰਹੇ ਓ? ਉਹ ਵੇਖੋ ਛੋਟੇ ਬੱਚੇ ਕਿੰਨਾ ਜੋਸ਼ੀਆ ਪ੍ਰਸੰਗ ਸੁਣਾ ਰਹੇ ਨੇ। ਕਲਗੀਧਰ ਦੇ ਪਿਆਰੇ ਸਿੰਘ ਸੱਜ ਗਏ ਨੇ ਛੋਟੀ ਉਮਰੇ ਆਵਾਜ਼ ਕਿੰਨੀ ਪਿਆਰੀ ਏ? ਦੋ ਇੰਡੀਆ ਤੋਂ ਆਈਆਂ ਸਿੱਖ ਬੀਬੀਆਂ ਮੈਨੂੰ ਬੁਲਾ ਕੇ ਦੱਸ ਰਹੀਆਂ ਸਨ। ਮੈਂ ਧਿਆਨ ਕੀਰਤਨ ਕਰ ਰਹੇ ਬੱਚਿਆਂ ਵੱਲ ਮੋੜ ਕੇ ਉਹਨਾਂ ਦੀ ਹਾਂ ਵਿਚ ਹਾਂ ਮਿਲਾ ਕੇ, ਜੁਆਬ ਦਿੱਤਾ, ''ਹਾਂ ਭੈਣ ਜੀ, ਬੱਚੇ ਕਮਾਲ ਕਰ ਰਹੇ ਨੇ।''

ਪੌੜੀਆਂ ਤੇ ਬੈਠੇ ਸੰਗਤ ਦੀਆਂ ਬੀਬੀਆਂ ਤੇ ਕੀਰਤਨ ਦੇ ਰਸ ਵਿਚ ਮੰਤਰ ਮੁਗਧ ਹੋਏ ਭੱਦਰ ਪੁਰਸ਼ਾਂ ਵਿਚੋਂ ਲੰਘ ਕੇ ਮੈਂ ਲਾਇਬ੍ਰੇਰੀ ਦੇ ਦਰਵਾਜ਼ੇ ਅੱਗੇ ਪੁੱਜ ਗਿਆ ਸੀ। ਬਾਹਰਲੇ ਸ਼ੋਰ ਸ਼ਰਾਬੇ ਤੋਂ ਇਕਾਂਤ ਹੋਣ ਲਈ ਤੇ ਲਾਇਬ੍ਰੇਰੀ ਦੀਆਂ ਪੁਸਤਕਾਂ ਤੇ ਇਤਿਹਾਸਕ ਸਾਕਿਆਂ ਦੀਆਂ ਤਸਵੀਰਾਂ ਦਾ ਤਵਾਰੀਖੀ ਹਵਾਲਾ ਪੇਸ਼ ਕਰਦੀਆਂ ਸਾਖੀ ਨੁਮਾ ਦ੍ਰਿਸ਼ ਦਾ ਆਨੰਦ ਮਾਨਣ ਲਈ, ਦਰਵਾਜ਼ੇ ਬੰਦ ਕੀਤੇ ਹੋਏ ਸਨ। ਜਿਉਂ ਹੀ ਮੈਂ ਅੰਦਰ ਪ੍ਰਵੇਸ਼ ਕੀਤਾ, ਪੁਸਤਕਾਲਿਆ ਦੀਆਂ ਦੀਵਾਰਾਂ ਤੇ ਸ਼ਹੀਦਾਂ, ਦਸ (ਗੁਰੂ) ਪਾਤਸ਼ਾਹੀਆਂ ਅਤੇ ਗੁਰਬਾਣੀ ਦੇ ਇਸ਼ਤਿਹਾਰਾਂ ਦੀ ਸੋਹਣੀ ਨੁਮਾਇਸ਼ ਵਿਖਾਈ ਗਈ ਸੀ। ਕੰਧਾਂ ਦੇ ਨਾਲ-ਨਾਲ ਕਈ ਵੱਡੀਆਂ ਛੇ ਫੁਟੀਆਂ ਅਲਮਾਰੀਆਂ ਦੇ ਰਖਨੇ ਬਣਾ ਕੇ ਕਿਤਾਬਾਂ ਚਿਣੀਆਂ ਹੋਈਆਂ ਨਜ਼ਰ ਆ ਰਹੀਆਂ ਸਨ। ਪੰਜਾਬੀ, ਉਰਦੂ ਤੇ ਅੰਗਰੇਜ਼ੀ ਦੇ ਵੱਖੋ-ਵੱਖਰੇ ਸੈਕਸ਼ਨ ਬਣਾ ਕੇ ਪੁਸਤਕਾਂ ਬੰਦ ਕਰਕੇ ਹੇਠਲੇ ਪਾਸੇ ਦੇ ਟਾਈਟਲ ਕਿਤਾਬ ਦੀ ਵਿਸ਼ਾ ਵਸਤੂ ਤੇ ਸਮੱਗਰੀ ਬਾਰੇ ਚਾਹਵਾਨ ਪਾਠਕ ਦੀ ਚੋਣ ਕਰਨ ਵਿਚ ਸਹਾਇਕ ਹੋ ਰਹੇ ਸਨ। ਸਿੱਖ ਧਰਮ ਦੇ ਚੋਣਵੇਂ ਗ੍ਰੰਥ ਤੇ ਭਾਈ ਬਾਲੇ ਵਾਲੀ ਪੁਰਾਤਨ ਜਨਮ ਸਾਖੀ (ਵੱਡੇ ਆਕਾਰ ਵਾਲੀ) ਵੀ ਇੱਥੇ ਮੌਜੂਦ ਸੀ। ਇਹ ਲਾਇਬ੍ਰੇਰੀ ਦਾ ਖੇਤਰਫਲ ਚੌਗਿਰਦਾ ਤਾਂ ਐਨਾ ਵੱਡਾ ਨਹੀਂ ਸੀ। ਪ੍ਰੰਤੂ ਧਾਰਮਿਕ, ਇਤਿਹਸਕ ਤੇ ਵੱਖ ਵੱਖ ਭਾਸ਼ਾਵਾਂ ਦੀ ਪ੍ਰੇਰਨਾ ਸਰੋਤ ਇਹ ਲਾਇਬ੍ਰੇਰੀ ਇਕ ਖਾਸ ਮਹੱਤਵ ਰੱਖਦੀ ਹੈ। ਉਰਦੂ, ਅੰਗਰੇਜ਼ੀ ਤੇ ਗੁਰਮੁਖੀ ਭਾਸ਼ਾਵਾਂ ਵਿਚ ਅੰਕਿਤ ਪਾਕਿਸਤਾਨ ਦਾ ਨਕਸ਼ਾ, ਖਾਸ ਕਰਕੇ ਸਿੱਖ ਗੁਰੂ ਘਰਾਂ ਨੂੰ ਮਿਲਾਉਣ ਵਾਲੇ ਰਸਤੇ, ਸੜਕਾਂ ਤੇ ਰੇਲਵੇ ਲਾਈਨਾਂ ਦੇ ਵੇਰਵੇ ਉਪਲਬਧ ਹਨ।

ਮੇਰਾ ਧਿਆਨ ਪੰਜਾ ਸਾਹਿਬ ਦੇ ਉਸ ਮਹਾਨ ਸਾਕੇ ਦੇ ਇਤਿਹਾਸ 'ਤੇ ਜਾ ਪਿਆ ਤੇ ਮੈਂ ਬੜੇ ਗੌਰ ਨਾਲ ਉਥੇ ਖੜੋ ਗਿਆ। ਮੋਟੇ ਅੱਖਰਾਂ ਵਿਚ ਗੁਰਮੁਖੀ ਅੱਖਰਾਂ ਵਿਚ ਲਿਖਿਆ ਹੋਇਆ ਸੀ, ''ਸ਼ਹੀਦੀ ਸਾਕਾ'' ਉਸਦੇ ਹੇਠਾਂ ਲਾਲ ਸਿਆਹੀ ਨਾਲ ਇਹ ਵੀ ਅੰਕਿਤ ਸੀ, 'ਪੰਜਾ ਸਾਹਿਬ'। ਲਾਲ ਮੂੰਹ ਵਾਲਾ ਰੇਲਵੇ ਦਾ ਵੱਡਾ ਇੰਜਣ ਤੇ ਉਤਲੇ ਪਾਸੇ ਇੰਜਣ ਦੇ ਨਿਕਲਦੇ ਧੂੰਏ ਦੀ ਹਵਾੜ। ਅੰਗਰੇਜ਼ ਅਫਸਰ ਹਰੀ ਝੰਡੀ ਵਿਖਾ ਕੇ ਰੇਲ ਦੇ ਇੰਜਣ ਨੂੰ ਚਲਾਈ ਰੱਖਣ ਦੇ ਹੁਕਮ ਜਾਰੀ ਕਰ ਰਿਹਾ ਸੀ। ਹਜ਼ਾਰਾਂ ਸਿੱਖ ਸੰਗਤਾਂ ਭੁੱਖੇ ਸਿੱਖ ਸੰਗਤ ਦੇ ਕੈਦੀਆਂ ਨੂੰ, ਜੋ ਅਟਕ ਜੇਲ੍ਹ ਲਿਜਾ ਰਹੀ ਸੀ, ਗੱਡੀ ਨੂੰ ਰੋਕ ਕੇ ਸੇਵਾ ਕਰਨ ਹਿਤ ਚਾਹ ਪਾਣੀ ਤੇ ਪ੍ਰਸਾਦੇ ਛਕਾਉਣਾ ਚਾਹੁੰਦੇ ਸਨ। ਸਿੱਖ ਸੰਗਤ ਗੱਡੀ ਰੋਕਣਾ ਚਾਹੁੰਦੀ ਸੀ ਤੇ ਅੰਗਰੇਜ਼ ਸਰਕਾਰ ਦੇ ਸਖਤ ਹੁਕਮ ਹੋ ਚੁੱਕੇ ਸਨ ਕਿ ਗੱਡੀ ਕਿਸੇ ਹਾਲਤ ਵੀ ਨਹੀਂ ਰੁਕਣੀ ਚਾਹੀਦੀ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤ, ਰੇਲਵੇ ਸਟੇਸ਼ਨ ਤੇ ਪਹੁੰਚ ਗਈ ਸੀ। ਗੁਰੂ ਦੇ ਸਿੰਘ ਰੇਲਵੇ ਇੰਜਣ ਅੱਗੇ ਨਿਧੜਕ ਲੇਟ ਗਏ ਸਨ। ਸ਼ਹੀਦੀ ਸਾਕੇ ਵਾਲੀ ਵੱਡੀ ਰੰਗਦਾਰ ਤਸਵੀਰ ਤੇ ਦੋ ਸਿੱਖ ਸੂਰਬੀਰ ਸ਼ਹੀਦਾਂ ਦੀਆਂ ਫੋਟੋਆਂ ਵਿਖਾਈਆਂ ਗਈਆਂ ਸਨ, ਜਿਹਨਾਂ ਨੇ ਫਰੰਗੀਆਂ ਦੀ ਖੂਨੀ ਰੇਲ ਦੇ ਇੰਜਣ ਨੂੰ ਰੋਕਣ ਲਈ ਖਿੜੇ ਮੱਥੇ ਜਾਨਾਂ ਵਾਰ ਕੇ ਭੁੱਖੇ ਸਿੱਖ ਕੈਦੀਆਂ ਦੀ ਸੇਵਾ ਦਾ ਸੰਕਲਪ ਪੂਰਾ ਕਰ ਵਿਖਾਇਆ। **(ਚਲਦਾ)**

## ਸੰਪਾਦਕ ਦੀ ਡਾਕ

ਤੁਹਾਡੇ ਪਰਚੇ 21, ਨਵੰਬਰ 2018 ਦਾ ਅੰਕ ਪੜ੍ਹਿਆ। ਤੁਹਾਡੇ ਪਰਚੇ ਦਾ ਆਕਾਰ ਭਾਵੇਂ ਛੋਟਾ ਹੁੰਦਾ ਹੈ ਅਤੇ ਪਰਚਾ ਹਫਤਾਵਾਰੀਹੈ ਪਰ ਵਿਚਾਰਾਂ ਵਿਚ ਛੋਟਾ ਨਹੀਂ। ਭਾਵ ਲੇਖਕਾਂ ਦੇ ਵਿਚਾਰ ਬਹੁਤ ਵਧੀਆ ਹੁੰਦੇ ਹਨ। ਇਸ ਅੰਕ ਦੇ ਪ੍ਰਸਿੱਧ ਲੇਖਕ, ਜਿਹਨਾਂ ਨੇ ਮੈਨੂੰ ਪ੍ਰਭਾਵਿਤ ਕੀਤਾ ਹੈ, ਉਹਹਨ ਮਨਜੀਤ ਸਿੰਘ ਔਜਲਾ, ਮੈਲਬਰਨ ਅਤੇ ਹਰਸਿਮਰਨ ਸਿੰਘ ਐਮ. ਏ.। ਮੈਂ ਵਿਦਿਅਕ ਯੋਗਤਾ ਨੂੰ ਬਹੁਤ ਪਸੰਦ ਕਰਦਾ ਹਾਂ। ਮੈਂ ਆਪ ਵੀ ਬੀ. ਏ., ਜੇ. ਬੀ. ਟੀ. ਹਾਂ ਅਤੇ 22 ਵਰ੍ਹੇ ਪੰਜਾਬ ਦੇ ਹਾਈ ਅਤੇ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾ ਕੇ ਅਮਰੀਕਾ ਵਿਚ ਆਇਆ ਸੀ। ਜੇ ਮੈਂ ਅਮਰੀਕਾ ਨਾ ਆਉਂਦਾ ਤਾਂ ਮੈਂ ਕਿਸੇ ਕਾਲਜ ਦਾ ਲੈਕਚਰਾਰ ਹੋਣਾ ਸੀ। ਮਨਜੀਤ ਸਿੰਘ ਔਜਲਾ (ਐਮ. ਏ. ਬੀ. ਟੀ.) ਹੁਰਾਂ ਦਾ ਲਿਖਿਆ ਲੇਖ ਪੜ੍ਹਿਆ। ਔਜਲਾ ਹੁਰਾਂ ਨੇ ਤੱਥਾਂ ਦੇ ਆਧਾਰ ਤੇ ਬਾਦਲ ਦਾ ਕਿਰਦਾਰ ਇੰਨਾ ਸੋਹਣਾ ਲਿਖਿਆ ਕਿ ਕਮਾਲ ਕਰ ਦਿੱਤੀ। ਇਹਨਾਂ ਵਿਚਾਰਾਂ ਤੋਂ ਪ੍ਰਗਟ ਹੁੰਦਾ ਹੈ ਕਿ ਬਾਦਲ ਸਿੱਖ ਕੌਮ ਦਾ ਗਦਾਰ ਹੈ। ਬਾਦਲ ਉਤੇ ਬਹੁਤ ਸਾਰੇ ਅਖਾਣ ਢੁੱਕਦੇ ਹਨ ਪਰ ਮੈਂ ਇਕ ਦਾ ਹੀ ਵਰਣਨ ਕਰਾਂਗਾ 'ਬਗਲ ਵਿਚ ਛੁਰੀ ਪਰ ਮੂੰਹ ਵਿਚ ਰਾਮ ਰਾਮ'। ਦੂਜਾ ਰਾਮ ਹਰਸਿਮਰਨ ਸਿੰਘ ਹੁਰਾਂ ਦਾ ਲੇਖ, ਤੇਰਾ ਮੇਰਾ ਕੀ ਰਿਸ਼ਤਾ ਪੜ੍ਹਿਆ। ਰਾਮ ਹਰਸਿਮਰਨ ਸਿੰਘ ਹੁਰਾਂ ਨੇ ਵਿਸ਼ੇ ਦੀ ਚੋਣ ਵੀ ਬਹੁਤ ਸੁਹਣੀ ਕੀਤੀ ਹੈ ਅਤੇ ਸ਼ੈਲੀ ਵੀ ਬਹੁਤ ਵਧੀਆ ਹੈ। ਰਿਸ਼ਤਾ ਸ਼ਬਦ ਸੁਣ ਕੇ ਹੀ ਮਨੁੱਖ ਆਨੰਦਮਈ ਦਸ਼ਾ ਵਿਚ ਚਲਿਆ ਜਾਂਦਾ ਹੈ। ਰਿਸ਼ਤਿਆਂ ਬਾਰੇ ਬਹੁਤ ਵਧੀਆ ਵਿਚਾਰ ਪੇਸ਼ ਕੀਤੇ ਹਨ। ਵਿਚਾਰਾਂ ਤੋਂ ਰਾਮ ਹਰਸਿਮਰਨ ਹੁਰੀ ਇਕ ਬਹੁਤ ਵਧੀਆ ਇਨਸਾਨ ਵੀ ਲੱਗਦੇ ਹਨ। ਅਜਿਹੇ ਮਨੁੱਖ ਸਮਾਜ ਵਿਚ ਬਹੁਤ ਘੱਟ ਹੁੰਦੇ ਹਨ। ਇਹ ਵਿਚਾਰ ਬਹੁਤ ਚੰਗਾ ਲੱਗਾ ਜਿਵੇਂ ਰਾਮ ਹਰਸਿਮਰਨ ਸਿੰਘ ਲਿਖਦੇ ਹਨ ਕਿ ਇਹ ਜ਼ਰੂਰੀ ਨਹੀਂ ਕਿ ਅੱਗੇ ਕੋਈ ਵਸਤੂ ਜਾਂ ਮਨੁੱਖ ਹੋਵੇ ਤਾਂ ਹੀ ਤੁਸੀਂ ਆਪਣਾ ਰਿਸ਼ਤਾ ਬਣਾ ਸਕਦੇ ਹੋ। ਰਿਸ਼ਤਾ ਇਕੱਲੇਪਣ ਨਾਲ ਵੀ ਹੁੰਦਾ ਹੈ। ਮੇਰਾ ਵਿਚਾਰ ਹੈ ਕਿ ਰਿਸ਼ਤਾ ਮਨੁੱਖਤਾ ਨਾਲ ਵੀ ਹੁੰਦਾ ਹੈ। ਕੁਦਰਤ ਨਾਲ ਵੀ ਗੱਲਾਂ ਕਰ ਲੈਂਦੇ ਹਨ। ਸਮੁੱਚੇ ਤੌਰ 'ਤੇ ਇਸ ਹਫਤੇ ਦਾ ਅੰਕ ਵਧੀਆ ਹੈ। ਬਾਕੀ ਲੇਖਕ ਵੀ ਪ੍ਰਸੰਸਾ ਦੇ ਯੋਗ ਹਨ।

**- ਮਾਸਟਰ ਨਿਰਮਲ ਸਿੰਘ ਲਾਲੀ**
530-777-0955

Low Rate Loans

Real Estate Loans
Construction Loans
Commercial Loans
Business Loans
Apartment Loans
Loans up to $30 Million
Credit or income problems are welcome
ਜੇ ਤੁਹਾਡਾ ਕਰੈਡਿਟ ਨਹੀਂ ਜਾਂ ਇਨਕਮ ਘੱਟ ਹੈ,
ਕੋਈ ਗੱਲ ਨਹੀਂ, ਬੱਸ ਇਕ ਵਾਰ ਫੋਨ ਕਰੋ
For more information Call:-
(408) 307-6331

# ਮੇਰਾ ਦੂਜਾ ਭਾਰਤ ਫੇਰਾ : ਕਿਸਤ- 6



ਅਸ਼ਰਫ਼ ਗਿੱਲ, ਫਰਿਜ਼ਨੋ
(559) 389-6750
Email: ashgill88@aol.com

ਵਾਹਗਾ ਬਾਡਰ ਟਰੇਨ ਤੋਂ ਉਤਰਨ ਮਗਰੋਂ ਮੈਨੂੰ ਇਹ ਇਹਸਾਸ ਹੋਇਆ, ਕਿ ਮੈਨੂੰ ਇਸ ਤਰਾਂ ਦੇ ਝਮੇਲੇ ਵਿਚ ਪੈਣ ਦੀ ਕੀਹ ਲੋੜ ਸੀ? ਯਾਨੀ ਏਸ ਭੀੜ ਭੜੱਕੇ ਜਿਹੇ ਭੇਡਾਂ ਦੇ ਇੱਜੜ ਨਾਲ ਕਿਉਂ ਰਲਿਆ? ਜਿਥੇ ਸੈਂਕੜੇ ਲੋਕਾਂ ਦੇ ਨਾਲ ਇਮੀਗਰੇਸ਼ਨ ਤੇ ਫੇਰ ਕਸਟਮ ਦਿਆਂ ਅਫ਼ਸਰਾਂ ਤੋਂ ਵੱਖ ਸਰਕਾਰ ਦੇ ਕਨੂੰਨਾਂ ਕੈਦਿਆਂ ਤੋਂ ਉਲੰਘਣਾ ਪੁਲਸ ਰਾਤ ਤੋਂ ਲੰਘਣ ਵਰਗਾ ਮੰਜ਼ਰ ਸੀ! ਮੈਨੂੰ ਕੱਲੇ ਨੂੰ ਤੇ ਕੋਈ ਪਰੇਸ਼ਾਨੀ ਹੋਣੀ ਨਹੀਂ ਸੀ! ਜੇ ਮੈਂ ਸੜਕੋਂ ਸੜਕੀਂ ਵਾਹਗਿਓਂ ਅਟਾਰੀ ਵੜਦਾ! ਜਦ ਮੇਰੇ ਕੋਲ ਪਹਿਲੇ ਫੇਰੇ ਤਰ੍ਹਾਂ (ਜੀ. ਟੀ. ਰੋਡ.) ਵਾਲਾ ਸਬੱਬ ਹੈ ਸੀ! ਓਥੋਂ ਕਲੱਮ ਕੱਲੇ ਦੀ ਛਾਣ ਬੀਨ ਛੇਤੀ ਹੋ ਜਾਣੀ ਸੀ! ਪਰ ਹੁਣ ਤੇ ਆਟੇ ਨਾਲ ਘੁਣ ਨੂੰ ਪਿਸਣਾ ਹੀ ਪੈਣਾ ਸੀ! ਸਮਾਨ ਵੀ ਮੇਰੇ ਕੋਲ ਬਹੁਤਾ ਨਹੀਂ ਸੀ ਜਿਹੜਾ ਮੁਸ਼ਕਲ ਪੈਦਾ ਕਰਦਾ! ਜਿਵੇਂ ਓਸ ਨੂੰ ਚੁੱਕਣ ਧਰਨ ਵਿਚ ਕੋਈ ਤਕਲੀਫ਼ ਹੁੰਦੀ! ਸਿਰਫ਼ ਡੇਢ ਡੱਬਾ ਓਹ ਵੀ ਕਿਤਾਬਾਂ, ਕਪੜਿਆਂ ਦਾ! ਸੋਚਿਆ! ਲਵੋ ਪੰਗਾ, ਅਸ਼ਰਫ਼ ਜੀ! 'ਸਮਝੌਤਾ ਐਕਸਪਰੈਸ' ਵੇਖਣ ਤੇ ਉਸਦੀ ਸਵਾਰੀ ਦਾ ਸਵਾਦ ਲੈਣ ਦਾ! ਹੁਣ ਤੇ ਸਾਰੇ ਇੱਜੜ ਨਾਲ ਸਿਰ ਸੁੱਟ ਕੇ ਇਕ ਦੂਜੇ ਪਿਛੇ ਟੁਰਨਾ ਪੈਣਾ ਸੀ! ਤੇ ਇਕ ਮਾਸ਼ੂਕ ਦੇ ਇੰਤਜ਼ਾਰ ਵਰਗੇ ਮਹੌਲ ਦੀ ਤਕਲੀਫ਼ ਵੀ ਸਹਿਣੀ ਪੈਣੀ ਸੀ! ਇਹ ਲਮਹੇਂ ਬਹੁਤ ਹੀ ਕੰਡਿਆਂ ਤੋਂ ਲੰਘਣ ਜਿਹੇ ਤੇ ਦਿਮਾਗੀ ਥਕਾਵਟ ਦਾ ਕਾਰਨ ਵੀ ਸਨ! ਹੁਣ ਏਥੋਂ ਛੇਤੀ ਨਿਕਲਨ ਦਾ ਕੋਈ ਰਸਤਾ ਲੱਭਣਾ ਸੀ! ਫ਼ਾਰਸੀ ਕਹਾਵਤ ਤਰ੍ਹਾਂ: 'ਨਾ ਜਾਏ ਮਾਂਦਨ, ਨਾ ਪਾਏ ਰਫ਼ਤਨ'- (ਨਾ ਕੋਈ ਥਾਂ ਪੈਰ ਟਿਕਾਣ ਲਈ, ਨਾ ਕਿਧਰੇ ਜਾਣ ਨੂੰ ਰਸਤਾ)! ਜਾਂ ਮਿਆਂ ਮੁਹੰਮਦ ਬਖ਼ਸ਼ ਦੇ ਏਸ ਮਿਸਰੇ ਤਰ੍ਹਾਂ: 'ਆਈ ਜਾਨ ਸ਼ਕੰਜੇ ਅੰਦਰ ਜਿਉਂ ਵੇਲਣ ਵਿਚ ਗੰਨਾ'- ਮਾਮਲੇ ਦਾ ਹੱਲ ਹਰ ਸੋਚੋ ਬਾਹਰ ਸੀ! ਹੁਣ ਓਸ ਮਿਸਾਲ ਵਾਂਗਰਾਂ: 'ਖ਼ੁਦ ਕਰਦਾ ਇਲਾਜ ਨੀਸਤ। (ਆਪਣੇ ਕੀਤੇ ਦਾ ਕੋਈ ਦਾਰੂ ਨਹੀਂ ਸੀ), ਵਾਲੀ ਗੱਲ ਸੀ! ਓਸ ਵੇਲੇ ਮੈਨੂੰ ਮੁਹਾਵਰੇ ਬੜੇ ਫੁਰ ਗਏ ਸਨ।

ਦੋ ਲੰਮੀਆਂ ਲਾਈਨਾਂ ਦੇ ਅਖੀਰ ਤੇ ਖਲੋਕੇ ਵੇਖਿਆ ਤੇ ਓਹ ਇੰਮੀਗਰੇਸ਼ਨ ਦੀਆਂ ਲਾਈਨਾਂ ਸਨ! ਕਿਵੇਂ ਪਾਰ ਹੋਵਣ? ਲਾਈਨਾਂ ਵਾਲੀਆਂ ਬਾਰੀਆਂ ਤੇ ਤਖ਼ਤੀਆਂ ਵੀ ਸਿਰਫ਼ 'ਹਿੰਦੁਸਤਾਨੀ' ਤੇ 'ਪਾਕਿਸਤਾਨੀ' ਪਾਸਪੋਰਟ ਵਾਲਿਆਂ ਲਈ ਹੀ ਵਿਖਾਲੀ ਦਿੱਤੀਆਂ! ਮੇਰੇ ਕੋਲ ਤੇ ਅਮਰੀਕਨ ਪਾਸਪੋਰਟ ਸੀ, ਮੈਂ ਕਿਹੜੀ ਬਾਰੀ ਤੇ ਜਾਵਾਂ? ਹੋਰ ਮੁਲਕਾਂ ਦੇ ਪਾਸਪੋਰਟ ਰੱਖਣ ਵਾਲਿਆਂ ਦੇ ਬਾਰੇ ਕਿਧਰੇ ਵੀ ਕੋਈ ਜਾਣਕਾਰੀ ਨਹੀਂ ਸੀ ਖਿਚੀ ਹੋਈ! ਓਹ ਕਿੱਥੇ ਜਾਣ? ਆਪਣੀ ਗੌਰਮਿੰਟ ਦੇ ਕੰਮ ਇਸ ਤਰਾਂ ਬੰਦਿਆਂ ਨੂੰ ਭੁਲੇਖਾ ਪਾਣ ਵਾਲੇ ਹੀ ਹੁੰਦੇ ਹਨ! ਸ਼ਾਇਦ ਮੇਰੇ ਵਰਗਾ ਕੱਲਾ ਈ ਬੇਵਕੂਫ਼ ਸੀ ਓਥੇ ਓਸ ਵੇਲੇ, ਜਿਸ ਨੂੰ ਗੱਡੀ ਤੇ ਬਹਿਣ ਦਾ ਸ਼ੌਕ ਸੀ! ਨਾ ਜਾਣੇ ਸਰਕਾਰ ਨੂੰ ਏਸ ਮਸਲੇ ਨੂੰ ਨਜਿੱਠਣ ਦੀ ਲੋੜ ਈ ਨਹੀਂ ਪਈ, ਕਿ ਓਹ ਇਸ ਤਰਾਂ ਦਾ ਸਾਈਨ ਲਾਣ! ਖ਼ੈਰ ਇਹ ਸੂਰਤ ਹਾਲ ਵੇਖ ਕੇ ਆਪਣੀ ਬੇਵਕੂਫ਼ੀ ਉੱਤੇ ਤੇ ਸਰਕਾਰ ਦੀ ਲਾਪਰਵਾਹੀ ਤੇ ਵੀ ਰੋਣ ਤੋਂ ਸਿਵਾ ਹੋਰ ਕੀਹ ਆਉਣਾ ਸੀ! ਹਾਸਾ ਵੀ ਆਇਆ ਪਰ ਬਾਅਦੋਂ! ਹੁਣ ਤੇ ਏਥੇ ਸਭਨਾਂ ਨੂੰ ਆਪਣੀ ਆਪਣੀ ਪਈ ਹੋਈ ਸੀ! ਜਿਵੇਂ ਮਾਂ ਨੂੰ ਪੁੱਤਰ ਸੰਭਾਲਣ ਤੋਂ ਪਹਿਲਾਂ ਸਰਕਾਰ ਨੂੰ ਕਾਗਜ਼ ਪੱਤਰ ਵਿਖਾਲ ਕੇ ਅਗਾਂਹ ਜਾਣ ਦੀ ਕਾਹਲ ਸੀ! ਮੈਂ ਇਹ ਵੀ ਕਹਿ ਸਕਣਾ, ਕਿ ਜਿਸ ਬੰਦੇ ਨੇ ਵੀ ਇਸ ਤਰਾਂ ਦਾ ਮੰਜ਼ਰ ਵੇਖਿਆ ਹੋਵੇ, ਤੇ ਏਹੋ ਜਿਹਿਆਂ ਔਕੜਾਂ ਤੋਂ ਲੰਘਿਆ ਹੋਵੇ, ਜ਼ਰੂਰ ਓਹ ਕਿਸੇ ਸੁਨਾਮੀ ਵਰਗੇ ਤੂਫ਼ਾਨ ਵਿਚੋਂ ਵੀ, ਆਪਣੀ ਜਾਨ ਬਚਾਉਣ ਦੀ ਕੋਈ ਨਾ ਕੋਈ ਰਾਹ ਕੱਢਣ ਵਿਚ ਜ਼ਰੂਰ ਕਾਮਯਾਬ ਹੋ ਸਕਦੈ! ਏਸੇ ਵਕਤ ਦੌਰਾਨ ਆਪ ਹੀ ਕੁਝ ਹੱਲ ਕੱਢਣਾ ਸੀ! ਫਸੀ ਨੂੰ ਫਟਕਣ ਕਾਹਦਾ ਸੀ ਹੁਣ! ਸੋਚਿਆ! ਇੰਮੀਗਰੇਸ਼ਨ ਤੋਂ ਕਿਵੇਂ ਛੁਟਕਾਰਾ ਪਾਣੈਂ'? ਕਿਸੇ ਵੀ ਲੈਣ ਨੂੰ ਉਂਜ ਵੀ ਪਾਰ ਕਰਨਾਂ ਮੁਸ਼ਕਲ, ਕਿਉਂਜੇ ਹਰ ਲੈਣ ਦੋ ਦੁਆਲੇ ਲੋਹੇ ਦੀਆਂ ਮੋਟੀਆਂ ਨਾਲਾਂ ਲੱਗਿਆਂ ਹੋਇਆ ਸੀ, ਤੇ ਮੁਸਾਫ਼ਰ ਓਹਨਾਂ ਤੰਗ ਪਾਈਪਾਂ ਵਿਚਕਾਰ ਇਸ ਤਰਾਂ ਤੜੇ ਹੋਏ ਸਨ, ਕਿ ਸੂਈ ਵੀ ਵਿਚੋਂ ਨਹੀਂ ਸੀ ਲੰਘ ਸਕਦੀ! ਕੋਈ ਆਦਮੀ ਇਕ ਦੂਜੇ ਤੋਂ ਅੱਗੇ ਜਾਂ ਪਿਛੇ ਨਹੀਂ ਸੀ ਜਾ ਸਕਦਾ! ਲੋਕ ਓਹਨਾਂ ਲਾਈਨਾਂ ਵਿਚ ਖਲੋਣ ਤੇ ਮਜਬੂਰ ਹਨ! ਇਸ ਤਰਾਂ ਦਾ ਮੰਜ਼ਰ ਅਮਰੀਕਾ ਦੇ ਬੁੱਚੜ ਘਰ ਦਾ ਯਾਦ ਆਇਆ, ਜਦੋਂ ਓਹ ਕੋਹਨ (ਕੁਰਬਾਨੀ-ਜ਼ਬਾਹ) ਕਰਨ ਵਾਲੇ ਤਾਕਤਵਰ ਡੰਗਰ ਨੂੰ ਜੂੜ ਕੇ ਖਲ੍ਹਾਰਦੇ ਹਨ, ਤੇ ਜਾਨਵਰ ਆਪਣੀ ਮਰਜ਼ੀ ਨਾਲ ਹੱਲ ਨਹੀਂ ਸਕਦਾ! ਫੇਰ ਉਸਨੂੰ ਗੋਲੀ ਮਾਰ ਕੇ ਹਲਾਲ ਕੀਤਾ ਜਾਂਦਾ ਏ! ਮੈਨੂੰ ਇਕ ਖ਼ਿਆਲ ਫੁੱਟਿਆ, ਮੈਂ ਅਪਣਾ ਸਮਾਨ ਇਕ ਬੰਦੇ ਦੀ ਨਿਗਰਾਨੀ ਵਿਚ ਛੱਡਿਆ, ਤੇ ਪਾਈਪ ਦੀ ਬਾਹਰਲੀ ਸਾਈਡ ਵੱਲੋਂ (ਚੋਰ ਰਸਤਿਓਂ), ਆਪਣੇ ਆਪ ਨੂੰ ਘਸੀਟਦਾ ਹੋਇਆ ਤੇ ਲੈਣ ਵਿਚ ਖਲੋਤੇ ਲੋਕਾਂ ਨੂੰ ਆਖਦਾ ਹੋਇਆ, 'ਕਿ ਭਈਆ! ਮੈਂ ਨੇ ਬਾਬੂ ਸੇ ਬੱਸ ਬਾਤ ਕਰਨੀ ਹੈ'! ਇਮੀਗਰੇਸ਼ਨ ਅਫ਼ਸਰ ਕੋਲ ਉਹਦੀ ਬਾਰੀ ਤੇ ਅੱਪੜ ਗਿਆ ਤੇ ਅਪਣਾ ਪਾਸਪੋਰਟ ਉਸਨੂੰ ਵਿਖਾਇਆ! ਅਫ਼ਸਰ ਨੇ ਪਾਸਪੋਰਟ ਦਾ ਰੰਗ ਹੀ ਵੇਖ ਕੇ, ਅਪਣਾ ਹਥਲਾ ਪਾਸਪੋਰਟ ਆਪਣੇ ਡੈਸਕ ਤੇ ਰੱਖਿਆ, ਤੇ ਮੇਰੇ ਪਾਸਪੋਰਟ ਨੂੰ ਕੰਪਿਊਟਰ ਵਿਚ ਚੈੱਕ ਕਰਕੇ, ਫੱਟ 'ਐਗਜਿਟ' ਦੀ ਮੋਹਰ ਲਾ ਕੇ ਮੇਰੇ ਹੱਥ ਫੜਾਇਆ! ਮੈਂ ਅਫ਼ਸਰ ਦਾ ਸ਼ੁਕਰੀਆ ਅਦਾ ਕਰਕੇ ਵਾਪਸ ਆ ਕੇ ਅਪਣਾ ਸਮਾਨ ਚੁੱਕਿਆ, ਤੇ ਲੋਕਾਂ ਦੇ ਬੇਤਰਤੀਬੇ ਖਿਲਰੇ ਪੱਲਰੇ ਸਮਾਨ ਵਿਚੋਂ ਰਸਤਾ ਬਣਾਉਂਦਾ ਹੋਇਆ, ਅਗਲੇ ਬੰਨੇ ਅੱਪੜ ਗਿਆ, ਜਿਥੋਂ ਗੱਡੀ ਨੇ ਅਟਾਰੀ ਨੂੰ ਰਵਾਨਾ ਹੋਣਾ ਸੀ! ਪਰ ਨਹੀਂ ਜੀ! ਅਜੇ ਕਿਥੇ? ਅਜੇ ਤੇ ਪੁਲਸ ਰਾਤ ਦਾ ਕੁਝ ਹਿੱਸਾ ਬਾਕੀ ਸੀ! ਰਸਤੇ ਵਿਚ ਕਸਟਮ ਵਾਲਿਆਂ ਛੋਟੀ ਪਾਈ ਹੋਈ ਸੀ ਸਮਾਉਣ ਦੀ ਛਾਣ ਬੀਣ ਕਰਨ ਲਈ! ਖ਼ੈਰ ਓਹਨਾਂ ਮੇਰਾ ਪਾਸਪੋਰਟ ਵੇਖਿਆ, ਮੇਰੇ ਸਮਾਨ ਨੂੰ ਬਗ਼ੈਰ ਫੋਲਾ ਫਾਲੀ ਇਕ ਹਲਕੀ ਜਿਹੀ ਨਜ਼ਰ ਮਾਰ ਕੇ ਜਲਦੀ ਹੀ ਫਾਰਗ ਕਰ ਦਿੱਤਾ! ਇਕ ਪਾਸਿਓਂ ਦੂਜੀ ਬਾਹੀ ਜਾਣ ਦਾ ਰਸਤਾ ਭਾਵੇਂ 200 ਫੁੱਟ ਤੋਂ ਜ਼ਿਆਦਾ ਨਹੀਂ ਸੀ, ਪਰ ਸਮਾਨ ਨਾਲ ਇਸ ਤਰਾਂ ਰੁਕਿਆ ਹੋਇਆ ਸੀ, ਜਿਵੇਂ ਲਹੌਰ ਦੀ ਕੋਈ ਰਸ਼ ਵਾਲੀ ਸੜਕ ਦੀ ਟਰੈਫ਼ਿਕ ਰੁਕ ਜਾਏ, ਤੇ ਲੰਮੀ ਕਤਾਰ ਲਗ ਜਾਂਦੀ ਏ! ਤੇ ਕਾਰਾਂ ਦੇ ਬੰਪਰ ਇਕ ਦੂਜੀ ਨਾਲ ਖਹਿਣ ਲਗ ਪੈਂਦੇ ਹਨ! ਓਵੇਂ ਕਪੜਿਆਂ ਤੇ ਕਈ ਸ਼ੈਵਾਂ ਨਾਲ ਭਰੇ ਹੋਏ ਬੋਰੇ, ਡੱਬੇ, ਤੇ ਕਈਆਂ ਕਿਸਮਾਂ ਦੇ ਬੰਦ ਪਟਾਰੇ ਨਾਲੋ-ਨਾਲ ਖਹਿ ਗਏ ਸਨ, ਜਿਵੇਂ ਇਹ ਗੰਢਾਂ ਹੁਣੇ ਖੁੱਲ੍ਹੀਆਂ ਕਿ ਖੁੱਲ੍ਹੀਆਂ, ਤੇ ਲੰਡਾ ਬਜ਼ਾਰ ਸ਼ੁਰੂ ਹੋ ਜਾਏਗਾ! ਓਸ ਤੋਂ ਵੱਖ ਕਸਟਮ ਵਾਲੇ ਵੀ ਸਮਾਨ ਦੀ ਫੋਲਾ ਫਾਲੀ ਇਸ ਤਰਾਂ ਕਰ ਰਹੇ ਸਣ, ਜਿਵੇਂ ਗਿਰਝਾਂ ਮੁਤਰਾਲ਼ ਦੀ ਹਾਲਤ ਕਰਦੀਆਂ ਹਨ! ਮੁਸਾਫ਼ਰਾਂ ਕੋਲੋਂ ਪਹਿਲਾਂ ਸਮਾਨ ਖੁਲ੍ਹਵਾਉਂਦੇ ਸਣ, ਤੇ ਫੇਰ ਓਹਨਾਂ ਨੂੰ ਵਾਪਸ ਪੈਕ ਕਰਨ ਦੀ ਤਕਲੀਫ਼ ਦਾ ਕਸਟਮ ਵਾਲਿਆਂ ਨੂੰ ਕੋਈ ਇਹਸਾਸ ਨਹੀਂ ਸੀ!ਭਲਾ ਕਿਉਂ ਹੁੰਦਾ, ਓਹ ਤੇ ਆਪਣੀ ਡਿਊਟੀ ਕਰ ਗਏ ਸਨ! ਪਰ ਮੈਂ ਕਿਸੇ ਨੂੰ ਭਾਈ ਸਾਹਿਬ: 'ਜ਼ਰਾ ਸਾਮਾਨ ਇਧਰ ਸਰਕਾਣਾ, ਥੋੜਾ ਸਾ ਰਸਤਾ ਦੀਜੇ'-, ਤੇ ਕਿਸੇ ਨੂੰ: 'ਅਰੀ ਭੈਨਾ: ਮੁਝੇ ਆਗੇ ਨਿਕਲਨਾ ਹੈ, ਜ਼ਰਾ ਆਪਣੀ ਗਠੜੀ ਉਧਰ ਘੁਮਾਉਣਾ' ਆਖਦਾ ਆਖਦਾ, ਦੂਜੇ ਪਾਸੇ ਆ ਹੀ ਗਿਆ ਸਾਂ! ਤੇ ਕਸਟਮ ਵਾਲਿਆਂ ਨੂੰ ਵੀ ਭੁਗਤ ਚੁੱਕਿਆ ਸਾਂ! ਦੂਜੇ ਪਾਸੇ ਆਇਆ ਤੇ ਵੇਖਿਆ, ਤਕਰੀਬਨ ਸਾਰੇ ਲੋਕ ਹਿੰਦੁਸਤਾਨੀ ਹੀ ਲਗਦੇ ਸਨ! ਜਿਵੇਂ ਯੂ. ਪੀ., ਬਿਹਾਰ, ਹੈਦਰਾਬਾਦ, ਜਾਂ ਹੋਰ ਉਰਦੂ ਬੋਲਣ ਵਾਲਿਆਂ ਇਲਾਕਿਆਂ ਨਾਲ ਤਅੱਲਕ ਰੱਖਣ ਵਾਲੇ ਸਨ! (ਕਿਉਂ ਜੇ ਸਾਰਿਆਂ ਮੁਸਾਫ਼ਰਾਂ ਨੂੰ ਮੈਂ ਉਰਦੂ ਬੋਲਦਿਆਂ ਹੀ ਸੁਣਿਆਂ)! ਅਜੇ ਲੋਕਾਂ ਦੀ ਪੁਣ ਛਾਣ ਜਾਰੀ ਸੀ, ਜਦ ਮੈਂ ਦੂਜੇ ਪਾਸੇ ਵਾਲੇ ਪਲੇਟਫ਼ਾਰਮ ਵਲ ਵੱਡੇ ਹਾਲ ਵਿਚ ਆ ਕੇ ਬੈਠ ਗਿਆ, ਜਿਥੋਂ ਅੱਗੇ ਭਾਰਤ ਵਾਲੀ ਟਰੇਨ ਤੇ ਸਵਾਰ ਹੋਣਾ ਸੀ! ਓਥੇ ਮੌਜੂਦ ਅਧਿਕਾਰੀ ਨੇ ਟਿਕਟ ਦਾ ਪੁੱਛਿਆ, ਉਸਨੂੰ ਟਿਕਟ ਵਿਖਾਇਆ, ਤੇ ਉਸ ਨੇ ਟਿਕਟ ਨੂੰ ਪੰਚ ਮਾਰ ਕੇ ਮੁੜ ਮੇਰੇ ਹਵਾਲੇ ਕਰ ਦਿੱਤਾ, ਯਾਨੀ ਇੰਡੀਆ ਜਾਣ ਦੀ ਇਜਾਜ਼ਤ ਦੇ ਦਿੱਤੀ! ਲੋਕੀ ਕਸਟਮ ਤੋਂ ਸਮਾਨ ਪਾਸ ਕਰਵਾਉਣ ਮਗਰੋਂ ਇਕ ਵੱਡੇ ਤੇ ਖੁੱਲ੍ਹੇ ਵੇਅਰਹਾਊਸ ਵਿਚ ਇਕੱਠੇ ਹੋਈ ਜਾ ਰਹੇ ਸਣ, ਪਰ ਕਸਟਮ ਵਾਲਿਆਂ ਦੀ ਫੜ੍ਹੀਆਂ ਤੋਂ ਸ਼ਾਇਦ ਤਸੱਲੀ ਹੀ ਨਹੀਂ ਸੀ ਹੋ ਰਈ! ਓਹ ਅਜੇ ਵੀ ਸੀਆਈਡੀ ਦਾ ਰੋਲ ਕਰਨ ਵਿਚ ਰੁੱਝੇ ਹੋਏ ਸਣ, ਤੇ ਕੁਝ ਲੋਕਾਂ ਦੇ ਸਮਾਨ ਦਾ ਦੋਬਾਰਾ ਪੋਸਟ-ਮਾਰਟਮ ਕਰ ਰਹੇ ਸਣ, ਤੇ ਨਾਲ ਨਾਲ ਆਪਣੇ ਹੱਥਲੇ ਮੋਬਾਈਲਾਂ ਤੇ ਇਕ ਦੂਜੇ ਅਫ਼ਸਰ ਨਾਲ ਇਸ ਤਰਾਂ ਗੱਲਾਂ ਕਰ ਰਹੇ ਸਣ ਜਿਸ ਤਰਾਂ ਫ਼ੌਜੀ ਅਫ਼ਸਰ ਮੋਰਚਿਆਂ ਵਿਚ ਅੱਗੇ-ਪਿੱਛੇ ਹੋਣ ਦਿਆਂ ਹਦਾਇਤਾਂ ਦੇ ਰਹੇ ਹੋਣ! ਸਮਾਨ ਦੀ ਚੀਰ ਫਾੜ ਕਰਨ ਤੋਂ ਇਹ ਵੀ ਲਗਦਾ ਸੀ, ਜਿਵੇਂ ਲੋਕੀ ਅਸਲਾ ਲੈ ਕੇ ਜਾ ਰਹੇ ਹੋਣ, ਕਿਉਂ ਜੇ ਕਸਟਮ ਵਾਲਿਆਂ ਦੀ ਤਸੱਲੀ ਹੀ ਨਹੀਂ ਸੀ ਹੋ ਰਹੀ! ਕਸਟਮ ਵਾਲਿਆਂ ਦੀ ਡਿਊਟੀ ਹੀ ਐਸੀ ਹੁੰਦੀ ਹੈ! **(ਚਲਦਾ)**

# ਇਮਰਾਨ ਖਾਨ ਅਤੇ ਕਰਤਾਰਪੁਰ ਲਾਂਘੇ ਦੀ ਦਾਸਤਾਨ



ਜੀ. ਪਾਰਥਾਸਾਰਥੀ

ਭਾਰਤੀ ਸਿੱਖ ਸ਼ਰਧਾਲੂਆਂ ਲਈ ਗੁਰਦੁਆਰਾ ਕਰਤਾਰਪੁਰ ਸਾਹਿਬ ਖੋਲ੍ਹਣ ਦੇ ਪਾਕਿਸਤਾਨ ਦੇ ਅਚਾਨਕ ਫੈਸਲੇ ਨੇ ਭਾਰਤ ਵਿਚ ਕਈ ਸ਼ੱਕ-ਸ਼ੁਬ੍ਹੇ ਪੈਦਾ ਕਰ ਦਿੱਤੇ ਹਨ। ਪਾਕਿਸਤਾਨ ਨੇ ਪਹਿਲਾਂ ਕਈ ਗੁਰਧਾਮ ਜਿਵੇਂ ਗੁਰਦੁਆਰਾ ਨਨਕਾਣਾ ਸਾਹਿਬ, ਡੇਰਾ ਸਾਹਿਬ ਗੁਰਦੁਆਰਾ (ਲਾਹੌਰ) ਆਦਿ ਸ਼ਰਧਾਲੂਆਂ ਲਈ ਦੁਪਾਸੀ ਸਮਝੌਤੇ ਤਹਿਤ ਖੋਲ੍ਹੇ ਸਨ। ਗੁਰਦੁਆਰਾ ਕਰਤਾਰਪੁਰ ਸਾਹਿਬ ਜਿਹੜਾ ਭਾਰਤ-ਪਾਕਿਸਤਾਨ ਸਰਹੱਦ 'ਤੇ ਡੇਰਾ ਬਾਬਾ ਨਾਨਕ ਦੇ ਸਾਹਮਣੇ ਪਾਕਿਸਤਾਨ ਵਾਲੇ ਪਾਸੇ ਬਹੁਤ ਨਜ਼ਦੀਕ ਪੈਂਦਾ ਹੈ, ਵਾਲਾ ਲਾਂਘਾ ਖੋਲ੍ਹਣ ਬਾਰੇ ਜਾਣਕਾਰੀ ਪਾਕਿਸਤਾਨ ਦੀ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨਾਲ ਸਾਂਝੀ ਕੀਤੀ ਸੀ ਜਦੋਂ ਉਹ ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਵਜੋਂ ਹਲਫ਼ਦਾਰੀ ਸਮਾਗਮ ਵਿਚ ਸ਼ਾਮਿਲ ਹੋਏ ਸਨ।

ਦਿਲਚਸਪ ਗੱਲ ਇਹ ਹੈ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਸਵਾਲਾ ਲਾਂਘਾ ਖੋਲ੍ਹਣ ਬਾਰੇ ਭਾਰਤੀ ਆਗੂ, ਸਮੇਤ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ, ਵਾਰ ਵਾਰ ਅਪੀਲਾਂ ਕਰਦੇ ਰਹੇ ਹਨ ਅਤੇ ਪਾਕਿਸਤਾਨ ਇਹ ਅਪੀਲਾਂ ਹਰ ਵਾਰ ਨਜ਼ਰਅੰਦਾਜ਼ ਕਰਦਾ ਰਿਹਾ ਹੈ। ਜਨਰਲ ਬਾਜਵਾ ਦੀ ਅਚਾਨਕ ਦਿਲਚਸਪੀ ਬਹੁਤ ਦੇਰ ਬਾਅਦ ਪ੍ਰਗਟ ਹੋਈ ਹੈ।

ਪਾਕਿਸਤਾਨੀ ਫ਼ੌਜ ਦੇ ਮੁਖੀ ਦੀ ਇਸ ਅਸਾਧਾਰਨ ਕਾਰਵਾਈ ਨੂੰ ਭਾਰਤ ਸਰਕਾਰ ਨੇ ਬਹੁਤ ਗੰਭੀਰਤਾ ਨਾਲ ਘੋਖਿਆ ਕਿਉਂਕਿ ਪਾਕਿਸਤਾਨ ਅੰਦਰਲੇ ਬਹੁਤੇ ਗੁਰਦੁਆਰੇ ਫ਼ੌਜ ਨੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਕੰਟਰੋਲ ਕੀਤੇ ਹੋਏ ਹਨ। ਇਸ ਕਮੇਟੀ ਦਾ ਪਹਿਲਾ ਮੁਖੀ ਆਈਐਸਆਈ ਦੇ ਸਾਬਕਾ ਮੁਖੀ ਲੈਫਟੀਨੈਂਟ ਜਨਰਲ ਜਾਵੇਦ ਨਾਸਿਰ ਨੂੰ ਬਣਾਇਆ ਗਿਆ ਸੀ ਜਿਹੜਾ 1993 ਵਿਚ ਮੁੰਬਈ ਹੋਏ ਬੰਬ ਧਮਾਕਿਆਂ ਦਾ ਵਿਉਂਤਕਾਰ ਸੀ। ਭਾਰਤ ਤੋਂ ਪਾਕਿਸਤਾਨ ਗਏ ਸਿੱਖ ਸ਼ਰਧਾਲੂਆਂ ਦੇ ਜਥਿਆਂ ਦੌਰਾਨ 'ਖਾਲਿਸਤਾਨੀ' ਝੰਡੇ ਲਹਿਰਾਏ ਜਾਂਦੇ ਰਹੇ ਹਨ। ਅਮਰੀਕਾ, ਕੈਨੇਡਾ, ਬਰਤਾਨੀਆ ਵਰਗੇ ਮੁਲਕਾਂ ਤੋਂ ਵਿਸ਼ੇਸ਼ ਤੌਰ 'ਤੇ ਬੁਲਾਏ ਜਾਂਦੇ 'ਖਾਲਿਸਤਾਨੀ' ਕਾਰਕੁਨ ਭਾਰਤੀ ਸ਼ਰਧਾਲੂਆਂ ਨੂੰ ਹਮੇਸ਼ਾ ਉਕਸਾਉਂਦੇ ਰਹਿੰਦੇ ਹਨ। ਬਿਨਾਂ ਸ਼ੱਕ, ਆਈਐਸਆਈ ਹੁਣ ਫਿਰ ਪੰਜਾਬ ਵਿਚ ਗੜਬੜ ਪੈਦਾ ਕਰਨਾ ਚਾਹੁੰਦੀ ਹੈ। ਇਸ ਦਾ ਸਬੂਤ ਕੁਝ ਹਫ਼ਤੇ ਪਹਿਲਾਂ ਅੰਮ੍ਰਿਤਸਰ ਵਿਚ ਨਿਰੰਕਾਰੀ ਸਮਾਗਮ ਉਪਰ ਹੋਇਆ ਅਤਿਵਾਦੀ ਹਮਲਾ ਹੈ। ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਵੀ ਲਗਾਤਾਰ ਜਾਰੀ ਹੈ।

ਇਹ ਗੱਲਾਂ ਉਸ ਸਮੇਂ ਵਾਪਰੀਆਂ ਹਨ ਜਦੋਂ ਇਮਰਾਨ ਖਾਨ ਆਪਣੀ ਸਰਕਾਰ ਦੇ ਪਹਿਲੇ 100 ਦਿਨ ਪੂਰੇ ਕਰਨ ਦੇ ਜਸ਼ਨ ਮੁਲਕ ਭਰ ਵਿਚ ਮਨਾਉਣ 'ਚ ਰੁੱਝੇ ਹੋਏ ਸਨ। ਆਸ ਦੇ ਉਲਟ, ਇਮਰਾਨ ਸਰਕਾਰ ਦੇ ਪਹਿਲੇ 100 ਦਿਨ ਆਪਣੇ ਮੁਲਕ ਵਾਸੀਆਂ ਦੇ ਮਨਾਂ ਵਿਚ ਜਗਾਈਆਂ ਆਸਾਂ ਮੁਤਾਬਿਕ ਨਹੀਂ ਸਨ। ਅਜਿਹਾ ਫ਼ੌਜ ਦਾ ਲਾਡਲਾ ਹੋਣ ਦੇ ਬਾਵਜੂਦ ਵਾਪਰਿਆ, ਉਹੀ ਫ਼ੌਜ ਜਿਸ ਨੇ ਉਸ ਨੂੰ ਪ੍ਰਧਾਨ ਮੰਤਰੀ ਬਣਨ ਵਿਚ ਮਦਦ ਕੀਤੀ। ਪਾਕਿਸਤਾਨ ਦਾ ਵਿਦੇਸ਼ੀ ਮੁਦਰਾ ਭੰਡਾਰ ਘਟ ਕੇ ਮਸਾਂ 8 ਅਰਬ ਡਾਲਰ ਰਹਿ ਗਿਆ ਹੈ। ਹੁਣ ਖ਼ਦਸ਼ਾ ਹੈ ਕਿ ਚਾਲੂ ਵਿੱਤੀ ਸਾਲ ਦੌਰਾਨ ਵਪਾਰ ਘਾਟਾ ਹੋਰ 12 ਅਰਬ ਡਾਲਰ ਤੱਕ ਪਹੁੰਚ ਜਾਏਗਾ ਅਤੇ ਪਾਕਿਸਤਾਨ ਨੂੰ ਰਾਹਤ ਲਈ ਆਪਣੇ ਪੁਰਾਣੇ ਵਿੱਤੀ ਸਰਪ੍ਰਸਤਾਂ- ਸਾਊਦੀ ਅਰਬ, ਚੀਨ, ਅਮਰੀਕਾ, ਯੂਰੋਪੀਅਨ ਯੂਨੀਅਨ, ਸੰਯੁਕਤ ਅਰਬ ਅਮੀਰਾਤ (ਯੂਏਈ) ਅਤੇ ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ) ਦੇ ਦਰਬਾਰ ਵਿਚ ਜਾਣਾ ਪਵੇਗਾ।

ਸਾਊਦੀ ਹੁਣ ਪਾਕਿਸਤਾਨ ਦੇ ਓਨੇ ਹਮਦਰਦ ਨਹੀਂ ਰਹੇ ਜਿੰਨੇ ਉਹ ਪੁਰਾਣੇ ਸਮਿਆਂ ਵਿਚ ਹੁੰਦੇ ਸਨ। ਉਨ੍ਹਾਂ ਨੇ ਥੋੜ੍ਹੇ ਸਮੇਂ ਦੀ ਮਿਆਦ ਲਈ ਪਾਕਿਸਤਾਨੀ ਬੈਂਕ ਵਿਚ 3 ਅਰਬ ਡਾਲਰ ਜਮ੍ਹਾ ਕਰਾਉਣ ਦੀ ਪੇਸ਼ਕਸ਼ ਕੀਤੀ। ਅਜਿਹੀ ਹੀ ਪੇਸ਼ਕਸ਼ ਪੈਟਰੋਲੀਅਮ ਦੀਆਂ ਅਦਾਇਗੀਆਂ ਥੋੜ੍ਹੇ ਚਿਰ ਲਈ ਰੋਕਣ ਦੀ ਕੀਤੀ। ਆਈਐੱਮਐੱਫ ਨੇ ਸਖ਼ਤ ਸ਼ਰਤਾਂ ਮੜ੍ਹ ਦਿੱਤੀਆਂ ਜਿਨ੍ਹਾਂ ਵਿਚ ਚੀਨ-ਪਾਕਿਸਤਾਨ ਆਰਥਿਕ ਲਾਂਘੇ ਉਪਰ ਚੀਨ ਦੇ ਕਰਜ਼ਿਆਂ ਉਪਰ ਮੁੜ ਅਦਾਇਗੀਆਂ ਦੀਆਂ ਦੇਣਦਾਰੀਆਂ ਦੇ ਵੇਰਵੇ ਦੇਣੇ ਵੀ ਸ਼ਾਮਲ ਸਨ। ਹਾਲ ਦੀ ਘੜੀ, ਆਈਐੱਮਐੱਫ ਨਾਲ ਗੱਲਬਾਤ ਦੀ ਪ੍ਰਕਿਰਿਆ ਰੁਕੀ ਹੋਈ ਹੈ। ਚੀਨ ਕੋਲੋਂ ਲੰਬੇ ਸਮੇਂ, ਘੱਟ ਵਿਆਜ/ ਵਿਆਜ ਮੁਕਤ ਕਰਜ਼ੇ ਮਿਲਣ ਦੀਆਂ ਆਸਾਂ ਨੂੰ ਵੀ ਬੂਰ ਨਹੀਂ ਪਿਆ। ਅਮਰੀਕਾ ਨੇ ਪਾਕਿਸਤਾਨ ਨੂੰ ਫ਼ੌਜੀ ਅਤੇ ਆਰਥਿਕ ਸਹਾਇਤਾ ਬੰਦ ਕਰ ਦਿੱਤੀ ਹੈ।

ਪਾਕਿਸਤਾਨ ਦੇ ਵਿੱਤ ਮੰਤਰੀ ਅਸਦ ਉਮਰ ਨੇ ਹੁਣੇ ਜਿਹੇ ਐਲਾਨ ਕੀਤਾ ਹੈ, "ਪਾਕਿਸਤਾਨ ਨੂੰ ਇਸ ਵੇਲੇ 12 ਅਰਬ ਡਾਲਰ ਦੇ ਵਿੱਤੀ ਘਾਟੇ ਅਤੇ 9 ਅਰਬ ਡਾਲਰ ਦੀਆਂ ਕਰਜ਼ਾ ਦੇਣਦਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਇਸ ਸਾਲ ਵਿਚ ਕੁੱਲ 27 ਅਰਬ ਡਾਲਰ ਹੋ ਜਾਣਗੀਆਂ।" ਉਨ੍ਹਾਂ ਇਹ ਵੀ ਕਿਹਾ, "ਸਾਨੂੰ ਇਹ ਵਾਰਾ ਨਹੀਂ ਖਾਂਦੀਆਂ।"

ਇਮਰਾਨ ਖਾਨ ਨੇ ਭਾਰਤ ਕੋਲ 'ਗੱਲਬਾਤ' ਸ਼ੁਰੂ ਕਰਨ ਅਤੇ ਇਸਲਾਮਾਬਾਦ ਵਿਚ ਅਗਾਊਂ ਉਲੀਕੇ ਸਾਰਕ ਸੰਮੇਲਨ ਵਿਚ ਹਿੱਸਾ ਲੈਣ ਲਈ ਪਹੁੰਚ ਕੀਤੀ। ਸਾਡਾ ਪਹਿਲਾ ਪੈਂਤੜਾ ਕਿ 'ਗੱਲਬਾਤ ਅਤੇ ਦਹਿਸ਼ਤਗਰਦੀ ਇਕੱਠੇ ਨਹੀਂ ਚੱਲ ਸਕਦੇ' ਕੇਵਲ ਕੌਮਾਂਤਰੀ ਪੱਧਰ ਉਪਰ ਹੀ ਪ੍ਰਵਾਨਿਆ ਨਹੀਂ ਜਾਂਦਾ ਸਗੋਂ ਕਠੋਰਤਾ ਦਾ ਸੁਨੇਹਾ ਵੀ ਦਿੰਦਾ ਹੈ। ਇਹ ਸੂਖਮ-ਭੇਦ ਸਮਝਣ ਦੀ ਲੋੜ ਹੈ। ਭਾਰਤ ਦੀ ਸੰਸਦ ਉਪਰ ਜੈਸ਼-ਏ-ਮੁਹੰਮਦ ਦੇ ਹਮਲੇ ਬਾਅਦ 'ਗੁਪਤ' ਗੱਲਬਾਤ ਰਾਹੀਂ ਬਣੀਆਂ ਸਹਿਮਤੀਆਂ ਦਾ ਨਤੀਜਾ ਇਹ ਨਿਕਲਿਆ ਸੀ ਕਿ ਜਨਰਲ ਪਰਵੇਜ਼ ਮੁਸ਼ੱਰਫ ਨੇ ਅਟਲ ਬਿਹਾਰੀ ਵਾਜਪਾਈ ਨੂੰ ਭਰੋਸਾ ਦਿੱਤਾ ਕਿ 'ਪਾਕਿਸਤਾਨ ਦੇ ਕੰਟਰੋਲ ਵਾਲੇ ਇਲਾਕੇ' ਨੂੰ ਭਾਰਤ ਵਿਰੁਧ ਦਹਿਸ਼ਤਗਰਦੀ ਲਈ ਨਹੀਂ ਵਰਤਿਆ ਜਾਵੇਗਾ। ਪਾਕਿਸਤਾਨ ਨੇ ਇਸ ਭਰੋਸੇ ਉਪਰ 2007 ਤੱਕ ਅਮਲ ਕੀਤਾ।

ਇਸ ਦੌਰਾਨ ਜੰਮੂ ਕਸ਼ਮੀਰ ਸਮੇਤ ਸਾਰੇ ਮੁੱਦਿਆਂ ਉਪਰ 'ਸਾਂਝੀ ਗੱਲਬਾਤ ਪ੍ਰਕਿਰਿਆ' ਸ਼ੁਰੂ ਹੋ ਗਈ ਸੀ। ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਪੇਸ਼ਕਸ਼ ਸੀ ਕਿ "ਹੁਣ ਸਰਹੱਦਾਂ ਦੁਬਾਰਾ ਉਲੀਕੀਆਂ ਨਹੀਂ ਜਾ ਸਕਦੀਆਂ", ਪਰ ਅਸੀਂ ਮਿਲ ਕੇ ਇਨ੍ਹਾਂ ਤੋਂ ਅਗਾਂਹ ਵਧੀਏ ਅਤੇ ਇਨ੍ਹਾਂ ਨੂੰ ਮਹਿਜ਼ "ਨਕਸ਼ੇ ਉਪਰ ਖਿੱਚੀਆਂ ਲਕੀਰਾਂ" ਤੱਕ ਮਹਿਦੂਦ ਕਰ ਦੇਈਏ। ਇਹ ਪ੍ਰਕਿਰਿਆ 2008 ਵਿਚ ਮੁੰਬਈ ਵਿਚ ਹੋਏ 26/11 ਦਹਿਸ਼ਤੀ ਹਮਲੇ ਨਾਲ ਹੀ ਖ਼ਤਮ ਹੋ ਗਈ। ਪਾਕਿਸਤਾਨੀ ਦਹਿਸ਼ਤਗਰਦੀ ਉਦੋਂ ਤੋਂ ਹੀ ਲਗਾਤਾਰ ਬੇਰੋਕ ਜਾਰੀ ਹੈ।

ਪਾਕਿਸਤਾਨ ਹੁਣ 'ਸਾਂਝੀ ਗੱਲਬਾਤ ਪ੍ਰਕਿਰਿਆ' ਸ਼ੁਰੂ ਕਰਨੀ ਚਾਹੇਗਾ। ਇਹ ਪ੍ਰਕਿਰਿਆ ਰੱਦ ਕਰ ਦੇਣੀ ਚਾਹੀਦੀ ਹੈ ਕਿਉਂਕਿ ਇਸ ਪ੍ਰਕਿਰਿਆ ਵਿਚ ਦਹਿਸ਼ਤਗਰਦੀ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਗਈ ਹੈ। ਇਸ ਦਾ ਮਤਲਬ ਇਹ ਨਹੀਂ ਕਿ ਭਾਰਤ ਸਾਰੇ ਡਿਪਲੋਮੈਟਿਕ ਅਤੇ 'ਗੁਪਤ' ਸੰਪਰਕ ਹੀ ਖ਼ਤਮ ਕਰ ਦੇਵੇ। ਇਹ ਜ਼ਰੂਰੀ ਹੈ ਕਿ ਜੰਮੂ ਕਸ਼ਮੀਰ ਬਾਰੇ ਗੱਲਬਾਤ ਸ਼ੁਰੂ ਕਰਨ ਤੋਂ ਪਹਿਲਾਂ ਦਹਿਸ਼ਤਗਰਦੀ ਨੂੰ ਪਾਕਿਸਤਾਨੀ ਸਰਪ੍ਰਸਤੀ ਖ਼ਤਮ ਹੋਣੀ ਚਾਹੀਦੀ ਹੈ। ਅਸੀਂ ਪਾਕਿਸਤਾਨ ਦੀ ਫ਼ੌਜ ਦੀਆਂ ਤਰਜੀਹਾਂ ਨੂੰ ਭਾਰਤ ਬਾਰੇ ਹਿੱਤਾਂ ਬਰਾਬਰ ਰੱਖ ਕੇ ਗਲਤੀ ਕਰਦੇ ਰਹੇ ਹਾਂ। ਵਾਜਪਾਈ ਦੀ ਵੀਜ਼ਾ ਸ਼ਰਤਾਂ ਨਰਮ ਕਰਨ ਦੀ ਵਕਾਲਤ, ਖਾਸ ਕਰਕੇ ਕਰਾਚੀ ਅਤੇ ਸਿੰਧ ਦੇ 'ਮੁਹਾਜਿਰਾਂ' ਲਈ, ਨੇ ਭਾਰਤ ਬਾਰੇ ਜਨਤਕ ਰਾਇ ਵਿਚ ਨਾਟਕੀ ਤਬਦੀਲੀ ਲਿਆਂਦੀ ਸੀ। ਇਸ ਨੇ ਪਾਕਿਸਤਾਨ ਦੇ ਆਮ ਲੋਕਾਂ ਦੇ ਭਾਰਤ ਬਾਰੇ ਬਣੇ ਗਲਤ ਵਿਚਾਰਾਂ ਨੂੰ ਦਰੁਸਤ ਕਰਨ ਵਿਚ ਸਾਡੀ ਬਹੁਤ ਮਦਦ ਕੀਤੀ। ਸਾਨੂੰ ਵਿਦਿਆਰਥੀਆਂ, ਅਕਾਦਮੀਸ਼ੀਅਨਾਂ, ਵਪਾਰਕ ਸੰਗਠਨਾਂ, ਸੱਭਿਆਚਾਰਕ ਟੋਲੀਆਂ ਅਤੇ ਪਰਿਵਾਰਕ ਸਬੰਧਾਂ ਵਾਲਿਆਂ ਦੇ ਇਕ-ਦੂਜੇ ਮੁਲਕ ਦੇ ਦੌਰਿਆਂ ਨੂੰ ਤਰਜੀਹ ਦੇਣ ਦੀ ਲੋੜ ਹੈ। ਆਉਣ-ਜਾਣ ਦੇ ਅਜਿਹੇ ਮੌਕਿਆਂ ਬਾਰੇ ਸਾਨੂੰ ਸੁਰੱਖਿਆ ਪੇਚੀਦਗੀਆਂ ਬਾਰੇ ਸਵੈ-ਭਰਮੀ ਹੋਣ ਦੀ ਲੋੜ ਨਹੀਂ।

ਪਾਕਿਸਤਾਨੀ ਫ਼ੌਜ ਨਾਲ ਪੂਰੀ ਦ੍ਰਿੜਤਾ ਨਾਲ ਅਤੇ ਹਕੀਕੀ ਪੱਧਰ ਉੱਤੇ ਨਜਿੱਠਣ ਦੀ ਲੋੜ ਹੈ। ਪਾਕਿਸਤਾਨ ਨੂੰ ਇਹ ਵੀ ਖੁੱਲ੍ਹ ਕੇ ਦੱਸ ਦੇਣਾ ਚਾਹੀਦਾ ਹੈ ਕਿ ਭਾਰਤੀ ਬਰਾਮਦਾਂ ਉਪਰ ਸਖ਼ਤ ਰੋਕਾਂ ਅਤੇ ਅਫ਼ਗਾਨਿਸਤਾਨ ਲਈ ਲਾਂਘੇ ਤੋਂ ਇਨਕਾਰ ਕਾਰਨ 'ਸਾਰਕ ਮੁਕਤ ਵਪਾਰ ਸਮਝੌਤਾ' ਅਰਥਹੀਣ ਬਣ ਚੁੱਕਾ ਹੈ। ਕੇਵਲ ਭਾਰਤ ਹੀ ਨਹੀਂ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਵੀ ਪਾਕਿਸਤਾਨ ਵਿਚ ਹੋਣ ਵਾਲੇ ਅਗਲੇ ਸਾਰਕ ਸੰਮੇਲਨ ਵਿਚ ਹਿੱਸਾ ਲੈਣ ਤੋਂ ਹਿਚਕਿਚਾ ਰਹੇ ਹਨ। ਇਹੀ ਨਹੀਂ, ਚੀਨ ਨੂੰ ਸਾਰਕ ਮੁਲਕਾਂ ਵਿਚ ਸ਼ਾਮਲ ਕਰਨ ਦੀ ਜ਼ਿੱਦ ਕਰਕੇ ਪਾਕਿਸਤਾਨ ਆਪਣਾ ਸਮਾਂ ਖਰਾਬ ਕਰ ਰਿਹਾ ਹੈ ਕਿਉਂਕਿ ਚੀਨ ਦੱਖਣੀ ਏਸ਼ਿਆਈ ਮੁਲਕ ਨਹੀਂ ਹੈ। ਪਾਕਿਸਤਾਨ ਜਾਣਦਾ ਹੈ ਕਿ ਉਸ ਦੀ ਅਜਿਹੀ ਤਜਵੀਜ਼ ਹੈ ਜਿਸ ਨੂੰ ਭਾਰਤ ਪ੍ਰਵਾਨ ਨਹੀਂ ਕਰੇਗਾ। ਇਸ ਲਈ ਸਾਨੂੰ ਇਸਲਾਮਾਬਾਦ ਵਿਚ ਹੋਣ ਵਾਲੇ ਸਾਰਕ ਸੰਮੇਲਨ ਬਾਰੇ ਇਮਰਾਨ ਖਾਨ ਦੇ ਅਗਾਊਂ ਸੱਦੇ ਨੂੰ ਕਾਹਲ ਵਿਚ ਹਾਂ-ਪੱਖੀ ਹੁੰਗਾਰਾ ਨਹੀਂ ਦੇਣਾ ਚਾਹੀਦਾ।

ਪਾਕਿਸਤਾਨ ਦੇ ਲੋਕਾਂ ਤੱਕ ਰਸਾਈ ਤੋਂ ਇਲਾਵਾ ਸੀਨੀਅਰ ਡਿਪਲੋਮੈਟਾਂ, ਫ਼ੌਜ ਦੇ ਅਧਿਕਾਰੀਆਂ ਤੇ ਖੁਫੀਆ ਏਜੰਸੀਆਂ ਵਿਚਕਾਰ 'ਗੁਪਤ' ਰਾਬਤਾ ਜ਼ਰੂਰੀ ਹਨ ਤਾਂ ਜੋ ਦਹਿਸ਼ਤਗਰਦੀ ਅਤੇ ਦੁਪਾਸੀ ਸਹਿਯੋਗ ਵਾਲੇ ਮੁੱਦਿਆਂ ਨਾਲ ਨਜਿੱਠਿਆ ਜਾ ਸਕੇ। ਇਸ ਦੇ ਨਾਲ ਹੀ ਸਰਹੱਦ ਪਾਰਲੇ ਅਤਿਵਾਦ ਬਾਰੇ ਸਖ਼ਤੀ ਨਾਲ ਦਬਾਅ ਬਣਾਈ ਰੱਖਣ ਦੀ ਲੋੜ ਹੈ। ਹਿਮਾਲੀਅਨ ਪਹਾੜੀਆਂ ਵਿਚ ਮੌਸਮੀ ਬਰਫ਼ਬਾਰੀ ਕਾਰਨ ਪਾਕਿਸਤਾਨ ਵਿਚੋਂ ਭਾਰਤ ਅੰਦਰ ਘੁਸਪੈਠ ਘਟ ਜਾਣੀ ਹੈ। ਪ੍ਰਧਾਨ ਮੰਤਰੀ ਇਮਰਾਨ ਖਾਨ ਨੇ 2004-07 ਵਾਲੀਆਂ ਲੀਹਾਂ 'ਤੇ ਜੰਮੂ ਕਸ਼ਮੀਰ ਦਾ ਮੁੱਦਾ ਵਿਚਾਰਨ ਲਈ ਕੁਝ ਤਜਵੀਜ਼ਾਂ ਬਾਰੇ ਤਿਆਰ ਹੋਣ ਵਿਚ ਦਿਲਚਸਪੀ ਦਿਖਾਈ ਹੈ। ਇਸ ਸਮੇਂ ਦੌਰਾਨ ਦਹਿਸ਼ਤਗਰਦੀ ਵੀ ਕਾਫੀ ਘਟੀ ਹੈ। ਫਿਰ ਵੀ, ਅਸੀਂ ਵੱਡੇ ਮੁੱਦੇ ਭਾਰਤ ਦੀਆਂ ਆਮ ਚੋਣਾਂ ਤੋਂ ਬਾਅਦ ਹੀ ਵਿਚਾਰ ਸਕਦੇ ਹਾਂ। ਫਿਲਹਾਲ, ਪਾਕਿਸਤਾਨੀ ਫ਼ੌਜ ਨੂੰ ਇਹ ਅਹਿਸਾਸ ਕਰਵਾਉਂਦੇ ਰਹਿਣਾ ਚਾਹੀਦਾ ਹੈ ਕਿ ਦਹਿਸ਼ਤਗਰਦੀ ਨੂੰ ਉਤਸ਼ਾਹਿਤ ਕਰਨ ਦੀ ਕੀ ਕੀਮਤ ਤਾਰਨੀ ਪੈਂਦੀ ਹੈ।

Issue- 310, Vol-13, December 19, 2018

# ਪਰਦੇਸ ਟਾਇਮਜ਼ ਦੀ 13ਵੀਂ ਵਰ੍ਹੇਗੰਢ ਦੀਆਂ ਕੁਝ ਝਲਕੀਆਂ





























# ਪਰਦੇਸ ਟਾਇਮਜ਼ ਦੀ 13ਵੀਂ ਵਰ੍ਹੇਗੰਢ ਦੀਆਂ ਕੁਝ ਝਲਕੀਆਂ




























Issue- 310, Vol-13, December 19, 2018

# ਪਰਦੇਸ ਟਾਇਮਜ਼ ਦੀ 13ਵੀਂ ਵਰ੍ਹੇਗੰਢ ਦੀਆਂ ਕੁਝ ਝਲਕੀਆਂ
























# ਪਰਦੇਸ ਟਾਇਮਜ਼ ਦੀ 13ਵੀਂ ਵਰ੍ਹੇਗੰਢ ਦੀਆਂ ਕੁਝ ਝਲਕੀਆਂ





























# ਪਰਦੇਸ ਟਾਇਮਜ਼ ਦੀ 13ਵੀਂ ਵਰ੍ਹੇਗੰਢ ਦੀਆਂ ਕੁਝ ਝਲਕੀਆਂ





















# ਪਰਦੇਸ ਟਾਈਮਜ਼ ਦੀ 13ਵੀਂ ਵਰ੍ਹੇਗੰਢ ਦੀਆਂ ਕੁਝ ਝਲਕੀਆਂ





















# 84 ਦੀ ਹਜੂਮੀ ਹਿੰਸਾ ਤੇ ਨਿਆਂ ਵੱਲ ਪੇਸ਼ਕਦਮੀ

ਭਾਰਤੀ ਕਾਨੂੰਨ ਵਿਵਸਥਾ ਦੇ ਤਹਿਤ, ਕਿਸੇ ਵੀ ਪੀੜਤ ਨੂੰ ਅਪਰਾਧਿਕ ਮੁਕੱਦਮਿਆਂ ਵਿਚ ਨਿਆਂ ਹਾਸਲ ਕਰਨ ਲਈ ਪ੍ਰਸ਼ਾਸਨ, ਮੁਕੱਦਮੇ ਦੀ ਜਾਂਚ ਕਰਨ ਵਾਲਿਆਂ ਅਤੇ ਕੇਸ ਲੜਨ ਵਾਲੇ ਸਰਕਾਰੀ ਵਕੀਲਾਂ ਨੂੰ ਮਹਿਜ਼ ਸਹਿਯੋਗ ਕਰਨਾ ਹੁੰਦਾ ਹੈ ਪਰ ਜਦੋਂ 1984 ਦੇ ਸਿੱਖ ਕਤਲੇਆਮ ਕੇਸਾਂ ਦੀ ਵਾਰੀ ਆਈ, ਕਿਤੇ ਨਾ ਕਿਤੇ, ਪ੍ਰਸ਼ਾਸਨ ਦੀ ਪਹੁੰਚ ਬਦਲ ਗਈ। ਇਸ ਵੱਲੋਂ ਨਿਭਾਈ ਜਾਣ ਵਾਲੀ ਜ਼ਿੰਮੇਵਾਰੀ, ਭਾਵ ਸਬੂਤ ਜੁਟਾਉਣਾ ਅਤੇ ਮੁਕੱਦਮਿਆਂ ਵਿਚ ਇਨਸਾਫ਼ ਮਿਲਣਾ ਯਕੀਨੀ ਬਣਾਉਣਾ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੋਢਿਆਂ ਉਪਰ ਤਬਦੀਲ ਹੋ ਗਈ। ਕੀ ਸਿੱਖ ਕਤਲੇਆਮ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦਿਵਾਉਣ ਦੀ ਅਸਫਲਤਾ, ਸਮਾਜ ਦੀ ਅਸਫਲਤਾ ਨਹੀਂ ਹੈ? ਕੀ ਕਾਨੂੰਨ ਦਾ ਸ਼ਿਕੰਜਾ ਅਪਰਾਧੀਆਂ ਦੀ ਧੌਣ ਤਕ ਪਹੁੰਚਾਉਣਾ ਜਿੱਤ ਨਹੀਂ ਹੈ?

ਦਿੱਲੀ ਹਾਈ ਕੋਰਟ ਦੇ ਜਸਟਿਸ ਆਰ.ਕੇ. ਗਾਬਾ ਨੇ 1984 ਦੀ ਹਜੂਮੀ ਹਿੰਸਾ ਲਈ ਹੇਠਲੀ ਅਦਾਲਤ ਵੱਲੋਂ 88 ਦੋਸ਼ੀਆਂ ਨੂੰ ਐਲਾਨੀ ਹੋਈ ਪੰਜ ਪੰਜ ਸਾਲ ਦੀ ਕੈਦ ਸਜ਼ਾ ਹੁਣੇ ਜਿਹੇ ਅਪਰਾਧੀਆਂ ਦੀਆਂ ਅਪੀਲਾਂ ਖਾਰਜ ਕਰਦਿਆਂ ਬਰਕਰਾਰ ਰੱਖੀ ਹੈ। ਜੱਜ ਨੇ ਫੈਸਲੇ ਵਿਚ ਲਿਖਿਆ ਹੈ, "ਅਜਿਹਾ ਮੁੜ ਨਾ ਵਾਪਰਨ ਬਾਰੇ ਇਕ ਨਜ਼ਰੀਆ ਇਹ ਹੈ ਕਿ ਮੁਲਕ ਦੇ ਇਤਿਹਾਸ ਦੇ ਅਜਿਹੇ ਕਾਲੇ ਅਧਿਆਏ ਜਿਹੜੇ ਸਦਾ ਸਾਡੇ ਸਾਹਵੇਂ ਰਹਿੰਦੇ ਹਨ ਤੇ ਸਿਵਿਲ ਸੁਸਾਇਟੀ ਵਿਚ ਵੀ ਆਮ ਕਰਕੇ ਸਾਹਮਣੇ ਆਉਂਦੇ ਰਹਿੰਦੇ ਹਨ, ਇਹ ਸਾਡੀਆਂ ਯਾਦਾਂ ਵਿਚੋਂ ਮੇਸਣੇ ਨਹੀਂ ਚਾਹੀਦੇ ਤਾਂਕਿ ਸਾਨੂੰ ਗਲੇ-ਸੜੇ ਨਿਜ਼ਾਮ ਦਾ ਸ਼ੀਸ਼ਾ ਦਿਸਦਾ ਰਹੇ।" ਇਹ ਚਿਤਾਵਨੀ ਸਾਡੇ ਮੁਲਕ ਵਿਚ ਬਹੁਤ ਮਹੱਤਵ ਰੱਖਦੀ ਹੈ ਜਿੱਥੇ 1984 ਵਿਚ ਨਿਰਦੋਸ਼ਾਂ ਦੀਆਂ ਵੱਡੇ ਪੱਧਰ 'ਤੇ ਹੱਤਿਆਵਾਂ ਕਰਨ ਦੇ ਨਵੇਂ ਰੁਝਾਨ ਦੀ ਸ਼ੁਰੂਆਤ ਹੋਈ; ਫਿਰ ਇਨ੍ਹਾਂ ਦੀ ਵਰਤੋਂ ਚੋਣਾਂ ਜਿੱਤਣ ਲਈ ਕੀਤੀ ਗਈ; ਤੇ ਅਪਰਾਧੀਆਂ ਨੂੰ ਉੱਚ ਅਹੁਦੇ ਬਖ਼ਸ਼ ਕੇ ਉਨ੍ਹਾਂ ਨੂੰ ਇਨਾਮ ਦਿੱਤੇ ਗਏ ਪਰ ਯਾਦ ਰੱਖਣਾ ਚਾਹੀਦਾ ਹੈ ਕਿ ਗੁਨਾਹਗਾਰ ਕਾਨੂੰਨ ਦੇ ਸ਼ਿਕੰਜੇ ਤੋਂ ਬਚ ਨਹੀਂ ਸਕਦੇ।

ਮੇਰੀ ਪੁਸਤਕ 'ਵੈੱਨ ਏ ਟ੍ਰੀ ਸ਼ੁੱਕ ਦਿੱਲੀ' 2007 ਵਿਚ ਰਿਲੀਜ਼ ਕੀਤੀ ਗਈ ਸੀ ਜਿਸ ਉਪਰ ਉਸ ਸਮੇਂ ਹੋਈ ਵਿਚਾਰ-ਚਰਚਾ ਵਿਚ ਹਿੱਸਾ ਲੈਂਦਿਆਂ ਸਾਬਕਾ ਕਾਨੂੰਨ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਕੌਮੀ ਨੇਤਾ ਸਲਮਾਨ ਖੁਰਸ਼ੀਦ ਨੇ ਕਿਹਾ ਸੀ ਕਿ ਇਹ ਪੁਸਤਕ ਉਨ੍ਹਾਂ, ਜਿਹੜੇ ਅਜਿਹੇ ਅਪਰਾਧਾਂ ਵਿਚ ਸ਼ਾਮਲ ਹੁੰਦੇ ਹਨ, ਨੂੰ ਸੁਚੇਤ ਕਰਦੀ ਹੈ ਕਿ ਉਹ ਕਦੇ ਵੀ ਬਚ ਨਹੀਂ ਸਕਦੇ ਅਤੇ ਆਖ਼ਰਕਾਰ ਕਾਨੂੰਨ ਦੇ ਹੱਥ ਉਨ੍ਹਾਂ ਦੀ ਧੌਣ ਤੱਕ ਪਹੁੰਚ ਜਾਣਗੇ। ਹਾਲੀਆ ਸਜ਼ਾਵਾਂ ਉਨ੍ਹਾਂ ਲਈ ਚਿਤਾਵਨੀ ਹਨ ਜਿਹੜੇ 1984 ਤੋਂ ਬਾਅਦ ਹੁਣ ਤੱਕ ਸਿਸਟਮ ਨੂੰ ਆਪਣੀ ਮਰਜ਼ੀ ਅਨੁਸਾਰ ਤੋੜਨ-ਮਰੋੜਨ ਵਿਚ ਮਸਰੂਫ਼ ਰਹੇ ਹਨ ਅਤੇ ਇਹ ਸਮਝਦੇ ਰਹੇ ਹੇ ਕਿ ਉਹ ਆਪਣੀ ਤਾਕਤ ਦੇ ਸਿਰ 'ਤੇ ਬਚ ਜਾਣਗੇ।

ਦਿੱਲੀ ਕਤਲੇਆਮ ਦੌਰਾਨ ਮਹੀਪਾਲਪੁਰ ਵਿਚ ਸਿੱਖਾਂ ਦੀਆਂ ਹੱਤਿਆਵਾਂ ਲਈ ਦੋ ਹੋਟਲ ਮਾਲਕਾਂ ਨੂੰ ਵਧੀਕ ਸੈਸ਼ਨਜ਼ ਜੱਜ ਅਜੈ ਪਾਂਡੇ ਨੇ ਸਖ਼ਤ ਸਜ਼ਾ ਸੁਣਾਈ ਹੈ। ਇਨ੍ਹਾਂ ਵਿਚੋਂ ਇਕ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਅਤੇ ਦੂਜੇ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸੁਪਰੀਮ ਕੋਰਟ ਨੇ ਦੋ-ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿੱਟ) ਕਾਇਮ ਕੀਤੀ ਸੀ ਤਾਂ ਕਿ ਬੰਦ ਕੀਤੇ ਜਾ ਚੁੱਕੇ ਕੇਸਾਂ ਦੀ ਮੁੜ ਤਫ਼ਤੀਸ਼ ਹੋਵੇ। ਇਸ ਨੇ ਸਮੁੱਚੀ ਪਹੁੰਚ ਬਦਲ ਦਿੱਤੀ ਅਤੇ ਇਹ ਸੁਨੇਹਾ ਦਿੱਤਾ ਹੈ ਕਿ ਹਰ ਹਾਲ ਨਿਆਂ ਹੋਣਾ ਚਾਹੀਦਾ ਹੈ, ਭਾਵੇਂ ਕਿੰਨੀ ਵੀ ਦੇਰ ਕਿਉਂ ਨਾ ਹੋ ਚੁੱਕੀ ਹੋਵੇ। ਹੁਣੇ ਹੋਈਆਂ ਸਜ਼ਾਵਾਂ ਤੋਂ ਇਲਾਵਾ, ਦੂਜੇ ਕੇਸਾਂ ਵਿਚ ਵੀ ਫ਼ੈਸਲੇ ਜਲਦੀ ਹੋਣ ਦੀ ਆਸ ਹੈ। ਕੇਸਾਂ ਦੇ ਮੁੜ ਖੋਲ੍ਹੇ ਜਾਣ ਨਾਲ ਆਸ ਬੱਝੀ ਹੈ ਕਿ ਬਹੁਤ ਸਾਰੇ ਕੇਸਾਂ ਦੇ ਤਾਜ਼ਾ ਮੁਕੱਦਮੇ ਚੱਲਣਗੇ।



ਦਿੱਲੀ ਹਾਈ ਕੋਰਟ ਨੇ 88 ਦੋਸ਼ੀਆਂ ਦੀ ਪੰਜ ਪੰਜ ਸਾਲ ਕੈਦ ਸਜ਼ਾ ਬਰਕਰਾਰ ਰੱਖੀ ਹੈ ਜਦੋਂਕਿ 2 ਨਵੰਬਰ 1984 ਨੂੰ ਪੁਲੀਸ ਨੇ 107 ਦੰਗਈ ਫੜੇ ਸਨ ਪਰ ਪੁਲਿਸ ਨੇ ਜਾਣ-ਬੁੱਝ ਕੇ ਇਨ੍ਹਾਂ ਵਿਰੁੱਧ ਕੇਵਲ ਦੰਗੇ ਕਰਨ ਦੀ ਚਾਰਜਸ਼ੀਟ ਦਾਖ਼ਲ ਕੀਤੀ ਸੀ, ਹੱਤਿਆ ਕਰਨ ਦੀ ਨਹੀਂ; ਹਾਲਾਂਕਿ ਕਰੀਬ ਸੌ ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਸਨ। ਅਦਾਲਤ ਨੇ ਪੁਲੀਸ ਕਮਿਸ਼ਨਰ ਨੂੰ ਆਦੇਸ਼ ਦਿੱਤਾ ਸੀ ਕਿ ਉਹ 95 ਲਾਸ਼ਾਂ ਵਿਚੋਂ ਦੱਸੀਆਂ ਗਈਆਂ 22 ਅਣਪਛਾਤੀਆਂ ਲਾਸ਼ਾਂ ਸਬੰਧੀ ਵੀ ਕਾਰਵਾਈ ਕਰਨ।

ਹਰ ਕੋਈ ਹੈਰਾਨ ਹੈ ਕਿ ਕੇਵਲ ਤ੍ਰਿਲੋਕਪੁਰੀ ਵਿਚੋਂ ਹੀ ਉਸ ਸਮੇਂ 95 ਲਾਸ਼ਾਂ ਕਿਵੇਂ ਬਰਾਮਦ ਹੋ ਗਈਆਂ ਅਤੇ ਮੌਕੇ ਉਪਰ ਹੀ 107 ਮੁਲਜ਼ਮ ਕਾਬੂ ਕਰ ਲਏ ਗਏ ਜਦੋਂਕਿ ਬਾਕੀ ਦਿੱਲੀ ਵਿਚ ਮੌਕੇ 'ਤੇ ਅਜਿਹੀ ਕਾਰਵਾਈ ਹੋਣ ਦੀ ਕੋਈ ਰਿਪੋਰਟ ਨਹੀਂ ਹੈ। ਅਜਿਹਾ ਪੁਲੀਸ ਦੀ ਚੰਗੀ ਕਾਰਗੁਜ਼ਾਰੀ ਕਰਕੇ ਨਹੀਂ ਸੀ ਹੋਇਆ ਸਗੋਂ ਇਸ ਦੇ ਉਲਟ, ਪੁਲੀਸ ਉਸ ਸਮੇਂ ਹੱਤਿਆਰਿਆਂ ਦੀ ਭਾਈਵਾਲ ਬਣੀ ਹੋਈ ਸੀ। ਤ੍ਰਿਲੋਕਪੁਰੀ ਦੀ ਇਹ ਤੁਰੰਤ ਕਾਰਵਾਈ ਦੋ ਪੱਤਰਕਾਰਾਂ ਦੇ ਯਤਨਾਂ ਸਦਕਾ ਹੋਈ ਸੀ। ਬਲਾਕ ਨੰਬਰ 30 ਅਤੇ 32 ਵਿਚ ਲੁਬਾਣਾ ਸਿੱਖ ਵੱਸਦੇ ਸਨ ਜਿਹੜੇ ਅਲਵਰ (ਰਾਜਸਥਾਨ) ਤੋਂ ਆਏ ਸਨ। ਪਹਿਲੀ ਨਵੰਬਰ ਨੂੰ ਕਾਂਗਰਸ ਆਗੂਆਂ ਦੀ ਅਗਵਾਈ ਵਾਲੇ ਹਜੂਮ ਨੇ ਇਨ੍ਹਾਂ ਉਪਰ ਹਮਲਾ ਕੀਤਾ ਸੀ। ਜਦੋਂ ਸਿੱਖ ਕਿਰਪਾਨਾਂ ਲੈ ਕੇ ਘਰਾਂ ਵਿਚੋਂ ਬਾਹਰ ਆਏ ਤਾਂ ਹਜੂਮ ਪਰਤ ਗਿਆ।

ਇਸ ਦੌਰਾਨ ਐਸਐਚਓ ਦੀ ਅਗਵਾਈ ਹੇਠ ਪੁਲੀਸ ਟੀਮ ਮੌਕੇ 'ਤੇ ਆਈ ਅਤੇ ਸਿੱਖਾਂ ਨੂੰ ਆਪਣੇ ਘਰਾਂ ਵਿਚ ਪਰਤਣ ਲਈ ਇਹ ਭਰੋਸਾ ਦੇ ਕੇ ਮਨਾ ਲਿਆ ਕਿ ਉਨ੍ਹਾਂ ਦੀ ਹਰ ਹਾਲਤ ਸੁਰੱਖਿਆ ਕੀਤੀ ਜਾਵੇਗੀ। ਹਜੂਮ ਫਿਰ ਪਰਤ ਆਇਆ ਅਤੇ ਉਨ੍ਹਾਂ ਨੇ ਘਰਾਂ ਵਿਚੋਂ ਇਕੱਲੇ ਇਕੱਲੇ ਸਿੱਖ ਨੂੰ ਕੱਢ ਕੇ ਮਾਰਨਾ ਸ਼ੁਰੂ ਕਰ ਦਿੱਤਾ। ਉਥੇ ਦੋ ਦਿਨਾਂ ਵਿਚ 400 ਸਿੱਖ ਮਾਰੇ ਜਾ ਚੁੱਕੇ ਸਨ। ਇਨ੍ਹਾਂ ਵਿਚੋਂ ਇਕ ਸਿੱਖ ਭੱਜ ਕੇ ਖੇਤਾਂ ਵਿਚ ਜਾ ਵੜਿਆ। ਉਹ ਆਪਣੇ ਨਾਲ ਕੈਂਚੀ ਲੈ ਗਿਆ ਸੀ। ਉਸ ਨੇ ਆਪਣੇ ਵਾਲ ਕੱਟੇ ਅਤੇ ਰਾਤ ਖੇਤਾਂ ਵਿਚ ਗੁਜ਼ਾਰੀ।

ਅਗਲੀ ਸਵੇਰ ਉਹ ਪੁਲੀਸ ਹੈੱਡਕੁਆਰਟਰ ਵਿਚ ਮਦਦ ਲੈਣ ਲਈ ਪਹੁੰਚ ਗਿਆ ਪਰ ਉਸ ਨੂੰ ਕੋਈ ਭਰੋਸਾ ਨਹੀਂ ਮਿਲਿਆ। ਪੁਲੀਸ ਹੈੱਡਕੁਆਰਟਰ ਦੇ ਨੇੜੇ ਹੀ ਇੰਡੀਅਨ ਐਕਸਪ੍ਰੈਸ ਅਖ਼ਬਾਰ ਦਾ ਦਫ਼ਤਰ ਸੀ ਜਿੱਥੇ ਉਸ ਸਿੱਖ ਨੌਜਵਾਨ ਦਾ ਦੋਸਤ ਕੈਂਟੀਨ ਵਿਚ ਕੰਮ ਕਰਦਾ ਸੀ। ਉਸ ਨੇ ਆਪ ਬੀਤੀ ਸੁਣਾਈ ਤਾਂ ਦੋ ਪੱਤਰਕਾਰਾਂ ਰਾਹੁਲ ਬੇਦੀ ਅਤੇ ਜੋਸੇਫ ਮਲਕੀਅਨ ਨੇ ਤ੍ਰਿਲੋਕਪੁਰੀ ਜਾਣ ਦਾ ਫ਼ੈਸਲਾ ਕੀਤਾ ਪਰ ਉਨ੍ਹਾਂ ਨੂੰ ਕਾਲੋਨੀ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਹ ਪੁਲੀਸ ਸਟੇਸ਼ਨ ਗਏ ਜਿੱਥੇ ਡਿਊਟੀ ਅਫ਼ਸਰ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਤ੍ਰਿਲੋਕਪੁਰੀ ਪੂਰੀ ਤਰ੍ਹਾਂ ਸ਼ਾਂਤ ਹੈ।

ਜਦੋਂ ਉਹ ਪਰਤਣ ਲੱਗੇ ਤਾਂ ਉਨ੍ਹਾਂ ਦੀ ਨਜ਼ਰ ਕੋਨੇ ਵਿਚ ਖੜ੍ਹੇ ਟਰੱਕ ਉਪਰ ਪਈ ਜਿਸ ਉਪਰ ਮੱਖੀਆਂ ਉਡ ਰਹੀਆਂ ਸਨ। ਉਨ੍ਹਾਂ ਨੂੰ ਸ਼ੱਕ ਪੈ ਗਿਆ ਅਤੇ ਜਦੋਂ ਉਨ੍ਹਾਂ ਇਸ ਅੰਦਰ ਨਜ਼ਰ ਮਾਰੀ ਤਾਂ ਦੇਖਿਆ ਕਿ ਲਾਸ਼ਾਂ ਭਰੀਆਂ ਪਈਆਂ ਸਨ। ਉਨ੍ਹਾਂ ਵਿਚੋਂ ਹੀ ਇਕ ਸਿੱਖ ਦੀ ਚੀਕ ਸੁਣਾਈ ਦਿੱਤੀ ਜੋ ਮਦਦ ਲਈ ਪੁਕਾਰ ਰਿਹਾ ਸੀ। ਸ਼ਾਇਦ ਉਹੀ ਇਕੱਲਾ ਬਚਿਆ ਸੀ। ਉਸ ਨੇ ਦੱਸਿਆ ਕਿ ਉਹ ਤ੍ਰਿਲੋਕਪੁਰੀ ਤੋਂ ਹੈ ਅਤੇ ਉਥੇ ਸਿੱਖਾਂ ਦਾ ਕਤਲੇਆਮ ਹੋਇਆ ਹੈ। ਦੋਵੇਂ ਪੱਤਰਕਾਰ ਫਿਰ ਪੁਲੀਸ ਸਟੇਸ਼ਨ ਗਏ ਅਤੇ ਜ਼ਖ਼ਮੀ ਸਿੱਖ ਨੌਜਵਾਨ ਨੂੰ ਤੁਰੰਤ ਹਸਪਤਾਲ ਲਿਜਾਣ ਲਈ ਕਿਹਾ। ਡਿਊਟੀ ਅਫ਼ਸਰ ਨੇ ਇਹ ਕਹਿ ਦਿੱਤਾ ਕਿ ਇਸ ਦਾ ਫ਼ੈਸਲਾ ਉਹ ਨਹੀਂ ਕਰ ਸਕਦਾ, ਡੀਸੀਪੀ ਹੀ ਕਰੇਗਾ। ਉਨ੍ਹਾਂ ਡੀਸੀਪੀ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਜੋ ਸਫਲ ਨਹੀਂ ਹੋਈ। ਉਹ ਪੁਲੀਸ ਹੈੱਡਕੁਆਰਟਰ ਗਏ ਅਤੇ ਜ਼ਖ਼ਮੀ ਦੀ ਮਦਦ ਲਈ ਵਾਸਤਾ ਪਾਇਆ ਜਿਸ ਬਾਅਦ ਏਸੀਪੀ ਨੇ ਡੀਸੀਪੀ ਨੂੰ ਤ੍ਰਿਲੋਕਪੁਰੀ ਜਾਣ ਦਾ ਆਦੇਸ਼ ਦਿੱਤਾ। ਉਹ ਫਿਰ ਤ੍ਰਿਲੋਕਪੁਰੀ ਗਏ ਜਿੱਥੇ ਉਨ੍ਹਾਂ ਨੂੰ ਕਾਲੋਨੀ ਅੰਦਰ ਜਾਣ ਦੀ ਇਜਾਜ਼ਤ ਮਿਲ ਗਈ। ਗਲੀਆਂ ਲਾਸ਼ਾਂ ਨਾਲ ਭਰੀਆਂ ਪਈਆਂ ਸਨ। ਲੁੱਟਮਾਰ ਜਾਰੀ ਸੀ। ਪੁਲੀਸ ਨੂੰ ਲਾਸ਼ਾਂ ਪੋਸਟਮਾਰਟਮ ਲਈ ਲਿਜਾਣ ਲਈ ਮਜਬੂਰ ਹੋਣਾ ਪਿਆ। ਜਿਹੜੇ ਉਸ ਸਮੇਂ ਕਤਲੋਗਾਰਤ ਅਤੇ ਲੁੱਟਮਾਰ ਵਿਚ ਮਸਰੂਫ਼ ਸਨ, ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ।


ਐਚ ਐਸ ਫੂਲਕਾ

ਦੋਵਾਂ ਪੱਤਰਕਾਰਾਂ ਨੇ ਜਸਟਿਸ ਮਿਸ਼ਰਾ ਕਮਿਸ਼ਨ ਅੱਗੇ ਹਲਫ਼ੀਆ ਬਿਆਨ ਦਿੱਤੇ ਪਰ ਅਜੇ ਤੱਕ ਕਿਸੇ ਵੀ ਪੁਲੀਸ ਅਧਿਕਾਰੀ ਨੂੰ ਸਜ਼ਾ ਨਹੀਂ ਹੋਈ। ਕਾਨੂੰਨ ਨੂੰ 88 ਮੁਲਜ਼ਮਾਂ ਵਿਰੁੱਧ ਸ਼ਿਕੰਜਾ ਕੱਸਣ ਵਿਚ 35 ਸਾਲ ਲੱਗ ਗਏ। ਇਹ ਦੁੱਖ ਦੀ ਗੱਲ ਹੈ ਕਿ ਸਿੱਖ ਕਤਲੇਆਮ ਦੀ ਜਾਂਚ ਲਈ ਜਿੰਨੇ ਕਮਿਸ਼ਨ ਬਣੇ, ਉਨ੍ਹਾਂ ਦੀ ਗਿਣਤੀ ਭੁੱਲਦੀ ਜਾ ਰਹੀ ਹੈ ਪਰ ਜਿੰਨੇ ਦੋਸ਼ੀਆਂ ਨੂੰ ਹੁਣ ਤੱਕ ਸਜ਼ਾ ਹੋਈ ਹੈ, ਉਨ੍ਹਾਂ ਦੀ ਗਿਣਤੀ ਇਨ੍ਹਾਂ ਕਮਿਸ਼ਨਾਂ ਦੇ ਮੈਂਬਰਾਂ ਨਾਲੋਂ ਘੱਟ ਬਣਦੀ ਹੈ।

ਪੀੜਤਾਂ ਦੀਆਂ ਸ਼ਿਕਾਇਤਾਂ ਵਾਜਬ ਹਨ ਕਿ ਸਜ਼ਾਵਾਂ ਬਹੁਤ ਘੱਟ ਦੋਸ਼ੀਆਂ ਨੂੰ ਹੋਈਆਂ ਹਨ ਅਤੇ ਉਹ ਵੀ ਬਹੁਤ ਦੇਰ ਨਾਲ ਪਰ ਜਿੱਥੋਂ ਤੱਕ ਮੇਰੀ ਗੱਲ ਹੈ, ਭਾਵੇਂ ਕੀਮਤ ਕੋਈ ਵੀ ਹੋਵੇ, ਮੈਂ 1984 ਦੇ ਕੇਸ ਲੜਨ ਲਈ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ; ਘੱਟੋ-ਘੱਟ ਹੁਣ ਅਸੀਂ ਇਹ ਕਹਿ ਸਕਦੇ ਹਾਂ ਕਿ ਆਖ਼ਰਕਾਰ ਦੋਸ਼ੀਆਂ ਨੂੰ ਆਪਣੇ ਕੀਤੇ ਦੀ ਸਜ਼ਾ ਮਿਲਣੀ ਸ਼ੁਰੂ ਹੋ ਗਈ ਹੈ।

# ਡਾ. ਗੰਡਾ ਸਿੰਘ ਦੀ ਸਿੱਖ ਇਤਿਹਾਸ ਨੂੰ ਦੇਣ

**ਡਾ.ਜੋਗਿੰਦਰ ਸਿੰਘ**

ਪੰਜਾਬ ਦੇ ਇਤਿਹਾਸਕਾਰਾਂ ਵਿਚੋਂ ਡਾ. ਗੰਡਾ ਸਿੰਘ ਦਾ ਨਾਂ ਸਿਰ ਕੱਢਵਾਂ ਹੈ। ਉਨ੍ਹਾਂ ਨੇ ਗਿਆਨੀ ਹੀਰਾ ਸਿੰਘ ਦਰਦ ਦੀ ਮਾਸਿਕ ਪੱਤ੍ਰਿਕਾ 'ਫੁਲਵਾੜੀ' ਵਿਚ ਕੰਮ ਕੀਤਾ ਅਤੇ ਬਾਅਦ ਵਿਚ ਸਿੱਖ ਇਤਿਹਾਸ ਵੱਲ ਰੁਚਿਤ ਹੋਏ। ਉਨ੍ਹਾਂ ਦੇ ਯਤਨਾਂ ਸਦਕਾ ਪੰਜਾਬੀ ਯੂਨੀਵਰਸਿਟੀ ਵਿਚ 1965 ਵਿਚ 'ਪੰਜਾਬ ਹਿਸਟਰੀ ਕਾਨਫਰੰਸ' ਹੋਣੀ ਸ਼ੁਰੂ ਹੋਈ ਅਤੇ ਬਾਅਦ ਵਿਚ 'ਪੰਜਾਬ ਪਾਸਟ ਐਂਡ ਪ੍ਰੈਜ਼ੈਂਟ' ਨਾਂ ਦਾ ਛਿਮਾਹੀ ਮੈਗਜ਼ੀਨ ਸ਼ੁਰੂ ਹੋਇਆ, ਜਿਸ ਦਾ ਯੋਗਦਾਨ ਇਤਿਹਾਸਕ ਹੋ ਨਿੱਬੜਿਆ।

ਪੰਜਾਬ ਦੀ ਨਵੀਨ ਇਤਿਹਾਸਕਾਰੀ, ਖਾਸ ਕਰਕੇ ਸਿੱਖ ਇਤਿਹਾਸਕਾਰੀ ਵਿਚ ਡਾ. ਗੰਡਾ ਸਿੰਘ ਨੇ ਵਿਸ਼ੇਸ਼ ਯੋਗਦਾਨ ਪਾਇਆ। ਉਨ੍ਹਾਂ ਦੇ ਇਸ ਯੋਗਦਾਨ ਦਾ ਪਿਛੋਕੜ ਸਿੰਘ ਸਭਾ ਦੇ ਵਿਦਵਾਨਾਂ ਦੀ ਇਤਿਹਾਸਕਾਰੀ 'ਚੋਂ ਤਲਾਸ਼ਿਆ ਜਾ ਸਕਦਾ ਹੈ। ਸਿੰਘ ਸਭਾ ਦੇ ਵਿਦਵਾਨਾਂ ਨੇ ਸਿੱਖ ਇਤਿਹਾਸ ਅਤੇ ਧਾਰਮਿਕ ਸਰੋਤਾਂ ਨੂੰ ਇਕੱਤਰ ਕਰਨ ਦਾ ਬੀੜਾ ਚੁੱਕਿਆ। ਇਨ੍ਹਾਂ ਸਰੋਤਾਂ ਦੀ ਪ੍ਰਮਾਣਿਕਤਾ ਵਾਚਣ ਤੋਂ ਬਾਅਦ ਗੁਰੂ ਸਾਹਿਬਾਨ ਅਤੇ ਅਠਾਰ੍ਹਵੀਂ ਸ਼ਤਾਬਦੀ ਦੇ ਸਿੰਘਾਂ ਦੀਆਂ ਜੀਵਨੀਆਂ, ਕੁਰਬਾਨੀਆਂ ਅਤੇ ਕਾਰਨਾਮਿਆਂ ਨੂੰ ਨਵੀਨ ਇਤਿਹਾਸਕਾਰੀ ਦੇ ਸਰੂਪ ਵਿਚ ਬੰਨਣ ਦੀ ਕੋਸ਼ਿਸ਼ ਕੀਤੀ। ਇਸ ਪ੍ਰਸੰਗ ਵਿਚ ਕਰਮ ਸਿੰਘ ਹਿਸਟੋਰੀਅਨ ਦਾ ਨਾਂ ਬਹੁਤ ਹੀ ਅਹਿਮ ਹੈ। ਡਾ. ਗੰਡਾ ਸਿੰਘ ਨੇ ਉਨ੍ਹਾਂ ਦੀ ਇਸ ਇਤਿਹਾਸਕਾਰੀ ਨੂੰ ਨਾ ਸਿਰਫ ਮਜ਼ਬੂਤ ਕੀਤਾ, ਸਗੋਂ ਇਸ ਦੇ ਘੇਰੇ ਨੂੰ ਹੋਰ ਵਿਸ਼ਾਲ ਤੇ ਅਮੀਰ ਬਣਾਇਆ।

ਡਾ. ਗੰਡਾ ਸਿੰਘ ਦਾ ਜਨਮ 15 ਨਵੰਬਰ 1900 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਹਰਿਆਣਾ ਵਿਚ ਸਰਦਾਰ ਜਵਾਲਾ ਸਿੰਘ ਦੇ ਘਰ ਮਾਤਾ ਹੁਕਮ ਦੇਈ ਦੀ ਕੁੱਖੋਂ ਹੋਇਆ। ਉਨ੍ਹਾਂ ਨੇ ਮੁਢਲੀ ਤਾਲੀਮ ਆਪਣੇ ਕਸਬੇ ਦੀ ਮਸੀਤ ਅਤੇ ਪ੍ਰਾਇਮਰੀ ਸਕੂਲ ਤੋਂ ਹਾਸਲ ਕੀਤੀ। ਉਨ੍ਹਾਂ ਨੇ ਡੀ. ਏ. ਵੀ. ਮਿਡਲ ਸਕੂਲ, ਹੁਸ਼ਿਆਰਪੁਰ ਤੋਂ ਮਿਡਲ ਅਤੇ ਬਾਅਦ ਵਿਚ ਗੌਰਮਿੰਟ ਹਾਈ ਸਕੂਲ ਤੋਂ 1919 ਵਿਚ ਦਸਵੀਂ ਪਾਸ ਕੀਤੀ। 1919 'ਚ ਹੀ ਉਚੇਰੀ ਪੜ੍ਹਾਈ ਲਈ ਲਾਹੌਰ ਦੇ ਫਾਰਮਨ ਕ੍ਰਿਸਚੀਅਨ ਕਾਲਜ ਵਿਚ ਦਾਖਲਾ ਲਿਆ। ਪੜ੍ਹਾਈ ਵਿਚਾਲੇ ਛੱਡ ਕੇ ਫੌਜ ਵਿਚ ਭਰਤੀ ਹੋ ਗਏ। ਕੁਝ ਸਮੇਂ ਲਈ ਉਹ ਰਾਵਲਪਿੰਡੀ ਅਤੇ ਪਿਸ਼ਾਵਰ ਵਿਚ ਨੌਕਰੀ ਕਰਦੇ ਰਹੇ। 1921 ਵਿਚ ਉਹ ਇਰਾਨ ਚਲੇ ਗਏ ਤੇ ਉਥੇ ਅਬਾਦਾਨ ਵਿਚ ਐਂਗਲੋ-ਪਰਸੀਅਨ ਆਇਲ ਕੰਪਨੀ ਵਿਚ ਅਕਾਊਂਟਸ ਅਫਸਰ ਲੱਗ ਗਏ। ਖੁਸ਼ਕਿਸਮਤੀ ਨਾਲ, ਉਥੇ ਉਨ੍ਹਾਂ ਦੀ ਮੁਲਾਕਾਤ ਅੰਗਰੇਜ਼ ਵਿਦਵਾਨ ਸਰ ਆਰਨਾਲਡ ਵਿਲਸਨ ਨਾਲ ਹੋਈ। ਉਸ ਵਿਦਵਾਨ ਤੋਂ ਉਤਸ਼ਾਹਿਤ ਹੋ ਕੇ ਪੁਸਤਕ ਸੂਚੀ ਦੇ ਕਾਰਜ ਵਿਚ ਰੁਝ ਗਏ। ਉਨ੍ਹਾਂ ਦੀ ਪਹਿਲੀ ਪੁਸਤਕ 'ਮਾਈ ਫਸਟ ਬਰਟੀ ਡੇਜ਼ ਇਨ ਮੈਸੋਪੋਟਾਮੀਆ' ਸੀ। ਫਿਰ ਉਨ੍ਹਾਂ ਨੇ ਪ੍ਰਾਈਵੇਟ ਤੌਰ 'ਤੇ ਐਮ. ਏ. ਇਤਿਹਾਸ ਦੀ ਪੜ੍ਹਾਈ ਕੀਤੀ।



ਸਾਲ 1930 ਵਿਚ ਉਨ੍ਹਾਂ ਨੇ ਗਿਆਨੀ ਹੀਰਾ ਸਿੰਘ ਦਰਦ ਦੀ ਮਾਸਿਕ ਪੱਤ੍ਰਿਕਾ 'ਫੁਲਵਾੜੀ' ਦੇ ਸੰਪਾਦਕੀ ਮੰਡਲ ਵਿਚ ਕੰਮ ਕੀਤਾ। ਇਸ ਦੌਰਾਨ ਉਨ੍ਹਾਂ ਦੀ ਜਾਣ-ਪਛਾਣ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਵਿਦਵਾਨਾਂ ਨਾਲ ਹੋਈ। ਚੀਫ ਖਾਲਸਾ ਦੀਵਾਨ ਦੀ ਰਹਿਨੁਮਾਈ ਅਧੀਨ ਕਈ ਵਿਦਿਆਲੇ ਸਥਾਪਿਤ ਹੋ ਚੁਕੇ ਸਨ। ਖਾਲਸਾ ਕਾਲਜ, ਅੰਮ੍ਰਿਤਸਰ ਸਿੱਖਾਂ ਦੀ ਸਿਰਮੌਰ ਸੰਸਥਾ ਬਣ ਗਈ ਸੀ। ਸਿੱਖ ਵਿਰਸੇ ਦੀ ਸਾਂਭ-ਸੰਭਾਲ ਲਈ 'ਸਿੱਖ ਹਿਸਟਰੀ ਰਿਸਰਚ ਡਿਪਾਰਟਮੈਂਟ' ਬਣ ਗਿਆ ਸੀ। ਅਕਤੂਬਰ 1931 'ਚ ਉਨ੍ਹਾਂ ਨੂੰ ਇਸ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਗਿਆ। ਇਹ ਸੇਵਾ ਉਨ੍ਹਾਂ ਨੇ 1949 ਤਕ ਨਿਭਾਈ। ਉਨ੍ਹਾਂ ਦੇ ਯਤਨਾਂ ਬਦੌਲਤ ਇਹ ਵਿਭਾਗ ਸਿੱਖ ਵਿਰਸੇ ਦਾ ਅਮੁੱਲ ਖਜਾਨਾ ਬਣ ਗਿਆ। 1930 ਤਕ ਸਿੱਖ ਇਤਿਹਾਸਕਾਰੀ ਦੀ ਰੂਪ-ਰੇਖਾ ਬਣ ਰਹੀ ਸੀ। ਹੁਣ ਤਕ ਭਗਤ ਲਛਮਨ ਸਿੰਘ, ਸੇਵਾ ਰਾਮ ਸਿੰਘ, ਖਜ਼ਾਨ ਸਿੰਘ ਤੇ ਸਰ ਜੋਗਿੰਦਰਾ ਸਿੰਘ ਸਿੱਖ ਧਰਮ ਅਤੇ ਇਤਿਹਾਸ ਬਾਰੇ ਪ੍ਰਵਾਨਿਤ ਲਿਖਤਾਂ ਪੇਸ਼ ਕਰ ਚੁਕੇ ਸਨ। ਪ੍ਰੋਫੈਸਰ ਤੇਜਾ ਸਿੰਘ ਗੁਰਦੁਆਰਾ ਸੁਧਾਰ ਲਹਿਰ 'ਤੇ ਵਿਦਵਤਾ ਭਰਪੂਰ ਕਿਤਾਬ ਪ੍ਰਕਾਸ਼ਿਤ ਕਰਵਾ ਚੁਕੇ ਸਨ।

ਫਿਰ ਵੀ ਡਾ. ਗੰਡਾ ਸਿੰਘ ਨੇ ਕਰਮ ਸਿੰਘ ਹਿਸਟੋਰੀਅਨ ਦੀ ਇਤਿਹਾਸਕਾਰੀ ਨੂੰ ਆਪਣਾ ਮਾਡਲ ਬਣਾਇਆ। ਕਰਮ ਸਿੰਘ ਨੇ 'ਕੱਤਕ ਕਿ ਵਿਸਾਖ', 'ਬੰਦਾ ਬਹਾਦਰ' ਅਤੇ 'ਮਹਾਰਾਜਾ ਆਲਾ ਸਿੰਘ' ਪੁਸਤਕਾਂ ਲਿਖ ਕੇ ਆਲੋਚਨਾਤਮਕ ਇਤਿਹਾਸਕਾਰੀ ਦੀ ਪੈੜ ਪਾ ਦਿੱਤੀ ਸੀ। ਇਸ ਪ੍ਰਸੰਗ ਵਿਚ 1930 ਦੇ ਦਹਾਕੇ ਵਿਚ ਡਾ. ਗੰਡਾ ਸਿੰਘ ਨੇ 'ਦਿ ਲਾਈਫ ਆਫ ਬੰਦਾ ਸਿੰਘ ਬਹਾਦਰ', 'ਹਿਸਟਰੀ ਆਫ ਦਿ ਗੁਰਦੁਆਰਾ ਸ਼ਹੀਦਗੰਜ', 'ਕਾਜ਼ੀ ਨੂਰਮੁਹੰਮਦ'ਜ਼ ਜੰਗਨਾਮਾ', 'ਕੰਟੈਂਪਰੇਰੀ ਸੋਰਸਜ਼ ਆਫ ਸਿੱਖ ਹਿਸਟਰੀ 1469-1707' ਆਦਿ ਪੁਸਤਕਾਂ ਫਾਰਸੀ ਸਰੋਤਾਂ ਦੇ ਆਧਾਰ 'ਤੇ ਰਚੀਆਂ। 1947 ਤੋਂ ਪਹਿਲਾਂ ਛੇ ਹੋਰ ਪੁਸਤਕਾਂ ਪੰਜਾਬੀ ਭਾਸ਼ਾ ਵਿਚ ਲਿਖੀਆਂ: ਮਹਾਰਾਜਾ ਕੌੜਾ ਮੱਲ ਬਹਾਦਰ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ, ਕੂਕਿਆਂ ਦੀ ਵਿਥਿਆ, ਸਿੱਖ ਇਤਿਹਾਸ ਬਾਰੇ, ਪੰਜਾਬ ਦੀਆਂ ਵਾਰਾਂ ਅਤੇ ਸਿੱਖ ਇਤਿਹਾਸ ਵਲ।

ਇਹ ਪੁਸਤਕਾਂ ਡਾ. ਗੰਡਾ ਸਿੰਘ ਦੀ ਇਤਿਹਾਸਕਾਰੀ, ਅਰਥਾਤ ਜੀਵਨੀਆਂ, ਮੌਲਿਕ ਸਰੋਤਾਂ ਦੀ ਇਕੱਤਰਤਾ ਤੇ ਸਮਕਾਲੀ ਮਸਲਿਆਂ ਬਾਰੇ ਰੁਚੀ ਪ੍ਰਗਟ ਕਰਦੀਆਂ ਸਨ। ਡਾ. ਗੰਡਾ ਸਿੰਘ ਦਾ ਬਾਕੀ ਵਿਦਿਅਕ ਜੀਵਨ ਕਾਲ ਇਨ੍ਹਾਂ ਵਿਸ਼ਿਆਂ ਅਤੇ ਮਸਲਿਆਂ ਬਾਰੇ ਲਿਖਦਿਆਂ ਬੀਤਿਆ। 1949 ਵਿਚ ਉਨ੍ਹਾਂ ਨੇ ਫਾਰਸੀ ਦੇ ਸਰੋਤਾਂ ਦੇ ਆਧਾਰ 'ਤੇ 'ਮਾਖੀਜ਼-ਏ-ਤਵਾਰੀਖ' ਅਤੇ 'ਐਰਾਕ-ਏ-ਪਰਿਸ਼' ਲਿਖੀਆਂ। ਇਸੇ ਸਾਲ ਹੀ ਉਨ੍ਹਾਂ ਨੇ 'ਏ ਹਿਸਟਰੀ ਆਫ ਖਾਲਸਾ ਕਾਲਜ' ਲਿਖੀ। ਮੁਖਤਸਰ ਨਾਨਕਸ਼ਾਹੀ ਜੰਤਰੀ ਤੁਲਨਾਤਮਕ ਬੰਸਾਵਲੀ ਨੂੰ ਸਮਝਣ ਲਈ ਬਹੁਤ ਸਹਾਇਕ ਸਿੱਧ ਹੋਈ। ਸੰਨ 1950 ਵਿਚ ਪ੍ਰੋਫੈਸਰ ਤੇਜਾ ਸਿੰਘ ਨਾਲ ਮਿਲ ਕੇ 'ਏ ਸ਼ਾਰਟ ਹਿਸਟਰੀ ਆਫ ਸਿਖਜ਼' ਨਾਂ ਦੀ ਛੋਟੀ ਪੁਸਤਕ ਲਿਖੀ। ਇਸ ਤੋਂ ਇਲਾਵਾ ਇਨ੍ਹਾਂ ਦੋਵਾਂ ਵਿਦਵਾਨਾਂ ਨੇ ਸਿੱਖ ਧਰਮ ਅਤੇ ਇਤਿਹਾਸ ਬਾਰੇ ਕਈ ਕਿਤਾਬਚੇ ਅਤੇ ਲੇਖ ਲਿਖੇ।

ਡਾ. ਗੰਡਾ ਸਿੰਘ ਦੀਆਂ ਅੰਗਰੇਜ਼ੀ ਵਿਚ ਹੋਰ ਮੌਲਿਕ ਤੇ ਸੰਪਾਦਿਤ ਪੁਸਤਕਾਂ ਹਨ: ਮਹਾਰਾਜਾ ਰਣਜੀਤ ਸਿੰਘ- ਫਸਟ ਡੈਥ ਸੈਨਟੇਨਰੀ ਮੈਮੋਰੀਅਲ ਵਾਲਿਊਮ (1939), ਦਿ ਪੰਜਾਬ ਇਨ 1939-40 (1952), ਅਹਿਮਦ ਸ਼ਾਹ ਦੁੱਰਾਨੀ (1959), ਬਿਬਲੀਓਗ੍ਰਾਫੀ ਆਫ ਦਿ ਪੰਜਾਬ (1966), ਡਿਪੋਰਟੇਸ਼ਨ ਆਫ ਲਾਲਾ ਲਾਜਪਤ ਰਾਏ ਐਂਡ ਸਰਦਾਰ ਅਜੀਤ ਸਿੰਘ (1978), ਸਿਡੀਸ਼ੀਅਸ ਲਿਟਰੇਚਰ ਆਫ ਦਿ ਪੰਜਾਬ (1987)। ਪੰਜਾਬੀ ਵਿਚ ਉਨ੍ਹਾਂ ਨੇ 'ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ' (1957), 'ਬਾਬਾ ਬੰਦਾ ਸਿੰਘ ਬਹਾਦਰ' (1965), 'ਸ੍ਰੀ ਗੁਰਸੋਭਾ' (1967), 'ਹੁਕਮਨਾਮੇ' (1967), 'ਸਰਦਾਰ ਜੱਸਾ ਸਿੰਘ ਆਹਲੂਵਾਲੀਆ' (1969) ਆਦਿ ਪੁਸਤਕਾਂ ਪ੍ਰਕਾਸ਼ਿਤ ਕਰਾਈਆਂ। ਇਨ੍ਹਾਂ ਤੋਂ ਇਲਾਵਾ 'ਬੈਂਤਾਂ ਸ਼ੇਰ ਸਿੰਘ ਕੀਆਂ', 'ਸੀਹਰਫੀਆਂ', 'ਹਰੀ ਸਿੰਘ ਨਲਵਾ', 'ਹੁਕਮਨਾਮੇ', 'ਭਾਈ ਨੰਦ ਲਾਲ ਗ੍ਰੰਥਾਵਲੀ' ਆਦਿ ਪੁਸਤਕਾਂ ਸੰਪਾਦਿਤ ਕੀਤੀਆਂ ਹਨ। ਸਾਲ 1954 ਵਿਚ ਉਨ੍ਹਾਂ ਨੇ ਅਹਿਮਦ ਸ਼ਾਹ ਦੁੱਰਾਨੀ ਬਾਰੇ ਆਪਣਾ ਖੋਜ ਪੱਤਰ ਲਿਖ ਕੇ ਪੰਜਾਬ ਯੂਨੀਵਰਸਿਟੀ ਤੋਂ ਪੀਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।

ਡਾ. ਗੰਡਾ ਸਿੰਘ ਨੇ ਹਿੰਦੋਸਤਾਨ ਵਿਚ ਥਾਂ-ਥਾਂ ਜਾ ਕੇ ਲਾਇਬ੍ਰੇਰੀਆਂ, ਨਿੱਜੀ ਸੰਕਲਨਾਂ ਅਤੇ ਪੁਰਾਤੱਤਵ ਵਿਭਾਗਾਂ ਤੋਂ ਸਿੱਖ ਇਤਿਹਾਸ ਨਾਲ ਸਬੰਧਤ ਮੁੱਲਵਾਨ ਸਮੱਗਰੀ ਇਕੱਠੀ ਕੀਤੀ ਅਤੇ ਕਈ ਪੁਸਤਕਾਂ ਅਤੇ ਟ੍ਰੈਕਟਾਂ ਦਾ ਪ੍ਰਕਾਸ਼ਨ ਕੀਤਾ। ਉਨ੍ਹਾਂ ਦੇ ਇਸ ਯੋਗਦਾਨ ਦੇ ਮਹੱਤਵ ਨੂੰ ਪਛਾਣਦਿਆਂ 1949 ਵਿਚ ਪੈਪਸੂ ਸਰਕਾਰ ਨੇ ਪਟਿਆਲਾ ਵਿਚ ਪੁਰਾਤੱਤਵ ਵਿਭਾਗ ਦਾ ਡਾਇਰੈਕਟਰ ਅਤੇ ਅਜਾਇਬ ਘਰ ਦਾ ਨਿਗਰਾਨ ਨਿਯੁਕਤ ਕੀਤਾ। ਇਕ ਸਾਲ ਬਾਅਦ ਪੰਜਾਬੀ ਵਿਭਾਗ ਦੇ ਡਾਇਰੈਕਟਰ ਵਜੋਂ ਸੇਵਾ ਨਿਭਾਈ। ਪਟਿਆਲਾ ਵਿਚ ਰਹਿੰਦਿਆਂ ਉਨ੍ਹਾਂ ਨੇ ਸੈਂਟਰਲ

(ਬਾਕੀ ਸਫਾ 20 'ਤੇ)

# ਭਾਜਪਾ ਦੀ ਰਾਜਨੀਤੀ ਅਯੁੱਧਿਆ ਦੁਆਲੇ ਘੁੰਮਦੀ ਹੈ!



ਜਤਿੰਦਰ ਪਨੂੰ

ਅਗਲੀਆਂ ਲੋਕ ਸਭਾ ਚੋਣਾਂ ਹੋਣ ਵਿਚ ਬਹੁਤਾ ਸਮਾਂ ਨਹੀਂ ਰਹਿ ਗਿਆ। ਮਿਥੇ ਸਮੇਂ ਮੁਤਾਬਕ ਤਾਂ ਫਰਵਰੀ ਵਿਚ ਇਸ ਦਾ ਨੋਟੀਫਿਕੇਸ਼ਨ ਜਾਰੀ ਹੋਣਾ ਅਤੇ ਉਸੇ ਦਿਨ ਤੋਂ ਕੁਝ ਰਾਜਾਂ ਵਿਚ ਚੋਣ ਜ਼ਾਬਤਾ ਲਾਗੂ ਕਰ ਦਿੱਤਾ ਜਾਣਾ ਬਣਦਾ ਹੈ। ਉਸ ਹਿਸਾਬ ਨਾਲ ਸਰਗਰਮੀ ਚੱਲ ਪਈ ਨਜ਼ਰ ਆਉਂਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਟੀਮ ਇਸ ਵਕਤ ਅਗਲੀਆਂ ਚੋਣਾਂ ਲਈ ਸਮੁੱਚਾ ਹੋਮ-ਵਰਕ ਕਰਨ ਤੇ ਅਜੇ ਤੱਕ ਅੜੇ ਹੋਏ ਲੁਕਵੇਂ ਏਜੰਡੇ ਨੂੰ ਲਾਗੂ ਕਰਨ ਦੇ ਗੇਅਰ ਵਿਚ ਪੈ ਚੁਕੀ ਹੈ। ਕਾਂਗਰਸ ਪਾਰਟੀ ਦਾ ਕੋੜਮਾ ਅਜੇ ਤੱਕ ਵੀ ਅੱਕੀਂ-ਪਲਾਹੀਂ ਹੱਥ ਮਾਰਦਾ ਫਿਰ ਰਿਹਾ ਹੈ।

ਉਨ੍ਹਾਂ ਦਾ ਪ੍ਰਧਾਨ ਰਾਹੁਲ ਗਾਂਧੀ ਪਹਿਲਾਂ ਤੋਂ ਸਿਆਣਾ ਹੋ ਕੇ ਵੀ ਅਜੇ ਸਥਿਤੀ ਦੇ ਹਾਣ ਦਾ ਸਾਬਤ ਨਹੀਂ ਹੋ ਰਿਹਾ।

ਜਿੱਥੋਂ ਤੱਕ ਨਵੇਂ ਸਾਲ ਵਿਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵੱਲੋਂ ਲੁਕਵਾਂ ਏਜੰਡਾ ਲਾਗੂ ਕਰਨ ਦੀ ਗੱਲ ਹੈ, ਉਸ ਵਿਚ ਇਸ ਵੇਲੇ ਸਭ ਤੋਂ ਵੱਡਾ ਕੰਮ ਸ਼ਹਿਰਾਂ ਦੇ ਨਾਂਵਾਂ ਦੇ ਬਹਾਨੇ ਹਿੰਦੂਕਰਨ ਦੀ ਉਹ ਲਹਿਰ ਸਿਰੇ ਉਤੇ ਪੁਚਾਉਣ ਵਾਲਾ ਹੈ, ਜੋ ਇੱਕ ਵਾਰੀ ਚੱਲ ਪਿਆ ਤਾਂ ਚੋਣਾਂ ਵਿਚ ਵਰਤਿਆ ਜਾ ਸਕਦਾ ਹੈ। ਉਤਰ ਪ੍ਰਦੇਸ਼ ਦੇ ਅਲਾਹਾਬਾਦ ਦਾ ਨਾਂ ਬਦਲ ਕੇ ਪ੍ਰਯਾਗਰਾਜ ਕੀਤੇ ਜਾਣ ਨਾਲ ਖੇਡ ਸ਼ੁਰੂ ਹੋਈ ਤੇ ਫੈਜ਼ਾਬਾਦ ਜ਼ਿਲੇ ਦਾ ਨਾਂ ਬਦਲ ਕੇ ਅਯੁੱਧਿਆ ਕਰਨ ਤੱਕ ਪਹੁੰਚ ਗਈ। ਅਯੁੱਧਿਆ ਭਾਰਤੀ ਜਨਤਾ ਪਾਰਟੀ ਵਾਲਿਆਂ ਦੀ ਚੋਣ ਉਠਾਣ ਦਾ ਉਸ ਵੇਲੇ ਤੋਂ ਮੁੱਖ ਕੇਂਦਰ ਬਣਿਆ ਰਿਹਾ ਹੈ, ਜਦੋਂ ਰਾਜੀਵ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਹੂੰਝਾ ਫੇਰਨ ਵਿਚ ਸਫਲ ਰਹੀ ਸੀ ਤੇ ਭਾਜਪਾ ਨੂੰ ਸਿਰਫ ਦੋ ਸੀਟਾਂ ਮਿਲੀਆਂ ਸਨ। ਉਸ ਪਿਛੋਂ ਭਾਜਪਾ ਨੇ ਬਾਬਰੀ ਮਸਜਿਦ ਢਾਹੁਣ ਤੇ ਰਾਮ ਮੰਦਿਰ ਬਣਾਉਣ ਲਈ ਰਾਮ-ਰੱਥ ਤੋਰਿਆ ਤਾਂ ਸਿੱਟੇ ਵਜੋਂ ਦੂਜੀ ਵਾਰੀ 86 ਸੀਟਾਂ ਅਤੇ ਤੀਜੀ ਵਾਰੀ 119 ਜਿੱਤਣ ਮਗਰੋਂ ਚੌਥੀ ਵਾਰੀ 182 ਸੀਟਾਂ ਜਿੱਤ ਕੇ ਪਹਿਲੀ ਵਾਰੀ 13 ਦਿਨ ਇਸ ਦੇਸ਼ ਦੀ ਸਰਕਾਰ ਸਾਂਭਣ ਤੱਕ ਦੀ ਮੱਲ ਮਾਰਨ ਜੋਗੀ ਹੋ ਗਈ ਸੀ। ਉਦੋਂ ਤੋਂ ਉਸ ਦੀ ਰਾਜਨੀਤੀ ਅਯੁੱਧਿਆ ਦੁਆਲੇ ਘੁੰਮਦੀ ਹੈ।

ਫੈਜ਼ਾਬਾਦ ਜ਼ਿਲਾ ਬਹੁਤ ਪੁਰਾਣਾ ਸੀ ਤੇ ਅਯੁੱਧਿਆ ਉਸ ਜ਼ਿਲੇ ਦਾ ਸਭ ਤੋਂ ਵੱਡਾ ਕਸਬਾ ਸੀ, ਜਿੱਥੇ ਪਿਛਲੇ ਹਫਤੇ ਉਤਰ ਪ੍ਰਦੇਸ਼ ਦੇ ਭਾਜਪਾ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਸਰਕਾਰ ਨੇ ਪਲਟੀ ਮਾਰ ਕੇ ਅਯੁੱਧਿਆ ਨੂੰ ਜ਼ਿਲਾ ਬਣਾਇਆ ਤੇ ਉਸ ਕਸਬੇ ਤੋਂ ਵੱਡੇ ਸ਼ਹਿਰ ਫੈਜ਼ਾਬਾਦ ਨੂੰ ਉਸ ਦਾ ਹਿੱਸਾ ਬਣਾਉਣ ਦਾ ਐਲਾਨ ਕਰ ਦਿੱਤਾ। ਅਸੀਂ ਬਹੁਤ ਸਾਰੇ ਲੋਕਾਂ ਬਾਰੇ ਇਹ ਗੱਲ ਜਾਣਦੇ ਹਾਂ ਕਿ ਉਹ ਭਾਜਪਾ ਸਰਕਾਰ ਖਿਲਾਫ ਹਨ, ਪਰ ਅਯੁੱਧਿਆ ਮਾਮਲੇ ਵਿਚ ਉਸ ਦੇ ਨਾਲ ਖੜੋ ਜਾਂਦੇ ਹਨ।

ਇਨ੍ਹਾਂ ਦੋਹਾਂ ਸ਼ਹਿਰਾਂ ਦੇ ਨਾਂ ਬਦਲਣ ਨਾਲ ਇੱਕ ਤਜਰਬਾ ਕੀਤਾ ਗਿਆ ਹੈ, ਜਿਸ ਦਾ ਵਿਰੋਧ ਹੋਣ ਦੀ ਥਾਂ ਮੋਟੇ ਤੌਰ 'ਤੇ ਲੋਕਾਂ ਨੇ ਜਿਸ ਤਰ੍ਹਾਂ ਚੁੱਪ ਕਰ ਕੇ ਹਜ਼ਮ ਕਰ ਲਿਆ, ਉਸ ਨਾਲ ਕਈ ਹੋਰ ਥਾਂਵਾਂ ਤੋਂ ਇਹ ਮੰਗ ਉਠਣ ਲੱਗ ਪਈ ਹੈ। ਇਸ ਵਕਤ ਸਭ ਤੋਂ ਉਭਰਵੀਂ ਮੰਗ ਗੁਜਰਾਤ



ਦੇ ਸਭ ਤੋਂ ਵੱਡੇ ਸ਼ਹਿਰ ਅਹਿਮਦਾਬਾਦ ਦਾ ਨਾਂ ਬਦਲਣ ਅਤੇ ਇਸ ਦਾ ਨਵਾਂ ਨਾਂ ਕਰਨਾਵਤੀ ਰੱਖਣ ਲਈ ਹੋਈ ਹੈ। ਉਥੇ ਰਾਜ ਸਰਕਾਰ ਇਸ ਨੂੰ ਛੇਤੀ ਸਿਰੇ ਚਾੜ੍ਹਨ ਲਈ ਤਿਆਰ ਹੋਈ ਪਈ ਹੈ ਤੇ ਸ਼ਾਇਦ ਇਸ ਹਫਤੇ ਇਹ ਕੰਮ ਹੋ ਵੀ ਜਾਵੇਗਾ। ਇਸ ਦੌਰਾਨ ਮੁਜ਼ੱਫਰਨਗਰ ਦੇ ਦੰਗਿਆਂ ਵੇਲੇ ਸਭ ਤੋਂ ਵੱਧ ਬਦਨਾਮੀ ਖੱਟਣ ਵਾਲਾ ਅਤੇ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਨਰਿੰਦਰ ਮੋਦੀ ਦੇ ਮੰਚ ਉਤੇ ਝਲਕ ਦਿਖਾ ਚੁਕਾ ਭਾਜਪਾ ਵਿਧਾਇਕ ਸੰਗੀਤ ਸੋਮ ਵੀ ਝੰਡਾ ਚੁੱਕ ਖੜੋਤਾ ਹੈ। ਉਹ ਜਿਸ ਸਰਧਨਾ ਵਿਧਾਨ ਸਭਾ ਹਲਕੇ ਦਾ ਵਿਧਾਇਕ ਹੈ, ਉਸ ਦਾ ਨਵਾਂ ਨਾਂ ਲਕਸ਼ਮੀ ਨਗਰ ਰੱਖਣ ਦੀ ਮੰਗ ਉਠਾਈ ਗਈ ਹੈ। ਆਗਰੇ ਵਿਚ ਭਾਜਪਾ ਵਿਧਾਇਕ ਜਗਨ ਪ੍ਰਸਾਦ ਗਰਗ ਕਹਿੰਦਾ ਹੈ ਕਿ ਇਸ ਦਾ ਨਵਾਂ ਨਾਂ ਅਗਰਾਵਾਨ ਰੱਖਣਾ ਚਾਹੀਦਾ ਹੈ। ਉਤਰ ਪ੍ਰਦੇਸ਼ ਦੇ ਅਲੀਗੜ੍ਹ ਨੂੰ ਹਰੀਨਗਰ ਬਣਾਉਣ ਦੀ ਮੰਗ ਵੀ ਉਠ ਪਈ ਹੈ। ਇੱਕ ਹੋਰ ਭਾਜਪਾ ਵਿਧਾਇਕ ਨੇ ਮੰਗ ਕਰ ਦਿੱਤੀ ਹੈ ਕਿ ਬਸਤੀ ਸ਼ਹਿਰ ਦਾ ਨਾਂ ਵੀ ਬਦਲ ਕੇ ਰਿਸ਼ੀ ਵਾਸ਼ਿਸ਼ਟ ਦੇ ਨਾਂ ਉਤੇ ਵਾਸ਼ਿਸ਼ਟ ਨਗਰ ਰੱਖ ਦੇਣਾ ਬਣਦਾ ਹੈ। ਇਹ ਅਸਲ ਵਿਚ ਮੰਗਾਂ ਦੀ ਇੱਕ ਲੰਮੀ-ਚੌੜੀ ਲੜੀ ਹੈ। ਇਸ ਦਾ ਸਬੰਧ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਨਾਲ ਹੈ।

ਉਂਜ ਸਾਡੇ ਲੋਕ ਬੜੀ ਛੋਟੀ ਯਾਦਦਾਸ਼ਤ ਵਾਲੇ ਹਨ। ਹਾਲੇ ਚਾਰ ਸਾਲ ਨਹੀਂ ਹੋਏ, ਜਦੋਂ ਹਰਿਆਣਾ ਵਿਚ ਭਾਜਪਾ ਸਰਕਾਰ ਬਣਦੇ ਸਾਰ ਗੁੜਗਾਉਂ ਦਾ ਨਾਂ ਬਦਲ ਕੇ 'ਗੁਰੂ ਗ੍ਰਾਮ' ਰੱਖਿਆ ਗਿਆ ਸੀ। ਪੁੱਛਣ ਉਤੇ ਦੱਸਿਆ ਗਿਆ ਕਿ ਕੌਰਵਾਂ ਤੇ ਪਾਂਡਵਾਂ ਨੂੰ ਤੀਰਅੰਦਾਜ਼ੀ ਦੀ ਸਿੱਖਿਆ ਦੇਣ ਵਾਲੇ ਪ੍ਰਸਿੱਧ ਗੁਰੂ ਦਰੋਣਾਚਾਰੀਆ ਦਾ ਆਸ਼ਰਮ ਇਸ ਥਾਂ ਹੁੰਦਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ ਦੀ ਵਿਰਾਸਤ ਵਿਚ ਗੁਰੂ ਦਰੋਣਾਚਾਰੀਆ ਦੀ ਬਹੁਤ ਵੱਡੀ ਦੇਣ ਹੋਣ ਕਰ ਕੇ ਉਸ ਦਾ ਨਾਂ ਇਸ ਸ਼ਹਿਰ ਨਾਲ ਜੋੜ ਦਿੱਤਾ ਗਿਆ ਹੈ।

ਇਹ ਗੱਲ ਮੰਨ ਲਈ ਜਾਵੇ ਤਾਂ ਸਵਾਲ ਉਠਦਾ ਹੈ ਕਿ ਜਿਸ ਗੁਰੂ ਦਰੋਣਾਚਾਰੀਆ ਦੀ ਏਨੀ ਮਹਿਮਾ ਦੱਸੀ ਜਾਂਦੀ ਹੈ, ਉਸ ਕੋਲ ਦਲਿਤ ਪਰਿਵਾਰ ਦਾ ਬੱਚਾ ਏਕਲਵਿਆ ਵੀ ਗਿਆ ਸੀ ਤੇ ਅਰਜ਼ ਕੀਤੀ ਸੀ ਕਿ 100 ਅਤੇ 5 ਨੌਜਵਾਨ ਮਿਲਾ ਕੇ ਜਿੱਥੇ 105 ਨੂੰ ਸਿੱਖਾ ਰਹੇ ਹੋ, ਗਰੀਬੜੇ ਨੂੰ ਵੀ ਨਾਲ ਸਿਖਾਈ ਜਾਓ। ਮਹਾਨ ਦੱਸੇ ਜਾਂਦੇ ਇਸ ਗੁਰੂ ਨੇ ਉਸ ਨੂੰ ਝਿੜਕ ਕੇ ਭਜਾ ਦਿੱਤਾ ਸੀ। ਉਸ ਬੱਚੇ ਦੀ ਦੀਨਗੀ ਦੀ ਹੱਦ ਕਿ ਉਸ ਨੇ ਬਾਹਰ ਜਾ ਕੇ ਇਸੇ ਗੁਰੂ ਦਰੋਣਾਚਾਰੀਆ ਦੀ ਮਿੱਟੀ ਦੀ ਮੂਰਤੀ ਬਣਾਈ ਤੇ ਉਸ ਨੂੰ ਪ੍ਰਣਾਮ ਕਰਨ ਪਿੱਛੋਂ ਤੀਰ ਚਲਾਉਣ ਦੀ ਪ੍ਰੈਕਟਿਸ ਕਰਨ ਲੱਗ ਪਿਆ। ਜਿਸ ਦਿਨ ਅਰਜਨ ਦੇ ਮੁਕਾਬਲੇ ਉਸ ਦੀ ਤੀਰ ਅੰਦਾਜ਼ੀ ਕਲਾ ਵਧੇਰੇ ਤਿੱਖੀ ਵੇਖੀ ਤਾਂ ਗੁਰੂ ਦਰੋਣਾਚਾਰੀਆ ਨੇ ਉਸ ਦੇ ਗੁਰੂ ਬਾਰੇ ਪੁੱਛ ਲਿਆ ਤੇ ਜਦੋਂ ਮੁੰਡੇ ਨੇ ਦੱਸਿਆ ਕਿ ਗੁਰੂ ਉਹ ਦਰੋਣਾਚਾਰੀਆ ਨੂੰ ਹੀ ਮੰਨ ਕੇ ਸਿੱਖਦਾ ਰਿਹਾ ਹੈ ਤਾਂ ਦਰੋਣਾਚਾਰੀਆ ਨੂੰ ਇਸ ਨਾਲ ਖੁਸ਼ੀ ਨਹੀਂ ਸੀ ਹੋਈ, ਈਰਖਾ ਜਾਗ ਪਈ ਸੀ।

ਉਸ ਨੇ ਮੁੰਡੇ ਨੂੰ ਕਿਹਾ ਕਿ ਜੇ ਮੈਨੂੰ ਗੁਰੂ ਮੰਨਿਆ ਹੈ ਤਾਂ ਮੇਰੀ ਗੁਰੂ-ਦਕਸ਼ਿਣਾ ਦੇਣੀ ਪਵੇਗੀ। ਮੁੰਡੇ ਨੇ ਗੁਰੂ-ਦਕਸ਼ਿਣਾ ਪੁੱਛ ਲਈ। ਅੱਗੋਂ ਗੁਰੂ ਨੇ ਉਸ ਦਾ ਅੰਗੂਠਾ ਮੰਗ ਲਿਆ, ਜਿਸ ਬਿਨਾ ਉਹ ਮੁੰਡਾ ਤੀਰ ਨਹੀਂ ਸੀ ਚਲਾ ਸਕਦਾ। ਬੱਚੇ ਦੀ ਹਿੰਮਤ ਵੇਖੋ ਕਿ ਉਸ ਨੇ ਗੁਰੂ ਦੇ ਕਹੇ ਉਤੇ ਆਪਣਾ ਸੱਜਾ ਅੰਗੂਠਾ ਵੀ ਵੱਢ ਕੇ ਫੜਾ ਦਿੱਤਾ ਸੀ। ਚੇਲਾ ਆਪਣੇ ਵਿਸ਼ਵਾਸ ਦਾ ਪੂਰਾ ਨਿਕਲਿਆ ਤੇ ਗੁਰੂ ਨੇ ਕੂਟਨੀਤੀ ਨੂੰ ਵੀ ਦਾਗ ਲਾ ਦਿੱਤਾ। ਉਸ ਗੁਰੂ ਦੇ ਨਾਂ ਦਾ ਸ਼ਹਿਰ ਹੋ ਗਿਆ।

ਭਾਜਪਾ ਦੇ ਕਿਸੇ ਆਗੂ ਨੂੰ ਇਹ ਖਿਆਲ ਨਹੀਂ ਆਇਆ ਕਿ ਗੁਰੂ ਦਰੋਣਾਚਾਰੀਆ ਦੇ ਨਾਂ ਦਾ ਸ਼ਹਿਰ ਬਣਾ ਦਿੱਤਾ ਤਾਂ ਗਰੀਬ ਬੱਚੇ ਦੇ ਨਾਂ ਦਾ ਕੋਈ ਚੌਕ ਹੀ ਬਣਾ ਦੇਈਏ।

ਇਹੋ ਤਾਂ ਵੱਡਾ ਪੇਚ ਹੈ, ਭਾਜਪਾ ਦੀ ਰਾਜਨੀਤੀ ਦਾ। ਜੀ ਹਾਂ, ਇਹੋ ਵੱਡਾ ਤੇ ਸ਼ਾਇਦ ਸਭ ਤੋਂ ਵੱਡਾ ਪੇਚ ਹੈ, ਭਾਜਪਾ ਦੀ ਉਸ ਰਾਜਨੀਤੀ ਦਾ, ਜਿਸ ਨੂੰ ਮੂਹਰੇ ਰੱਖ ਕੇ ਉਹ ਸ਼ਹਿਰਾਂ ਦੇ ਨਾਂ ਬਦਲ ਕੇ ਭੁੱਖ ਦੇ ਮਾਰੇ ਲੋਕਾਂ ਨੂੰ ਧੱਕੇ ਨਾਲ ਧਰਮ ਦਾ ਝੰਡਾ ਚੁਕਾਉਣ ਤੁਰੀ ਹੋਈ ਹੈ।

# ਬੰਗਲਾ ਦੇਸ਼ ਨੂੰ ਪਾਕਿਸਤਾਨ ਤੋਂ ਤੋੜਨ ਦੀ 'ਕਸਕ' ਪਾਕਿਸਤਾਨੀਆਂ ਦੇ ਦਿਲਾਂ 'ਚ ਹੈ



ਜਸਵੰਤ ਸਿੰਘ 'ਅਜੀਤ'

ਕਰਤਾਰਪੁਰ ਸਾਹਿਬ (ਪਾਕਿਸਤਾਨ) ਦੀ ਉਹ ਧਰਤੀ, ਜਿਸਨੂੰ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਜੀਵਨ-ਕਾਲ ਦੇ ਅੰਤਿਮ 18 ਵਰ੍ਹੇ ਚਰਨ-ਛਹੁ ਪ੍ਰਾਪਤ ਰਹੀ, ਦੇ ਖੁਲ੍ਹੇ ਦਰਸ਼ਨ-ਦੀਦਾਰ ਕਰ ਪਾਣ ਦਾ ਮੌਕਾ ਗੁਰੂ ਨਾਨਕ ਨਾਮ ਲੇਵਾਵਾਂ ਨੂੰ ਪ੍ਰਦਾਨ ਕਰਨ ਦੇ ਲਈ, ਉਨ੍ਹਾਂ ਦੇ ਅਗਲੇ ਵਰ੍ਹੇ (2019ਵਿੱਚ) ਆ ਰਹੇ 550-ਸਾਲਾ ਪ੍ਰਕਾਸ਼ ਦਿਹਾੜੇ ਦੇ ਮੌਕੇ ਤੇ ਗਲਿਆਰਾ (ਕਾਰੀਡੋਰ) ਬਣਾਏ ਜਾਣ ਦੀ ਭਾਰਤ-ਪਾਕ, ਸਰਕਾਰਾਂ ਵਿੱਚ ਹੋਈ ਆਪਸੀ ਸਹਿਮਤੀ ਦੇ ਅਧਾਰ 'ਤੇ, ਜਿਥੇ ਭਾਰਤ ਸਰਕਾਰ ਵਲੋਂ 26 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਦਾ ਅਯੋਜਨ ਕਰ ਇਸ ਉਦੇਸ਼ (ਕਾਰੀਡੋਰ ਦੇ ਨਿਰਮਾਣ ਦੀ ਅਰੰਭਤਾ) ਲਈ ਨੀਂਹ ਰਖੀ ਗਈ, ਤਾਂ ਉਥੇ ਹੀ ਪਾਕਿਸਤਾਨ ਸਰਕਾਰ ਵਲੋਂ ਇਸੇ ਉਦੇਸ਼ ਲਈ ਨੀਂਹ ਰਖਣ ਲਈ 28 ਨਵੰਬਰ, ਬੁੱਧਵਾਰ ਨੂੰ ਕਰਤਾਰ ਪੁਰ ਸਾਹਿਬ ਵਿਖੇ ਸ਼ਾਨੋ-ਸ਼ੌਕਤ ਨਾਲ ਸਮਾਗਮ ਦਾ ਅਯੋਜਨ ਕੀਤਾ ਗਿਆ। ਭਾਰਤ ਸਰਕਾਰ ਵਲੋਂ ਅਯੋਜਿਤ ਸਮਾਗਮ ਦੇ ਮੁੱਖ ਮਹਿਮਾਨ ਉਪ-ਰਾਸ਼ਟ੍ਰਪਤੀ ਵੇਂਕੈਯਾ ਨਾਯਡੂ ਨੇ ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਇਹ ਪ੍ਰਸਤਾਵਤ ਗਲਿਆਰਾ ਦੋਹਾਂ ਦੇਸ਼ਾਂ ਵਿੱਚ ਅਮਨ-ਸ਼ਾਂਤੀ ਕਾਇਮ ਕਰਨ, ਅਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨੇ ਅਤੇ ਨਵੇਂ ਸੰਬੰਧਾਂ ਨੂੰ ਉਤਸਾਹਿਤ ਕਰਨ ਵਾਲਾ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਸੰਭਾਵਤ ਪ੍ਰੀਵਰਤਨ ਲਿਆਉਣ ਵਾਲਾ ਹੈ ਅਤੇ ਇਹ ਭਾਰਤ ਸਰਕਾਰ ਵਲੋਂ ਗਲਿਆਰਾ ਬਣਾਏ ਜਾਣ ਦੇ ਕੀਤੇ ਗਏ ਫੈਸਲੇ ਨਾਲ ਹੀ ਸੰਭਵ ਹੋ ਪਾਇਆ ਹੈ। ਉਨ੍ਹਾਂ ਹੋਰ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ 18 ਵਰ੍ਹੇ ਕਰਤਾਰ ਪੁਰ ਦੀ ਧਰਤੀ ਪੁਰ ਬਿਤਾਏ ਅਤੇ ਸਮੁਚੀ ਮਾਨਵਤਾ ਨੂੰ ਅਮਨ-ਸ਼ਾਂਤੀ, ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਦਾ ਸੰਦੇਸ਼ ਦਿੱਤਾ। ਵੇਂਕੈਯਾ ਨਾਯਡੂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550-ਸਾਲਾ ਪ੍ਰਕਾਸ਼ ਦਿਵਸ ਪੁਰ ਦੋਹਾਂ ਦੇਸ਼ਾਂ ਨੂੰ ਆਪਣੇ ਸੰਬੰਧਾਂ ਨੂੰ ਸੁਧਾਰਨ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਬਹੁਤ ਹੀ ਚੰਗਾ ਮੌਕਾ ਮਿਲਿਆ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਇਹ ਗਲਿਆਰਾ ਦੋਹਾਂ ਦੇਸ਼ਾਂ ਅਤੇ ਉਨ੍ਹਾਂ ਦੇ ਵਾਸੀਆਂ ਨੂੰ ਇੱਕ-ਦੂਸਰੇ ਦੇ ਨੇੜੇ ਲਿਆ ਉਨ੍ਹਾਂ ਵਿੱਚਲੇ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ ਪੁਲ ਦਾ ਕੰਮ ਕਰੇਗਾ ਅਤੇ ਪੁਰਾਣੀਆਂ ਦਰਾੜਾਂ ਨੂੰ ਭਰ, ਨਵੇਂ ਸੰਬੰਧ ਬਣਾਉਣ ਲਈ ਉਤਸਾਹਿਤ ਕਰੇਗਾ। ਇਸ ਮੌਕੇ ਤੇ ਕੇਂਦਰੀ ਸੜਕ ਅਤੇ ਪਰਿਵਹਿਨ ਮੰਤ੍ਰੀ ਨਿਤਿਨ ਗਡਕਰੀ ਨੇ ਵਿਸ਼ਵਾਸ ਦੁਆਇਆ ਕਿ ਇਹ ਚਾਰ ਮਾਰਗੀ ਗਲਿਆਰਾ ਸਾਢੇ ਚਾਰ ਮਹੀਨਿਆਂ ਵਿੱਚ ਪੂਰਾ ਹੋ ਜਾਇਗਾ।

ਇਸਤਰ੍ਹਾਂ ਜਿਥੇ ਉਪ-ਰਾਸ਼ਟਰਪਤੀ ਵੇਂਕੈਯਾ ਨਾਯਡੂ ਦਾ ਭਾਸ਼ਣ ਬਹੁਤ ਹੀ ਸੰਤੁਲਤ ਅਤੇ ਦੋਹਾਂ ਦੇਸ਼ਾਂ ਵਿੱਚ ਆਪਸੀ ਸੰਬੰਧਾਂ ਨੂੰ ਮਜ਼ਬੂਤ ਬਣਾਏ ਜਾਣ ਦੀ ਆਸ ਪੁਰ ਅਧਾਰਤ ਸੀ, ਉਥੇ ਹੀ ਪੰਜਾਬ ਦੇ ਮੁੱਖ ਮੰਤ੍ਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਪਾਕਿਸਤਾਨ ਦੇ ਸੈਨਿਕ ਮੁੱਖੀ ਨੂੰ



ਚਿਤਾਵਨੀ ਦੇਣਾ, ਕੇਂਦਰੀ ਮੰਤਰੀ ਹਰਸਿਮਰਤ ਕੌਰ ਦਾ ਕਾਂਗ੍ਰਸ ਵਿਰੁੱਧ ਦਿਲ ਦਾ ਗੁਬਾਰ ਕਢਣਾ, ਪੰਜਾਬ ਕਾਂਗ੍ਰਸ ਦੇ ਪ੍ਰਧਾਨ ਸੁਨੀਲ ਜਾਖੜ ਵਲੋਂ ਨਸ਼ਿਆਂ ਦੇ ਨਾਂ ਤੇ ਅਕਾਲੀ ਦਲ ਪੁਰ ਹਮਲੇ ਕਰਨਾ ਆਦਿ ਕਿਸੇ ਵੀ ਤਰ੍ਹਾਂ ਮੌਕੇ ਦੇ ਅਨੁਕੂਲ ਨਹੀਂ ਸੀ। ਇਸ ਨਾਲ ਇਉਂ ਲਗਣ ਲਗਾ ਸੀ ਕਿ ਜਿਵੇਂ ਓਹ ਸਰਬ-ਸਾਂਝੇ ਸਮਾਰੋਹ ਵਿੱਚ ਨਹੀਂ, ਸਗੋਂ ਕਿਸੇ ਚੋਣ ਜਲਸੇ ਵੱਚ ਭਾਸ਼ਣ ਕਰ, ਲੋਕਾਂ ਦੀ ਵਾਹ-ਵਾਹੀ ਲੂਟਣ ਦੀ ਕੌਸ਼ਿਸ਼ ਕਰ ਰਹੇ ਹੋਣ। ਚਾਹੀਦਾ ਤਾਂ ਇਹ ਸੀ ਕਿ ਉਹ ਮੌਕੇ ਮਾਹੌਲ ਦੇ ਉਦੇਸ਼ ਨੂੰ ਸਮਝਦੇ ਅਤੇ ਇੱਕ-ਦੂਸਰੇ ਵਿਰੁਧ ਆਪਣੀ ਰਾਜਸੀ 'ਕਿੜ' ਕਢੇ ਜਾਣ ਨੂੰ ਕਿਸੇ ਹੋਰ ਸਮੇਂ ਲਈ ਰਾਖਵਾਂ ਰਖ ਲੈਂਦੇ। ਅਮਨ-ਸ਼ਾਂਤੀ, ਪਿਆਰ, ਸੱਦਭਾਵਨਾ ਅਤੇ ਸਰਬ-ਸਾਂਝੀਵਾਲਤਾ ਦੇ ਸੰਦੇਸ਼-ਵਾਹਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ-ਛਹੁ ਪ੍ਰਾਪਤ ਧਰਤੀ ਨਾਲ ਦੋਹਾਂ ਦੇਸ਼ਾਂ ਦੇ ਵਾਸੀਆਂ ਨੂੰ ਜੋੜਨ ਲਈ ਹੋ ਰਹੇ ਕਾਰਜ ਦੇ ਮੌਕੇ ਦੀ ਮਹਤੱਤਾ ਨੂੰ ਸਮਝਦਿਆਂ ਉਪ-ਰਾਸ਼ਟਰਪਤੀ ਵਾਂਗ ਆਪਣੇ ਵਿਚਾਰਾਂ ਨੂੰ ਸੰਤੁਲਤ ਬਣਾਈ ਰਖਦੇ। ਪ੍ਰੰਤੂ ਉਨ੍ਹਾਂ ਨੇ ਅਜਿਹਾ ਨਾ ਕਰ ਆਪੋ-ਆਪਣੀਆਂ ਰਾਜਸੀ ਰੋਟੀਆਂ ਸੇਕ, ਨਾ ਕੇਵਲ ਸਮਾਗਮ ਦੇ ਪਵਿਤ੍ਰ ਵਾਤਾਵਰਣ ਨੂੰ ਦੂਸ਼ਤ ਕੀਤਾ, ਸਗੋਂ ਆਪਣੀ ਸੋਚ ਤੇ ਦੂਰਦ੍ਰਿਸ਼ਟੀ ਦੇ ਦੀਵਾਲੀਏਪਨ ਦਾ ਵੀ ਅਹਿਸਾਸ ਕਰਵਾ ਦਿੱਤਾ। ਹਾਲਾਂਕਿ ਇਸ ਗਲ ਦਾ ਸੰਕੇਤ ਉਸੇ ਸਮੇਂ ਮਿਲਣ ਲਗਾ ਸੀ, ਜਦੋਂ ਉਨ੍ਹਾਂ ਦੇ ਭਾਸ਼ਣ ਦੌਰਾਨ ਲੋਕਾਂ ਨੇ ਹੂਟਿੰਗ ਕਰਨੀ ਅਤੇ ਸਮਾਗਮ ਵਿਚੋਂ ਉੱਠ ਬਾਹਰ ਨਿਕਲਣਾ ਸ਼ੁਰੂ ਕਰ ਦਿੱਤਾ ਸੀ। ਅਫਸੋਸ ਤਾਂ ਇਸ ਗਲ ਦਾ ਵੀ ਹੈ ਕਿ ਦਰਸ਼ਕ-ਸ੍ਰੋਤਿਆਂ ਦੇ ਇਸ ਸੰਕੇਤ ਨੂੰ ਸਮਝਣ ਦੀ ਬਜਾਇ ਉਹ ਆਪਣੀ ਸੂਝ-ਸਿਆਣਪ ਦੇ ਦੀਵਾਲੀਏਪਨ ਦਾ ਪ੍ਰਗਟਾਵਾ ਲਗਾਤਾਰ ਕਰਦੇ ਰਹੇ।

**ਉਧਰ ਪਾਕਿਸਤਾਨ ਵਿੱਚ:** ਪਾਕਿਸਤਾਨੀ ਇਲਾਕੇ ਵਿੱਚ ਬਣਾਏ ਜਾਣ ਵਾਲੇ ਗਲਿਆਰੇ (ਕਾਰੀਡੋਰ) ਦੀ ਨੀਂਹ ਰਖਣ ਲਈ ਪਾਕ ਸਰਕਾਰ ਵਲੋਂ ਕੀਤੇ ਗਏ ਸਮਾਗਮ ਵਿੱਚ ਪਾਕ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਨੀਂਹ ਰਖਣ ਤੋਂ ਬਾਅਦ ਆਪਣੇ ਸੰਬੋਧਨ ਵਿੱਚ ਜਿਥੇ ਇਸ ਕਾਰੀਡੋਰ ਨੂੰ ਪਾਕ-ਭਾਰਤ ਸੰਬੰਧਾਂ ਵਿੱਚ ਇੱਕ ਨਵਾਂ ਅਧਿਆਇ ਸ਼ੁਰੂ ਕਰਨ ਦਾ ਆਧਾਰ ਕਰਾਰ ਦਿੱਤਾ ਉਥੇ ਹੀ ਇਹ ਵੀ ਕਿਹਾ ਕਿ ਜੇ ਪੱਕਾ ਇਰਾਦਾ ਹੋਵੇ ਤਾਂ ਕਸ਼ਮੀਰ ਸਮੇਤ ਦੋਹਾਂ ਮੁਲਕਾਂ ਵਿਚਲੇ ਸਾਰੇ ਮਸਲੇ ਹਲ ਹੋ ਸਕਦੇ ਹਨ। ਇਸ ਮੌਕੇ ਕਸ਼ਮੀਰ ਦਾ ਨਾਂ ਲਿਆ ਜਾਣਾ ਭਾਰਤ ਸਰਕਾਰ ਨੂੰ ਪਸੰਦ ਨਹੀਂ ਆਇਆ। ਭਾਰਤੀ ਵਿਦੇਸ਼ ਵਿਭਾਗ ਨੇ ਤੁਰੰਤ ਹੀ ਆਪਣੀ ਪ੍ਰਤੀਕ੍ਰਿਆ ਦਿੰਦਿਆਂ ਕਿਹਾ ਕਿ ਇਹ ਗਲ ਬਹੁਤ ਹੀ ਮੰਦਭਾਗੀ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਉਸ ਪਵਿਤ੍ਰ ਮੌਕੇ ਨੂੰ ਰਾਜਸੀ ਰੰਗ ਦੇਣ ਲਈ ਚੁਣਿਆ, ਜੋ ਕਿ ਸਿੱਖ ਭਾਈਚਾਰੇ ਵਲੋਂ ਕਰਤਾਰਪੁਰ ਗਲਿਆਰਾ ਖੋਲ੍ਹੇ ਜਾਣ ਦੀ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਮੰਗ ਨੂੰ ਸਾਕਾਰ ਕਰਨ ਨਾਲ ਜੁੜਿਆ ਹੋਇਆ ਸੀ। ਇਸ ਮੌਕੇ ਤੇ ਅਣਚਾਹੇ ਰੂਪ ਵਿੱਚ ਕਸ਼ਮੀਰ ਦਾ ਜ਼ਿਕਰ ਕੀਤਾ ਗਿਆ ਹੈ, ਜੋ ਕਿ ਭਾਰਤ ਦਾ ਅਟੁਟ ਅੰਗ ਹੈ।

**ਕਸ਼ਮੀਰ ਬਨਾਮ ਰਾਜਸੀ ਹਲਕੇ:** ਭਾਰਤ ਵਿਚਲੇ ਉਚ ਰਾਜਸੀ ਹਲਕਿਆ ਦੀ ਮਾਨਤਾ ਹੈ ਕਿ ਪਾਕਿਸਤਾਨੀ ਹਾਕਮਾਂ ਦੀ ਇਹ ਮਜਬੂਰੀ ਹੈ ਕਿ ਉਹ ਚਾਹੁੰਦਿਆਂ ਹੋਇਆਂ ਵੀ, ਨਾ ਤਾਂ ਕਸ਼ਮੀਰ ਦੇ ਮੁੱਦੇ ਨੂੰ ਛੱਡ ਸਕਦੇ ਹਨ ਅਤੇ ਨਾ ਹੀ ਉਸਦੇ ਹਲ ਪ੍ਰਤੀ ਇਮਾਨਦਾਰ ਹੋ ਸਕਦੇ ਹਨ। ਇਸ ਸੰਬੰਧ ਵਿੱਚ ਉਹ ਦਸਦੇ ਹਨ ਕਿ ਜਦੋਂ ਪਾਕਿਸਤਾਨ ਦੇ ਆਪਣੇ ਸਮੇਂ ਦੇ ਰਾਸ਼ਟਰਪਤੀ ਜਨਰਲ ਮੁਸ਼ਰਫ, ਉਸ ਸਮੇਂ ਦੇ ਭਾਰਤੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨਾਲ ਆਗਰਾ ਵਿਖੇ ਹੋਣ ਵਾਲੀ ਸਿੱਖਰ-ਵਾਰਤਾ ਵਿੱਚ ਹਿੱਸਾ ਲੈਣ ਲਈ ਪਾਕਿਸਤਾਨ ਤੋਂ ਰਵਾਨਾ ਹੋਏ ਸਨ ਤਾਂ ਉਸ ਸਮੇਂ ਕਟੜ-ਪੰਥੀ ਜਮਾਇਤ-ਏ-ਇਸਲਾਮੀ ਦੇ ਮੁਖੀਆਂ ਨੇ ਉਸਨੂੰ ਚਿਤਾਵਨੀ ਦਿੱਤੀ ਸੀ ਕਿ ਜੇ ਉਸਨੇ ਭਾਰਤ ਨਾਲ ਕਸ਼ਮੀਰ ਬਾਰੇ ਕੋਈ ਸਮਝੌਤਾ ਕੀਤਾ ਤਾਂ ਉਸਨੂੰ ਨਾ ਤਾਂ ਪਾਕਿਸਤਾਨੀ ਫੌਜ ਅਤੇ ਨਾ ਹੀ ਪਾਕਿਸਤਾਨੀ ਅਵਾਮ ਸਵੀਕਾਰ ਕਰਨਗੇ। ਇਸ ਗਲ ਦੀ ਪੁਸ਼ਟੀ ਜਨਰਲ ਮੁਸ਼ਰਫ ਨੇ ਆਪ ਵੀ ਆਗਰਾ ਵਿਖੇ ਕੀਤੀ

**(ਬਾਕੀ ਸਫਾ 20 'ਤੇ)**

Issue- 310, Vol-13, December 19, 2018

# ਪਾਣੀ ਦਾ ਸੰਕਟ ਅਤੇ ਹੱਲ



ਕੁਲਵੰਤ ਸਿੰਘ 'ਢੇਸੀ'

ਇਸ ਹਫਤੇ ਸੰਜੋਗ ਵਸ ਮੈਨੂੰ ਭਾਰਤ ਦੇ ਦੋ ਅਹਿਮ ਵਿਅਕਤੀਆਂ ਦੇ ਵਿਚਾਰ ਪੜ੍ਹਨ / ਸੁਣਨ ਦਾ ਮੌਕਾ ਮਿਲਿਆ ਜਿਹਨਾ ਨੇ ਕੌਮੀ ਅਤੇ ਕੌਮਾਂਤਰੀ ਜਲ ਸਮੱਸਿਆ ਦੀ ਗੰਭੀਰਤਾ ਅਤੇ ਉਸ ਦੇ ਹੱਲ ਬਾਰੇ ਕੇਵਲ ਵਿਚਾਰ ਹੀ ਨਹੀਂ ਦਿੱਤੇ ਸਗੋਂ ਭਾਰਤ ਵਿਚ ਪਾਣੀ ਦੇ ਸੰਕਟ ਨੂੰ ਹੱਲ ਕਰਨ ਲਈ ਕਮਾਲ ਦਾ ਕੰਮ ਵੀ ਕੀਤਾ ਹੈ। ਇਸ ਸਬੰਧੀ ਪਹਿਲੇ ਵਿਅਕਤੀ ਦਾ ਨਾਮ ਹੈ ਸੰਤ ਵਾਸੁਦੇਵਾ ਅਤੇ ਦੂਸਰੇ ਦਾ ਨਾਮ ਹੈ ਰਾਜਿੰਦਰ ਸਿੰਘ। ਇਸ ਲੇਖ ਵਿਚ ਪਹਿਲਾਂ ਅਸੀ ਸੰਤ ਵਾਸੁਦੇਵਾ ਦੇ ਉਹ ਵਿਚਾਰ ਦੇ ਰਹੇ ਹਾਂ ਜੋ ਕਿ ਉਸ ਨੇ ਯੁਨਾਈਟਿਡ ਨੇਸ਼ਨ ਵਿਚ ਦਿੱਤੇ ਅਤੇ ਉਹਨਾ ਦੀ ਇਹ ਤਕਰੀਰ ਕੋਈ ਵੀ ਪਾਠਕ ਯੂ ਟਿਊਬ 'ਤੇ ਦੇਖ ਸਕਦਾ ਹੈ।

ਸਦਗੁਰੂ ਜੱਗੀ ਵਾਸੁਦੇਵ ਦੀ ਤਕਰੀਰ ਦੇ ਅੰਸ਼— ਮਨੁੱਖ ਮਾਤਰ ਲਈ ਇਹ ਜਾਨਣਾ ਬਹੁਤ ਜਰੂਰੀ ਹੈ ਕਿ ਪਾਣੀ ਕੋਈ ਵਸਤੂ ਨਹੀਂ ਹੈ ਸਗੋਂ ਜੀਵਨ ਦਾਨ ਦੇਣ ਵਾਲੀ ਸੰਜੀਵਨੀ ਹੈ। ਜਿਵੇਂ ਸਾਡੀ ਧਰਤੀ ਦਾ ਦੋ ਤਿਹਾਈ ਹਿੱਸਾ ਪਾਣੀ ਹੈ ਤਿਵੇਂ ਹੀ ਸਾਡੇ ਸ਼ਰੀਰ ਦਾ ਵੀ ਦੋ ਤਿਹਾਈ ਹਿੱਸਾ ਪਾਣੀ ਹੈ। ਪਰ ਧਰਤੀ ਦਾ ਪਾਣੀ ਚਲੇ ਕਿੱਥੇ ਗਿਆ ਹੈ? ਅਸਲ ਵਿਚ ਇਹ ਪਾਣੀ ਕਿਤੇ ਵੀ ਨਹੀਂ ਗਿਆ ਸਗੋਂ ਲੱਖਾਂ ਸਾਲ ਪਹਿਲਾਂ ਧਰਤੀ ਕੋਲ ਜੋ ਪਾਣੀ ਸੀ ਉਹ ਅੱਜ ਵੀ ਹਾਸਲ ਹੈ ਪਰ ਇਹ ਪਾਣੀ ਉਸ ਜਗ੍ਹਾ ਨਹੀਂ ਹੈ ਜਿਥੇ ਕਿ ਸਾਨੂੰ ਇਸ ਦੀ ਲੋੜ ਹੈ। ਲੋੜ ਮੁਤਾਬਕ ਅਸੀ ਲੋਕਾਂ ਨੂੰ ਪਾਣੀ ਮੁਹੱਈਆ ਕਰਨ ਤੋਂ ਅਸਫਲ ਹੁੰਦੇ ਜਾ ਰਹੇ ਹਾਂ। ਪਾਣੀ ਦੇ ਇਸ ਸੰਕਟ ਸਬੰਧੀ ਮੈਂ ਆਪਣੀ ਤਕਰੀਰ ਭਾਰਤ ਤਕ ਹੀ ਸੀਮਤ ਰੱਖਣਾ ਚਹੁੰਦਾ ਹਾਂ ਜਦ ਕਿ ਕਰੀਬ ਇਹ ਹੀ ਹਾਲਤ ਬਾਕੀ ਦੁਨੀਆਂ ਦੇ ਦੇਸ਼ਾਂ ਦੀ ਵੀ ਹੈ।

ਭਾਰਤ ਨੂੰ ਹਮੇਸ਼ਾਂ ਸਪਤਸਿੰਧੂ ਜਾਂ ਸੱਤਾਂ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਰਿਹਾ ਹੈ ਭਾਵੇਂ ਕਿ ਸਾਡੇ ਦੇਸ਼ ਵਿਚ 700 ਤੋਂ ਵੀ ਵੱਧ ਦਰਿਆ ਹਨ। ਦਰਿਆਵਾਂ ਦੇ ਸਬੰਧ ਵਿਚ ਸਾਡੀ ਧਰਤੀ ਬਹੁਤ ਖੁਸ਼ਹਾਲ ਰਹੀ ਹੈ ਪਰ ਪਿਛਲੀ ਅੱਧੀ ਸਦੀ ਵਿਚ 60 ਪ੍ਰਤੀਸ਼ਤ ਦਰਿਆਵਾਂ ਦੀ ਤਬਾਹੀ ਹੋ ਚੁੱਕੀ ਹੈ। ਇਸ ਤਬਾਹੀ ਦੇ ਅਨੇਕਾਂ ਕਾਰਨ ਹਨ। ਪਰ ਆਓ ਪਹਿਲਾਂ ਪਾਣੀ ਪ੍ਰਮੁਖ ਸ੍ਰੋਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।

ਬੁਨਿਆਦੀ ਤੌਰ 'ਤੇ ਸਮਝੀਏ ਤਾਂ ਕੁਦਰਤੀ ਤੌਰ 'ਤੇ ਪਾਣੀ ਦੇ ਦੋ ਸ੍ਰੋਤ ਹਨ--

1. ਬਰਫ (ਗਲੇਸ਼ੀਅਰਾਂ) ਦੇ ਸ੍ਰੋਤ ਤੋਂ ਵਗਦੇ ਦਰਿਆ
2. ਜੰਗਲਾਂ (ਬਾਰਸ਼) ਦੇ ਸ੍ਰੋਤ ਤੋਂ ਵਗਦੇ ਦਰਿਆ

ਭਾਰਤ ਵਿਚ ਕੇਵਲ 4 ਪ੍ਰਤੀਸ਼ਤ ਪਾਣੀ ਬਰਫ ਪਿਘਲ ਕੇ ਦਰਿਆਵਾਂ ਦੇ ਰੂਪ ਵਿਚ ਆਉਂਦਾ ਹੈ ਜਦ ਕਿ ਬਾਕੀ ਸਾਰੇ ਦਰਿਆ ਜੰਗਲਾਂ ਨਾਲ ਸਬੰਧਤ ਹਨ। ਬਾਕੀ ਦੁਨੀਆਂ ਵਿਚ 72 ਪ੍ਰਤੀਸ਼ਤ ਦਰਿਆ ਜੰਗਲਾਂ ਨਾਲ ਸਬੰਧਤ ਹਨ। ਇਹ ਇੱਕ ਖੁਸ਼ਕਿਸਮਤੀ ਦੀ ਗੱਲ ਹੈ ਕਿ ਜੰਗਲ ਦੁਬਾਰਾ ਆਬਾਦ ਕੀਤੇ ਜਾ ਸਕਦੇ ਹਨ ਜਦ ਕਿ ਸਿੱਧੇ ਤੌਰ 'ਤੇ ਬਰਫ ਪੁਆ ਸਕਣੀ ਸਾਡੇ ਵੱਸ ਦੀ ਗੱਲ ਨਹੀਂ ਹੈ। ਭਾਰਤ ਵਿਚ ਸਾਡੇ ਕੋਲ 45 ਤੋਂ 50 ਦਿਨ ਬਾਰਸ਼ ਦੇ ਹੁੰਦੇ ਹਨ। ਬਾਰਸ਼ ਦਾ ਇਹ ਪਾਣੀ ਸੰਭਾਲਿਆ ਜਾ ਸਕਦਾ ਹੈ ਅਗਰ ਮਿੱਟੀ ਵਿਚ ਲੋੜੀਂਦੇ ਜੈਵਿਕ ਤੱਤ ਅਤੇ ਲੋੜੀਂਦੇ ਦਰੱਖਤਾਂ ਦੀ ਭਰਮਾਰ ਹੋਵੇ। ਆਮ ਤੌਰ ਤੇ ਮਿੱਟੀ ਵਿਚ ਘੱਟੋ ਘੱਟ 2 ਪ੍ਰਤੀਸ਼ਤ ਕੁਦਰਤੀ ਜੈਵਿਕ ਤੱਤ (ਆਰਗੈਨਿਕ) ਹੋਣੇ ਜਰੂਰੀ ਹਨ। ਪਰ ਹੁਣ 25 ਪ੍ਰਤੀਸ਼ਤ ਭਾਰਤ ਦੀ ਮਿੱਟੀ ਵਿਚ ਇਹ ਤੱਤ ਕੇਵਲ 0.05 ਪ੍ਰਤੀਸ਼ਤ ਰਹਿ ਗਏ ਹਨ ਜਿਸ ਦਾ ਮਤਲਬ ਕਿ ਜ਼ਰਖੇਜ਼ ਭੂਮੀ ਨੂੰ ਰੇਗਿਸਤਾਨ ਬਣਾਏ ਜਾਣ ਦਾ ਅਮਲ ਸ਼ੁਰੂ ਹੋ ਚੁੱਕਾ ਹੈ। ਪਿਛਲੇ ਸੱਤਾਂ ਸਾਲਾਂ ਵਿਚ ਹੋਈ ਤਬਾਹੀ ਤੋਂ ਪ੍ਰਭਾਵਤ ਹੋ ਕੇ ਅਸੀ ਇੱਕ 760 ਪੰਨਿਆਂ ਦੀ ਸਿਫਾਰਸ਼ੀ ਰਿਪੋਰਟ ਬਣਾ ਕੇ ਭਾਰਤੀ ਫੈਡਰਲ ਸਰਕਾਰ ਨੂੰ ਸੌਂਪ ਚੁੱਕੇ ਹਾਂ। ਜਦੋਂ ਅਸੀਂ ਇਹ ਰਿਪੋਰਟ ਪ੍ਰਧਾਨ ਮੰਤਰੀ ਨੂੰ ਦਿੱਤੀ ਤਾਂ ਉਸ ਦਾ ਪ੍ਰਤੀਕਰਮ ਤਤਕਾਲੀ ਸੀ ਜੋ ਕਿ ਬੜੇ ਹੌਸਲੇ ਵਾਲੀ ਗੱਲ ਸੀ ਕਿ ਸਰਕਾਰ ਪਾਣੀ ਦੇ ਸੰਕਟ ਪ੍ਰਤੀ ਚਿੰਤਾਤੁਰ ਹੈ। ਹੁਣ ਬਾਕੀ ਮਸਲਾ ਵਿਅਕਤੀ ਸਮੂਹ ਦਾ ਇਸ ਸਬੰਧੀ ਉੱਦਮਸ਼ੀਲ ਹੋਣਾ ਅਤੇ ਸਹੀ ਪਹੁੰਚ ਇਖਤਿਆਰ ਕਰਨ ਦਾ ਹੈ ਕਿ ਸੰਕਟ ਦੇ ਹੱਲ ਵਲ ਕਿਵੇਂ ਵਧਿਆ ਜਾਵੇ। ਵਾਤਾਵਰਣ ਅਤੇ ਚੌਗਿਰਦੇ ਦੇ ਨਾਲ ਸਬੰਧਤ ਇਸ ਸੰਕਟ ਨੂੰ ਅਸੀਂ ਸਰਹੱਦਾਂ ਦੀ ਸੀਮਾਂ ਵਿਚ ਰੱਖ ਕੇ ਨਹੀਂ ਦੇਖ ਸਕਦੇ ਸਗੋਂ ਇਸ ਸਬੰਧੀ ਕੌਮਾਂਤਰੀ ਤੌਰ 'ਤੇ ਪ੍ਰਸਪਰ ਏਕੇ ਦੀ ਲੋੜ ਹੈ। ਦਰਿਆਵਾਂ ਦੀਆਂ ਸਰਹੱਦਾਂ ਨਹੀਂ ਹੁੰਦੀਆਂ ਭਾਵੇਂ ਇਹ ਗੱਲ ਸੂਬਿਆਂ ਨਾਲ ਸਬੰਧਤ ਹੋਵੇ ਜਾਂ ਦੇਸ਼ਾਂ ਨਾਲ। ਯੁਨਾਈਟਿਡ ਨੇਸ਼ਨ ਨੂੰ ਇਸ ਸੰਕਟ ਦੇ ਹੱਲ ਲਈ ਇੱਕ ਸਮੂਹਕ ਪਾਲਸੀ ਬਨਾਉਣੀ ਚਾਹੀਦੀ ਹੈ। ਭਾਰਤ ਵਿਚ ਦਰਿਆਵਾਂ ਨਾਲ ਸਬੰਧਤ 25 ਪ੍ਰਤੀਸ਼ਤ ਜ਼ਮੀਨ ਅਜੇ ਵੀ ਸਰਕਾਰ ਦੀ ਮਾਲਕੀ ਹੇਠ ਹੈ। ਸਾਡੀ ਕੋਸ਼ਿਸ਼ ਹੈ ਕਿ ਅਬਾਦੀ ਦੀਆਂ ਜ਼ਰੂਰੀ ਲੋੜਾਂ ਲਈ ਜ਼ਮੀਨ ਛੱਡ ਕੇ ਬਾਕੀ ਸਰਕਾਰੀ ਜ਼ਮੀਨ ਨੂੰ ਜਿਥੋਂ ਤਕ ਹੋ ਸਕੇ ਜੰਗਲਾਂ ਵਿਚ ਬਦਲ ਦਿੱਤਾ ਜਾਵੇ। ਬਾਕੀ ਦੀ 70 ਪ੍ਰਤੀਸ਼ਤ ਜ਼ਮੀਨ ਖੇਤੀਬਾੜੀ ਵਾਲੀ ਹੈ ਅਸੀਂ ਇੱਕ ਗਰੀਬ ਕਿਸਾਨ ਨੂੰ ਵਾਤਾਵਰਣ ਦੀ ਖਾਤਰ ਖੇਤੀਬਾੜੀ ਲਈ ਪਾਣੀ ਵਰਤਣ ਤੋਂ ਨਹੀਂ ਰੋਕ ਸਕਦੇ ਪਰ ਅਨਾਜ ਦੀ ਖੇਤੀ ਦੇ ਨਾਲ ਨਾਲ ਦਰੱਖਤਾਂ ਦੀ ਖੇਤੀ ਵਲ ਪ੍ਰੇਰਤ ਜ਼ਰੂਰ ਕਰ ਸਕਦੇ ਹਾਂ।



ਦਰਿਆਵਾਂ ਦੇ ਦੋਹੀਂ ਪਾਸੀਂ ਘੱਟੋ ਘੱਟ ਇੱਕ ਕਿਲੋਮੀਟਰ ਜ਼ਮੀਨ ਦਰੱਖਤਾਂ ਨਾਲ ਸਬੰਧਤ ਖੇਤੀਬਾੜੀ ਦੀ ਸਕੀਮ ਹੇਠ ਕਰ ਦੇਣੀ ਚਾਹੀਦੀ ਹੈ। ਕੁਝ ਛੋਟੇ ਤਜਰਬਿਆਂ ਮਗਰੋਂ ਅਸੀਂ ਦੇਖਿਆ ਹੈ ਕਿ ਅਨਾਜ ਦੀ ਖੇਤੀ ਦੇ ਮੁਕਾਬਲੇ ਦਰੱਖਤਾਂ ਦੀ ਖੇਤੀ ਨਾਲ ਕਿਸਾਨਾਂ ਦੀ ਆਮਦਨ ਤਿੰਨ ਤੋਂ ਚਾਰ ਗੁਣਾ ਜ਼ਿਆਦਾ ਵਧੀ ਹੈ। ਇਹ ਇੱਕ ਆਰਥਕ ਯੋਜਨਾ ਹੈ ਜੋ ਕਿ ਵਾਤਾਵਰਣ ਅਤੇ ਚੌਗਿਰਦੇ ਸਬੰਧੀ ਸੁਖਾਵੇਂ ਨਤੀਜੇ ਦੇਵੇਗੀ। ਇਸ ਯੋਜਨਾ ਸਬੰਧੀ ਭੂ ਮਾਫੀਆ ਅਤੇ ਰੇਤੇ ਦੀ ਮਾਈਨਿੰਗ ਵਰਗੇ ਅੜਿੱਕੇ ਤਾਂ ਹਨ ਪਰ ਉਹਨਾ ਨਾਲ ਨਿ-ਜੱਠਿਆ ਜਾ ਸਕਦਾ ਹੈ।

ਇੱਕ ਮੂਲਭੂਤ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜਦੋਂ ਤਕ ਆਮਦਨ ਦੇ ਮੁੱਦੇ ਨੂੰ ਨਾਲ ਜੋੜ ਕੇ ਜਨ ਸਮੂਹ ਨੂੰ ਇਸ ਪਾਸੇ ਨਹੀਂ ਲਾਇਆ ਜਾਂਦਾ ਉਦੋਂ ਤਕ ਹੱਲ ਮੁਸ਼ਕਲ ਹੈ। ਆਮਦਨ ਦੇ ਮੁੱਦੇ ਤੋਂ ਭਾਵ ਦਰੱਖਤਾਂ ਨਾਲ ਸਬੰਧਤ ਖੇਤੀ ਤੋਂ ਹੈ। ਜੰਗਲਾਂ ਨੂੰ ਪੂਰਨ ਤੌਰ ਤੇ ਮੁੜ ਅਬਾਦ ਕਰਨਾ ਤਾਂ ਸੰਭਵ ਨਹੀਂ ਹੈ ਪਰ ਦਰੱਖਤਾਂ ਦੀ ਕਮੀ ਨੂੰ ਦਰੱਖਤਾਂ ਨਾਲ ਸਬੰਧਤ ਖੇਤੀ ਰਾਹੀਂ ਪੂਰਿਆਂ ਕੀਤਾ ਜਾ ਸਕਦਾ ਹੈ। ਜੇਕਰ ਪਾਣੀ ਦੇ ਖਤਮ ਹੋ ਰਹੇ ਸ੍ਰੋਤਾਂ ਦੀ ਗੱਲ ਕਰਨੀ ਹੋਵੇ ਤਾਂ ਲੂੰਅ ਕੰਡੇ ਖੜ੍ਹੇ ਹੋ ਜਾਂਦੇ ਹਨ। ਜਦੋਂ ਮੈਂ ਨਿੱਕਾ ਸਾਂ ਤਾਂ ਬੰਗਲੂਰ ਵਿਚ 1020 ਝੀਲਾਂ ਅਤੇ ਟੋਭੇ ਸਨ ਅਤੇ ਤਿੰਨ ਸਦਾ ਬਹਾਰ ਦਰਿਆ ਸਨ। ਅੱਜ ਉਹਨਾ ਦਰਿਆਵਾਂ ਦਾ ਨਾਮ ਨਿਸ਼ਾਨ ਵੀ ਨਹੀਂ ਹਨ ਕਿਓਂਕਿ ਉਥੇ ਉਸਾਰੀਆਂ ਹੋ ਚੁੱਕੀਆਂ ਹਨ, ਜਦ ਕਿ ਸਿਰਫ 82 ਟੋਭੇ ਅਤੇ ਝੀਲਾਂ ਬਾਕੀ ਬਚੀਆਂ ਹਨ ਜਿਹਨਾ ਵਿਚ 45 ਪ੍ਰਤੀਸ਼ਤ ਤਾਂ ਮੈਲੇ ਦੇ ਪਾਣੀ (ਸੀਵਰ) ਨਾਲ ਸਬੰਧਤ ਹਨ। ਇਹ ਸਿਰਫ 45 ਸਾਲਾਂ ਵਿਚ ਹੋ ਗਿਆ ਹੈ। ਜਦੋਂ ਅਸੀ ਮਨੁੱਖੀ ਜੀਵਨ ਦੀ ਗੱਲ ਕਰਦੇ ਹਾਂ ਤਾਂ ਸਾਡੇ ਨਾਲ ਨਾਲ ਪਸ਼ੂ, ਪੰਛੀ, ਕੀੜੇ ਮਕੌੜੇ ਅਤੇ ਦਰੱਖਤ ਬੂਟੇ ਸਭ ਸਬੰਧਤ ਹਨ ਜਿਹਨਾ ਤੋਂ ਵਗੈਰ ਅਸੀ ਜੀਅ ਨਹੀਂ ਸਕਦੇ।

ਇਹ ਗੱਲ ਵੀ ਖਿਆਲ ਵਿਚ ਰੱਖਣ ਵਾਲੀ ਹੈ ਕਿ ਸਾਡੀ ਧਰਤੀ ਆਪਣੇ ਆਪ ਵਿਚ ਖਤਰੇ ਵਿਚ ਨਹੀਂ ਹੈ ਸਗੋਂ ਇਸ ਧਰਤੀ 'ਤੇ ਮਨੁੱਖੀ ਜੀਵਨ ਖਤਰੇ ਵਿਚ ਹੈ। ਸੱਚ ਤਾਂ ਇਹ ਹੈ ਕਿ ਅਗਰ ਭਲਕੇ ਮਨੁੱਖੀ ਜਾਤ ਦਾ ਖਾਤਮਾ ਹੋ ਜਾਵੇ ਤਾਂ ਇਹ ਧਰਤੀ ਕੇਵਲ 25 ਸਾਲਾਂ ਵਿਚ ਮੁੜ ਆਪਣੇ ਕੁਦਰਤੀ ਖੇੜੇ ਵਿਚ ਆ ਜਾਏਗੀ।

ਇਸ ਦੇ ਨਾਲ ਨਾਲ ਹੀ ਜਨਸੰਖਿਆ ਦਾ ਵੀ ਮੁੱਦਾ ਹੈ। ਵੀਹਵੀਂ ਸਦੀ ਦੇ ਸ਼ੁਰੂ ਵਿਚ ਅਸੀ ਕੇਵਲ 1.4 ਬਿਲੀਅਨ ਸਾਂ ਹੁਣ ਅਸੀ 7.5 ਬਿਲੀਅਨ ਹੋ ਗਏ ਹਾਂ ਅਤੇ ਯੂ ਐਨ ਓ ਦੀ ਭਵਿੱਖ ਬਾਣੀ ਹੈ ਕਿ ਇਸ ਸਦੀ ਦੇ ਅੱਧ (2050) ਵਿਚ ਅਸੀ 9.4 ਬਿਲੀਅਨ ਦੀ ਗਿਣਤੀ ਵਾਲੇ ਹੋ ਜਾਵਾਂਗੇ। ਇਹ ਵੀ ਹੁਣ ਜਰੂਰੀ ਹੋ ਗਿਆ ਹੈ ਕਿ ਧਰਤੀ ਦੀ ਜ਼ਮੀਨ ਜਿੰਨੇ ਕੁ ਇਨਸਾਨਾ ਨੂੰ ਸਾਂਭ ਸਕੇ ਉਸੇ ਹਿਸਾਬ ਜਨ ਸੰਖਿਆ 'ਤੇ ਕਾਬੂ ਰੱਖਣ ਦੇ ਯਤਨ ਕਰਨੇ ਹੋਣਗੇ।

**ਪਾਣੀ ਵਾਲਾ ਭਾਰਤੀ ਬੰਦਾ**

'ਵਾਟਰ ਮੈਨ ਆਫ ਇੰਡੀਆ' ਨਾਮ ਨਾਲ ਮਸ਼ਹੂਰ ਡਾ: ਰਜਿੰਦਰ ਸਿੰਘ ਇੱਕ ਐਸਾ ਵਿਅਕਤੀ ਹੈ ਜਿਸ ਦੇ ਕਮਾਲ ਦੇ ਯਤਨਾ ਨੇ ਰਾਜਸਥਾਨ ਦੇ 5 ਸੁੱਕੇ ਹੋਏ ਦਰਿਆਵਾਂ ਵਿਚ ਮੁੜ ਰਵਾਨੀ ਲੈ ਆਂਦੀ ਹੈ ਅਤੇ 1000 ਪਿੰਡਾਂ ਨੂੰ ਪਾਣੀ ਦੀ ਨਿਆਮਤ ਦਿੱਤੀ ਹੈ। ਉਸ ਦੀ ਸੰਸਥਾ ਦਾ ਨਾਮ ਟੀ ਬੀ ਐਸ (Tarun Bharat Singh) ਹੈ। ਰਜਿੰਦਰ ਸਿੰਘ ਨੂੰ ਇਹਨਾ ਪ੍ਰਾਪਤਿਆਂ ਕਾਰਨ ਪਾਣੀ ਦਾ ਨੋਬਲ ਪ੍ਰਾਇਜ਼ (Stock-holm Water Prize for Water) ਮਿਲ ਚੁੱਕਾ ਹੈ। ਉਸ-ਦੀਆਂ ਸਕੀਮਾ ਵਿਚ ਟੋਭਾ ਸਕੀਮ, ਜੋੜ ਅਤੇ ਡੈਮਾ ਦਾ ਪੁਨਰ ਵਿਸ਼ਲੇਸ਼ਨ ਅਤੇ ਹੋਰ ਕਮਾਲ ਦੇ ਕੰਮ ਸ਼ਾਮਲ ਹਨ। ਆਪਣੇ ਸਮਾਜ ਲਈ ਕੰਮ ਕਰਨ ਲਈ ਰਜਿੰਦਰ ਸਿੰਘ ਨੂੰ ਰੋਮਨ ਮਗਸਾਇਸੇ ਇਨਾਮ (Roman Magsaysay Award) ਵੀ ਮਿਲ ਚੁੱਕਾ ਹੈ। ਰਜਿੰਦਰ ਸਿੰਘ ਦਾ ਨਾਮ ਗਾਰਡੀਅਨ (The guardian) ਦੀ 50 ਵਿਅਕਤੀਆਂ ਦੀ ਐਸੀ ਲਿਸਟ ਵਿਚ ਹੈ ਜੋ ਕਿ ਧਰਤੀ ਨੂੰ ਬਚਾ ਸਕਦੇ ਹਨ। ਪਾਣੀ ਦੇ ਸੰਕਟ ਸਬੰਧੀ ਰਜਿੰਦਰ ਸਿੰਘ ਨਾ ਕੇਵਲ ਕੌਮੀ ਸਗੋਂ ਕੌਮਾਂਤਰੀ ਸੂਝ ਦਾ ਮਾਲਕ ਵੀ ਹੈ।

**ਬਾਬਾ ਸੀਚੇਵਾਲ ਅਤੇ ਬਾਬਾ ਸੇਵਾ ਸਿੰਘ**

ਪੰਜਾਬ ਵਿਚ ਬਾਬਾ ਬਲਬੀਰ ਸਿੰਘ ਸੀਚੇਵਾਲ ਅਤੇ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ ਵਾਤਾਵਰਣ ਦੀ ਬਹਾਲੀ ਲਈ ਉੱਦਮਸ਼ੀਲ ਪ੍ਰਮੁੱਖ ਨਾਮ ਹਨ ਜਦ ਕਿ ਇਸ ਸਬੰਧ ਵਿਚ ਕੁਝ ਹੋਰ ਵਿਅਕਤੀ ਅਤੇ ਸੰਸਥਾਵਾਂ ਵੀ ਸਰਗਰਮ ਹਨ।

ਪਰ ਪੰਜਾਬੀਆਂ ਦੀ ਆਦਤ ਹੈ ਕਿ ਕਿਸੇ ਵਿਅਕਤੀ ਦੇ ਗੁਣਾ ਨਾਲੋਂ ਉਸ ਦੇ ਔਗੁਣਾ ਨੂੰ ਵਧੇਰੇ ਪ੍ਰਚਾਰਨ ਦੀ ਕੋਸ਼ਿਸ਼ ਕਰਦੇ ਹਨ।

ਜਿਥੋਂ ਤਕ ਪੰਜਾਬ ਦੇ ਦਰਿਆਈ ਪਾਣੀਆਂ ਦੀ ਗੱਲ ਹੈ ਉਸ ਸਬੰਧ ਵਿਚ ਜਿਥੇ ਦਿੱਲੀ ਦਾ ਇਤਿਹਾਸਕ ਧੱਕਾ ਰਿਹਾ ਹੈ ਉਥੇ ਪੰਜਾਬ ਦੇ ਆਪਣੇ ਆਗੂਆਂ ਦਾ ਕਾਲਾ ਕਿਰਦਾਰ ਵੀ ਸ਼ਾਮਲ ਰਿਹਾ ਹੈ। ਪੰਜਾਬ ਦੇ ਆਗੂ ਅਤੇ ਰਾਜਨੀਤਕ ਜਥੇਬੰਦੀਆਂ ਪੰਜਾਬ ਦੇ ਮੁੱਦੇ ਉਦੋਂ ਹੀ ਚੁੱਕਦੇ ਹਨ ਜਦੋਂ ਉਹ ਸੱਤਾ ਵਿਚ ਨਾ ਹੋਣ। ਪੰਜਾਬ ਦੇ ਚੁਰਾਸੀ ਦੇ ਸੰਕਟ ਦਾ ਮੂਲ ਕਾਰਨ ਵੀ ਪਾਣੀ ਦਾ ਪ੍ਰਮੁੱਖ ਮੁੱਦਾ ਅਤੇ ਡੇਰਾਵਾਦ (ਅਖੌਤੀ ਨਿਰੰਕਾਰੀ ਦੇਹਧਾਰੀ ਡੰਮ) ਦੀ ਔਤ ਹੀ ਸੀ। ਪੰਜਾਬ ਦੇ ਪਾਣੀ ਦਾ ਵੱਡਾ ਸੰਕਟ ਝੋਨੇ ਦੀ ਫਸਲ ਹੈ। ਪੰਜਾਬ ਵਿਚ ਜੇਕਰ ਜ਼ਮੀਨ ਦੋਜ਼ ਪਾਣੀ ਮੌਜੂਦਾ ਰਫਤਾਰ ਨਾਲ ਖਿੱਚਿਆ ਜਾਂਦਾ ਰਿਹਾ ਅਤੇ ਮਿੱਟੀ ਵਿਚ ਜੈਵਿਕ ਤੱਤ ਮਰਦੇ ਹੀ ਚਲੇ ਗਏ ਤਾਂ ਪੰਜਾਬ ਨੂੰ ਰੇਗਿਸਤਾਨ ਬਨਣ ਤੋਂ ਕੋਈ ਨਹੀਂ ਬਚਾ ਸਕਦਾ।

ਇਹ ਬੜੇ ਦੁੱਖ ਦੀ ਗੱਲ ਹੈ ਕਿ ਮਾਂ ਧਰਤੀ ਪੰਜਾਬ ਦੇ ਸਪੂਤਾਂ ਦਾ ਅੱਜ ਬਹੁਤਾ ਜ਼ੋਰ ਭ੍ਰਿਸ਼ਟ ਅਤੇ ਉਲਾਰ ਆਗੂਆਂ ਦੀਆਂ ਚੌਕੀਆਂ ਭਰਨ ਅਤੇ ਉਹਨਾ ਦੇ ਇੱਕ ਇਸ਼ਾਰੇ 'ਤੇ ਪੰਜਾਬ ਦੇ ਅਮਨ ਨੂੰ ਅੱਗ ਲਾਉਣ ਲਈ ਤਤਪਰ ਰਹਿਣ ਤਕ ਸੀਮਤ ਹੈ।

ਰਾਜਨੀਤਕ ਅਤੇ ਧਾਰਮਕ ਆਗੂਆਂ ਅਤੇ ਜਥੇਬੰਦੀਆਂ ਵਿਚ ਦੂਰ ਅੰਦੇਸ਼ੀ ਦੀ ਘਾਟ ਹੈ। ਉਹ ਕੇਵਲ ਵਕਤੀ ਤੌਰ 'ਤੇ ਜਨਤਾ ਨੂੰ ਜਜ਼ਬਾਤੀ ਤੌਰ 'ਤੇ ਭੜਕਾ ਕੇ ਆਗੂ ਬਨਣ ਦਾ ਭਰਮ ਪਾਲ ਰਹੇ ਹਨ।

ਪਾਣੀ ਦਾ ਮੁੱਦਾ ਪੰਜਾਬ ਦੀ ਜੀਵਨ ਰੇਖਾ ਦਾ ਮੁੱਦਾ ਹੈ ਅਤੇ ਇਹ ਦਿਨੋ ਦਿਨ ਵਧੇਰੇ ਗੰਭੀਰ ਹੁੰਦਾ ਜਾ ਰਿਹਾ ਹੈ ਜਿਸ ਦੇ ਹੱਲ ਲਈ ਆਮ ਜਨ ਜੀਵਨ ਦੇ ਨਾਲ ਨਾਲ ਸਰਕਾਰੀ ਉੱਦਮ ਵੀ ਜਰੂਰੀ ਹਨ।

# ਆਜ਼ਾਦ ਭਾਰਤ 'ਚ ਰਾਜਨੀਤੀ ਤੇ ਸਮਾਜ 'ਚ ਚਰਿੱਤਰ ਦੀ ਥਾਂ ਪੈਸੇ ਨੂੰ ਅਹਿਮੀਅਤ



ਲਕਸ਼ਮੀ ਕਾਂਤਾ ਚਾਵਲਾ
ਸਾਬਕਾ ਸਿਹਤ ਮੰਤਰੀ ਪੰਜਾਬ

ਭਾਰਤ ਦੇ ਰਿਸ਼ੀਆਂ ਅਤੇ ਨੀਤੀਘਾੜਿਆਂ ਨੇ ਸਦੀਆਂ ਪਹਿਲਾਂ ਆਖਿਆ ਸੀ ਕਿ ਧਨ ਗਿਆ ਤਾਂ ਕੁਝ ਨਹੀਂ ਗਿਆ, ਪਰ ਚਰਿੱਤਰ ਗਿਆ ਤਾਂ ਸਭ ਕੁਝ ਗਿਆ। ਆਜ਼ਾਦ ਭਾਰਤ ਵਿਚ ਰਾਜਨੀਤੀ ਅਤੇ ਉੱਚ ਵਰਗ ਦੀ ਸਮਾਜਿਕ ਹਾਲਤ ਅਜਿਹੀ ਹੋ ਗਈ ਹੈ ਕਿ ਇੱਥੇ ਸਿਰਫ਼ ਪੈਸੇ ਦੀ ਹੀ ਅਹਿਮੀਅਤ ਹੈ। ਅੱਜ ਚਰਿੱਤਰ ਦੀ ਥਾਂ ਪੈਸੇ ਨੂੰ ਹੀ ਅਹਿਮੀਅਤ ਦਿੱਤੀ ਜਾ ਰਹੀ ਹੈ। ਮਾਹਿਰਾਂ ਨੇ ਇਹ ਗੱਲ ਸਰਬਸੰਮਤੀ ਨਾਲ ਪ੍ਰਵਾਨ ਕੀਤੀ ਹੈ ਕਿ ਜਿਹੜਾ ਸਮਾਜ ਪੈਸੇ ਨੂੰ ਮਾਨਤਾ ਦਿੰਦਾ ਹੈ ਉਹ ਪਾਪ ਅਤੇ ਅਪਰਾਧ ਨੂੰ ਮਾਨਤਾ ਦਿੰਦਾ ਹੈ।

ਆਜ਼ਾਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਸਮਾਜਿਕ ਅਤੇ ਨੈਤਿਕ ਮੁੱਲਾਂ ਦਾ ਇੰਨਾ ਘਾਣ ਨਹੀਂ ਹੋਇਆ ਸੀ, ਜਿੰਨਾ ਅੱਜ ਆਜ਼ਾਦੀ ਤੋਂ ਸੱਤ ਦਹਾਕਿਆਂ ਬਾਅਦ ਦੇਖਣ ਨੂੰ ਮਿਲ ਰਿਹਾ ਹੈ। ਅੱਜ ਇਸ ਗੱਲ ਦੀ ਚਿੰਤਾ ਹੈ ਕਿ ਨਵੇਂ ਨਵੇਂ ਕਾਨੂੰਨ ਬਣਾਏ ਜਾਣ ਤਾਂ ਜੋ ਲੋਕ ਡਰ ਕਾਰਨ ਅਪਰਾਧ ਨਾ ਕਰਨ, ਪਰ ਇਸ ਗੱਲ ਬਾਰੇ ਕਦੇ ਸੋਚਿਆ ਨਹੀਂ ਜਾਂਦਾ ਕਿ ਵਿੱਦਿਅਕ ਸੰਸਥਾਵਾਂ ਵਿਚ ਅਜਿਹਾ ਮਾਹੌਲ ਕਿਉਂ ਨਾ ਸਿਰਜਿਆ ਜਾਵੇ ਤਾਂ ਜੋ ਬੱਚੇ ਚੰਗੀ ਸਿੱਖਿਆ ਹਾਸਲ ਕਰ ਕੇ ਧਰਮ ਖੇਤਰ ਵਿਚ ਅੱਗੇ ਵਧਣ ਅਤੇ ਉਨ੍ਹਾਂ ਦਾ ਚਰਿੱਤਰ ਇੰਨਾ ਮਜ਼ਬੂਤ ਹੋਵੇ ਕਿ ਉਹ ਅਪਰਾਧ ਕਰਨ ਬਾਰੇ ਸੋਚਣ ਹੀ ਨਾ। ਭਾਰਤ ਦੇ ਲੋਕ ਵਰਤ ਆਦਿ ਰੱਖਦੇ ਹਨ। ਵਰਤ ਦਾ ਅਰਥ ਮਨ ਦਾ ਸੰਜਮ ਹੈ। ਅੱਜ ਦੇ ਸਮੇਂ ਵਿਚ ਨਾ ਸਰਕਾਰ ਕੋਲ ਸੰਜਮ ਹੈ ਤੇ ਨਾ ਜਨਤਾ ਨੂੰ ਇਸ ਦਾ ਪਾਠ ਪੜ੍ਹਾਉਣ ਵਾਲੇ ਵਿਅਕਤੀ ਹਨ।

ਦੇਸ਼ ਦੇ ਆਮ ਲੋਕ ਚੰਗੇ, ਮਿਹਨਤੀ, ਇਮਾਨਦਾਰ, ਸਮਾਜ ਅਤੇ ਕਾਨੂੰਨੀ ਕਦਰਾਂ ਕੀਮਤਾਂ ਦਾ ਮਾਣ ਕਰਨ ਵਾਲੇ ਹਨ, ਪਰ ਪੈਸੇ, ਤਾਕਤ ਅਤੇ ਰਾਜਸੀ ਲੋਕਾਂ ਦੀ ਸੱਤਾ ਦੀ ਤਾਕਤ ਨਾਲ ਸਿਖਰ 'ਤੇ ਪੁੱਜਣ ਵਾਲੇ ਵਿਅਕਤੀ ਹਰ ਤਰ੍ਹਾਂ ਦਾ ਭੈਅ ਭੁੱਲ ਕੇ ਦੂਜੇ ਲੋਕਾਂ ਨੂੰ ਡਰਾਉਂਦੇ ਹਨ। ਉਨ੍ਹਾਂ ਦਾ ਇਕੋ ਇਕ ਮਕਸਦ ਕਿਸੇ ਵੀ ਤਰੀਕੇ ਸਿਰਫ਼ ਪੈਸਾ ਕਮਾਉਣਾ ਹੁੰਦਾ ਹੈ, ਭਾਵੇਂ ਉਹ ਤਰੀਕਾ ਚੰਗਾ ਹੋਵੇ ਜਾਂ ਮਾੜਾ। ਜ਼ਿਕਰਯੋਗ ਹੈ ਕਿ ਇਕ ਵਿਅਕਤੀ ਨੇ ਦੁਹਾਈ ਦਿੱਤੀ ਕਿ ਉਸ ਨੂੰ ਥਾਣੇ ਵਿਚ ਕੁੱਟਿਆ ਗਿਆ ਅਤੇ ਪੁਲੀਸ ਇੰਸਪੈਕਟਰ ਨੇ ਉਸ ਤੋਂ ਤਿੰਨ ਹਜ਼ਾਰ ਰੁਪਏ ਦੀ ਰਿਸ਼ਵਤ ਲਈ। ਜਦੋਂ ਇਸ ਬਾਰੇ ਸਬੰਧਿਤ ਇੰਸਪੈਕਟਰ ਤੋਂ ਪੁੱਛਿਆ ਗਿਆ ਤਾਂ ਉਸ ਨੇ ਕਿਹਾ, ''ਮੇਰੇ ਮੋਢੇ 'ਤੇ ਲੱਗੇ ਤਾਰੇ ਦੇਖੋ। ਮੈਂ ਤਿੰਨ ਤਾਰੇ ਲਾ ਕੇ ਤਿੰਨ ਹਜ਼ਾਰ ਤਾਂ ਨਹੀਂ ਲੈ ਸਕਦਾ। ਜੇ ਲਵਾਂਗਾ ਤਾਂ ਇਸ ਤੋਂ ਵੱਧ ਪੈਸੇ ਲਵਾਂਗਾ।'' ਮੈਨੂੰ ਜਾਪਦਾ ਹੈ ਕਿ ਅੱਜ ਸਰਕਾਰੀ ਹੁਕਮਾਂ ਅਤੇ ਸਖ਼ਤ ਕਾਨੂੰਨਾਂ ਦੇ ਬਾਵਜੂਦ ਵਰਦੀ 'ਤੇ ਲੱਗੇ ਤਾਰੇ ਦੇਖ ਕੇ ਹੀ ਰਿਸ਼ਵਤ ਲਈ ਜਾ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਭਾਰਤ ਦੀ ਉਘੀ ਜਾਂਚ ਏਜੰਸੀ ਸੀਬੀਆਈ ਦਾ ਮਾਮਲਾ ਹੈ ਜੋ ਸੁਪਰੀਮ ਕੋਰਟ ਵਿਚ ਵਿਚਾਰ ਅਧੀਨ ਹੈ। ਸਿਖਰਲੀ ਜਾਂਚ ਏਜੰਸੀ ਦੇ ਦੋ ਸੀਨੀਅਰ ਅਧਿਕਾਰੀਆਂ ਨੇ ਇਕ ਦੂਜੇ 'ਤੇ ਰਿਸ਼ਵਤ ਲੈਣ ਦੇ ਦੋਸ਼ ਲਗਾਏ ਹਨ ਜੋ 200 ਕਰੋੜ ਰੁਪਏ ਤੋਂ ਵੱਧ ਦੀ ਰਿਸ਼ਵਤ ਲੈਣ ਦੇ ਹਨ। ਇਸ ਨੂੰ ਦੇਖ ਕੇ ਉਕਤ ਇੰਸਪੈਕਟਰ ਦੀ ਗੱਲ ਸਹੀ ਜਾਪਦੀ ਹੈ।



ਭਾਰਤ ਵਿਚ ਔਰਤਾਂ ਪ੍ਰਤੀ ਅਪਰਾਧ ਵਧ ਰਿਹਾ ਹੈ। ਬਲਾਤਕਾਰ ਸ਼ਬਦ ਪੜ੍ਹਨ ਬੋਲਣ ਵਿਚ ਕਦੇ ਸ਼ਰਮ ਆਉਂਦੀ ਸੀ, ਪਰ ਅੱਜ ਇਹ ਸ਼ਬਦ ਹਰ ਅਖ਼ਬਾਰ, ਟੀਵੀ ਚੈਨਲਾਂ ਵਿਚ ਆਮ ਵਰਤਿਆ ਜਾ ਰਿਹਾ ਹੈ। ਸਰਕਾਰ ਨੇ ਬਲਾਤਕਾਰ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਇਆ ਅਤੇ ਅਪਰਾਧੀ ਲਈ ਮੌਤ ਦੀ ਸਜ਼ਾ ਤੈਅ ਕੀਤੀ। ਪਰ ਕੀ ਕਦੇ ਸਮਾਜ ਅਤੇ ਸਰਕਾਰ ਨੇ ਸੋਚਿਆ ਕਿ ਇਹ ਕਾਨੂੰਨ ਬਣਨ ਤੋਂ ਬਾਅਦ ਔਰਤਾਂ ਖ਼ਿਲਾਫ ਅਪਰਾਧਾਂ ਵਿਚ ਕਮੀ ਆਈ ਹੈ ਜਾਂ ਨਹੀਂ? ਹੱਤਿਆ ਲਈ ਫਾਂਸੀKਉਮਰ ਕੈਦ ਦੀ ਸਜ਼ਾ ਬਹੁਤ ਪੁਰਾਣੀ ਹੈ। ਕੀ ਇਸ ਦੇ ਬਾਵਜੂਦ ਹੱਤਿਆਵਾਂ ਰੁਕੀਆਂ? ਰਿਸ਼ਵਤ ਲਈ ਵੀ ਸਜ਼ਾ ਦੀ ਤਜਵੀਜ਼ ਹੈ, ਪਰ ਹੁਣ ਤਾਂ ਰਿਸ਼ਵਤ ਖੁੱਲ੍ਹੇਆਮ

(ਬਾਕੀ ਸਫਾ 21 'ਤੇ)

# ਅਕਾਲ ਤਖ਼ਤ ਸਾਹਿਬ ਨੂੰ ਅਪਹਰਣ ਹੋ ਜਾਣ ਦੀਆਂ ਸੰਭਾਵਨਾਵਾਂ ਤੋਂ ਕਿਵੇਂ ਬਚਾਇਆ ਜਾਵੇ?



ਪ੍ਰੋ: ਬਲਕਾਰ ਸਿੰਘ

ਕਾਫੀ ਦੇਰ ਤੋਂ ਸਿੱਖ ਸਿਆਸਤ ਅਜਿਹੇ ਸਿਆਸੀ ਪੈਂਤੜਿਆਂ ਦੀ ਸ਼ਿਕਾਰ ਹੋ ਗਈ ਹੈ ਕਿ ਸਿੱਖ ਸਿਆਸਤ ਦਾ ਹਰ ਧੜਾ ਅਕਾਲ ਤਖ਼ਤ ਸਾਹਿਬ ਦੀ ਆੜ ਵਿੱਚ ਕੋਈ ਨਾ ਕੋਈ ਸਿਆਸੀ ਸ਼ਿਕਾਰ ਕਰਨ ਲਈ ਘਾਤ ਲਾਈ ਬੈਠਾ ਲੱਗਣ ਲੱਗ ਪਿਆ ਹੈ। ਇਸ ਕਿਸਮ ਦੇ ਸਿਆਸੀ ਪੈਂਤੜਿਆਂ ਵਿੱਚ ਕੁੱਝ ਵੀ ਗੁਰਮਤਿ ਮੁਤਾਬਕ ਨਜ਼ਰ ਨਹੀਂ ਆਉਂਦਾ। ਪਹਿਲਾਂ ਤਾਂ ਧੜੇ ਵਿੱਚ ਖਲੋ ਕੇ ਗੱਲ ਕਰਨਾ ਫਿਰ ਤਖ਼ਤ ਦੀ ਬਦਨੀਤੀ ਨਾਲ ਆੜ ਲੈਣਾ ਅਤੇ ਆਪਣੀ ਪੀਹੜੀ ਹੇਠ ਸੋਟਾ ਮਾਰੇ ਬਗੈਰ ਹੀ ਵਿਅਕਤੀ ਦੇ ਸੱਚ ਨੂੰ ਪੰਥਕ ਸੱਚ ਐਲਾਨਣ ਦੀ ਵਧੀਕੀ ਕਰਨ ਨੂੰ ਸਿੱਖ ਸਿਆਸਤ ਸਮਝ ਲਿਆ ਗਿਆ ਹੈ। ਕਿਉਂਕਿ ਇਹ ਸਾਰੇ ਸਵਾਲ ਗਲਤ ਹਨ ਇਸ ਲਈ ਇਨ੍ਹਾਂ ਦੇ ਠੀਕ ਜੁਆਬਾਂ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਸੋ ਮੂਲ ਮਸਲਾ ਇਹ ਹੈ ਕਿ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੀ ਸੰਸਥਾ ਨੂੰ ਲਾਗਾਤਾਰ ਅਪਹਰਣ ਹੋ ਜਾਣ ਦੀਆਂ ਸੰਭਾਵਨਾਵਾਂ ਤੋਂ ਕਿਵੇਂ ਬਚਾਇਆ ਜਾਵੇ? ਕਿਉਂਕਿ ਇਹ ਸਿਆਸਤ ਕਰਕੇ ਵਾਪਰਿਆ ਹੈ, ਇਸ ਲਈ ਸਿਆਸਤਦਾਨਾਂ ਦੇ ਸਹਿਯੋਗ ਨਾਲ ਤਾਂ ਕਥਿਤ ਬਚਾਉਣ ਨਹੀਂ ਕੀਤਾ ਜਾ ਸਕਦਾ। ਕਾਰਨ ਇਹ ਹੈ ਕਿ ਜਥੇਦਾਰੀ ਦੀ ਸੰਸਥਾ ਨੂੰ ਜੋ ਮਾਨਤਾ ਸਿੱਖ ਮਾਨਸਿਕਤਾ ਵੱਲੋਂ ਸੁੱਤੇ ਹੀ ਪ੍ਰਾਪਤ ਹੈ, ਓਸੇ ਦਾ ਸਿਆਸੀ ਲਾਹਾ ਲੈਣ ਲਈ ਸਿੱਖ ਸਿਆਸਤਦਾਨ ਜਥੇਦਾਰੀ ਦੀ ਸੰਸਥਾ ਦੀ ਬਲੀ ਦੇਣ ਤੱਕ ਜਾਂਦੇ ਰਹੇ ਹਨ, ਜਾ ਵੀ ਰਹੇ ਹਨ ਅਤੇ ਜਾ ਵੀ ਸਕਦੇ ਹਨ।

ਸਿਆਸਤ ਦੇ ਬੋਲ-ਬਾਲੇ ਵਾਲੀ ਮੌਜੂਦਾ ਸਥਿਤੀ ਵਿੱਚ ਇਸ ਨੂੰ ਰੋਕ ਸਕਣਾ ਅਸੰਭਵ ਹੋਇਆ ਪਿਆ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ, ਪਰ ਤੁਰੰਤ ਕਾਰਨ ਇਹ ਮੰਨਿਆ ਜਾ ਸਕਦਾ ਹੈ ਕਿ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ, ਪਰਸਪਰ ਸਹਿਯੋਗੀ ਸੰਸਥਾਵਾਂ ਹੋਣ ਦੇ ਬਾਵਜੂਦ ਸੁਤੰਤਰ ਸੰਸਥਾਵਾਂ ਹਨ। ਇਨ੍ਹਾਂ ਦੀਆਂ ਸੀਮਾ ਰੇਖਾਵਾਂ ਵੀ ਮੌਜੂਦ ਹਨ ਪਰ ਸਿਆਸੀ ਗਰਜ਼ਾਂ ਲਈ ਸਿਆਸਤਦਾਨ, ਇਹ ਸੀਮਾ ਰੇਖਾਵਾਂ ਮਿਟਾਉਣ ਵਿੱਚ ਸਫਲ ਹੋ ਗਏ ਹਨ। ਹਾਲਤ ਇਹ ਹੋ ਗਈ ਹੈ ਕਿ ਇਸ ਵਧੀਕੀ ਦੀ ਸਿਆਸਤ ਨੂੰ ਮੀਰੀ-ਪੀਰੀ ਦੀ ਨਿਰੰਤਰਤਾ ਵਿੱਚ ਕੀਤੀ ਜਾ ਰਹੀ ਪੰਥਕ ਸਿਆਸਤ ਐਲਾਨਿਆ ਜਾ ਰਿਹਾ ਹੈ। ਹਾਲਾਂਕਿ ਉਪਰ ਦੱਸੀਆਂ ਗਈਆਂ ਸੀਮਾਵਾਂ, ਸਿੱਖ ਸਿਧਾਂਤਾਂ ਦੇ ਅੰਤਰਗਤ ਹੀ ਮਿੱਥੀਆਂ ਗਈਆਂ ਸਨ। ਮੇਰਾ ਵਿਸ਼ਵਾਸ ਹੈ ਕਿ ਇਸ ਬਾਰੇ ਕਿਸੇ ਵੀ ਚੇਤੰਨ-ਸਿੱਖ ਨੂੰ ਕੋਈ ਭੁਲੇਖਾ ਵੀ ਨਹੀਂ ਹੈ। ਪਰ ਏਨਾਂ ਤਾਂ ਸਪੱਸ਼ਟ ਹੈ ਕਿ ਇਨ੍ਹਾਂ ਤਿੰਨਾਂ ਸੰਸਥਾਵਾਂ ਦਾ ਕਰਮ ਖੇਤਰ ਸੁਤੰਤਰ ਰੂਪ ਵਿੱਚ ਨਿਸ਼ਚਿਤ ਵੀ ਹੈ ਅਤੇ ਇਸੇ ਲਈ ਪਰਸਪਰ-ਸਹਿਯੋਗ ਦੇ ਬਾਵਜੂਦ ਵੱਖਰਾ ਵੀ ਹੈ। ਅਕਾਲੀ ਦਲ ਨੂੰ ਕਿਉਂਕਿ ਦੇਸ਼ ਦੀ ਧਰਮ ਨਿਰਪੇਖ ਸਿਆਸਤ ਦੇ ਬੰਧਨ ਵਿੱਚ ਹੀ ਚਲਾਇਆ ਜਾ ਸਕਦਾ ਹੈ, ਇਸ ਲਈ ਇਸ ਨੂੰ ਜਿੰਨੀ ਛੇਤੀ ਪੰਥਕ ਬੰਧਨਾਂ ਦੀ ਕਥਿਤ ਪਾਬੰਦੀ ਤੋਂ ਮੁਕਤ ਕਰ ਦਿੱਤਾ ਜਾਵੇ ਚੰਗਾ ਹੀ ਹੈ। ਅਕਾਲੀ ਦਲ ਨੂੰ ਪੰਥਕ ਰੱਖਣ ਦੀ ਬਹੁਤ ਕੀਮਤ ਦਿੱਤੀ ਜਾ ਚੁੱਕੀ ਹੈ। ਜਿਹੜੀ ਸਿਆਸੀ ਪਾਰਟੀ ਨੂੰ ਗੈਰ ਸਿੱਖ ਵੋਟਰਾਂ ਵੱਲ ਵੇਖਣਾ ਪਵੇ, ਉਸ ਨੂੰ ਪੰਥਕ ਕਿਵੇਂ ਰੱਖਿਆ ਜਾ ਸਕਦਾ ਹੈ? ਬਾਕੀ ਦੋਵੇਂ ਸੰਸਥਾਵਾਂ ਕਿਵੇਂ ਵੀ ਅਪੰਥਕ ਹੋ ਹੀ ਨਹੀਂ ਸਕਦੀਆਂ। ਅਕਾਲੀ ਦਲ ਦੇ ਪੰਥਕ ਹੋਣ ਦੇ ਫਾਇਦੇ ਤੇ ਨੁਕਸਾਨ ਦਾ ਜੇ ਲੇਖਾ ਜੋਖਾ ਕੀਤਾ ਜਾਵੇ ਤਾਂ ਨੁਕਸਾਨਾਂ ਦਾ ਪਲੜਾ ਬਹੁਤ ਭਾਰੀ ਨਜ਼ਰ ਆਏਗਾ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਹੈ ਕਿ ਅਕਾਲੀ ਸਿਆਸਤ ਦਾ ਹਿਤ ਪਾਲਣ ਲਈ ਸ਼੍ਰੋਮਣੀ ਕਮੇਟੀ, ਕਾਬਜ ਅਕਾਲੀ ਧੜੇ ਦਾ ਹਿੱਸਾ ਹੋ ਜਾਣ ਦੀ ਮਜ਼ਬੂਰੀ ਹੰਢਾ ਰਹੀ ਹੈ ਅਤੇ ਅਕਾਲ ਤਖ਼ਤ ਸਾਹਿਬ ਨੂੰ ਸ਼੍ਰੋਮਣੀ ਕਮੇਟੀ ਮੁਤਾਬਕ ਚਲਣ ਲਈ ਮਜ਼ਬੂਰ ਹੋਣਾ ਪੈ ਰਿਹਾ। ਨਾ ਚੱਲਣ ਦੀ ਹਾਲਤ ਵਿੱਚ ਜੋ ਕੁੱਝ ਹੋ ਸਕਦਾ ਹੈ, ਉਸੇ ਸਮੱਸਿਆ ਦੇ ਸਾਰੇ ਸਿੱਖ ਸਨਮੁੱਖ ਹਨ ਅਤੇ ਇਸੇ ਨੂੰ ਇੱਥੇ ਵੰਗਾਰ ਕਿਹਾ ਜਾ ਰਿਹਾ ਹੈ।

ਇਉਂ ਵੀ ਕਿਹਾ ਜਾ ਸਕਦਾ ਹੈ ਕਿ ਸਿੱਖ ਸਿਆਸਤਦਾਨਾਂ ਦੀ ਦਿਲਚਸਪੀ ਪੰਥਕ ਹੱਲ ਲਭੇ ਜਾਣ ਵਿੱਚ ਵੀ ਨਜ਼ਰ ਨਹੀਂ ਆਉਂਦੀ। ਉਨ੍ਹਾਂ ਦਾ ਸਾਰਾ ਜ਼ੋਰ ਇਸ ਗੱਲ ਤੇ ਲੱਗਿਆ ਹੋਇਆ ਨਜ਼ਰ ਆ ਰਿਹਾ ਹੈ ਕਿ ਵਿਰੋਧੀ ਧੜੇ ਨੂੰ ਮਾਤ ਦੇਣ ਦੀ ਸਿਆਸਤ ਵਾਸਤੇ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੂੰ ਕਿਵੇਂ ਵਰਤਿਆ ਜਾਵੇ। ਇਸੇ ਲਈ ਉਨ੍ਹਾਂ ਦੀ ਮਰਜ਼ੀ ਦੇ ਉਲਟ ਕੀਤਾ ਹੋਇਆ ਕੋਈ ਵੀ ਫੈਸਲਾ ਉਨ੍ਹਾਂ ਨੂੰ ਕਤਈ ਮਨਜ਼ੂਰ ਨਹੀਂ ਹੋਵੇਗਾ। ਧਰਮ ਨਿਰਪੇਖ ਅਤੇ ਲੋਕ ਤੰਤ੍ਰਿਕ ਵਰਤਮਾਨ ਵਰਤਾਰੇ ਵਿੱਚ ਪੰਥਕ ਫੈਸਲਾ ਮੰਨਵਾਏ ਜਾਣ ਦਾ ਕਿੰਤੂ ਮੁਕਤ ਤਰੀਕਾ ਸੰਭਵ ਹੀ ਨਹੀਂ ਹੈ। ਇਹ ਕਿਸੇ ਮਜ਼ਬੂਰੀ ਜਾਂ ਭੁਲੇਖੇ ਕਰਕੇ ਨਹੀਂ ਹੈ, ਸਗੋਂ ਇਸ ਕਰਕੇ ਹੈ ਕਿ ਜਥੇਦਾਰੀ ਦੀ ਸੰਸਥਾ ਉਸ ਤਰ੍ਹਾਂ ਕੋਈ ਅਧਿਕਾਰਤ ਜਾਂ ਅਧਿਕਾਰਯੁਕਤ ਸੰਸਥਾ ਹੀ ਨਹੀਂ ਹੈ, ਜਿਵੇਂ ਕਿਸੇ ਕਾਨੂੰਨੀ ਜਾਂ ਸੰਵਿਧਾਨਕ ਪਦਵੀ ਜਾਂ ਸੰਸਥਾ ਹੋ ਸਕਦੀ ਹੈ। ਇਸੇ ਲਈ ਇਸ ਪਦਵੀ ਨੂੰ ਜੇ ਪਦਵੀ ਕਿਹਾ ਵੀ ਜਾਵੇ ਤਾਂ ਵੀ ਇਹ ਪੰਥਕ ਪ੍ਰਸੰਗ ਵਿੱਚ ਕਿਸੇ ਸਥਾਪਤ ਬਾਡੀ ਵੱਲੋਂ ਦਿੱਤੇ ਹੋਏ ਅਧਿਕਾਰਾਂ ਦੀ ਸੀਮਾ ਵਿੱਚ ਪਰਵਾਨ ਨਹੀਂ ਕੀਤੀ ਜਾ ਸਕਦੀ। ਇਉਂ ਇਹ ਸੰਸਥਾ ਨੈਤਿਕਤਾ ਦੇ ਘੇਰੇ ਵਿੱਚ ਵੱਧ ਤੋਂ ਵੱਧ ਕਰਤੱਵ ਮੂਲਕ ਸੰਸਥਾ ਹੀ ਕਹੀ ਜਾ ਸਕਦੀ ਹੈ। ਇਸ ਜ਼ਿੰਮੇਵਾਰੀ ਨੂੰ ਜੋ ਪੰਥਕ ਨਹੀਂ ਹੈ, ਉਸ ਨੂੰ ਪੰਥਕ ਬਣਾਉਣ ਦੀ ਮਜ਼ਬੂਰੀ ਵਿੱਚ ਉਲਝਾਉਣ ਦੀ ਥਾਂ ਜੋ ਪੰਥਕ ਹੈ, ਉਸ ਨੂੰ ਪੰਥਕ ਤਾਜ਼ਗੀ ਨਾਲ ਜੋੜੀ ਰੱਖਣ ਵੱਲ ਤੋਰਨਾ ਚਾਹੀਦਾ ਹੈ। ਪੰਥਕ ਤਾਂ ਕਿਸੇ ਵੀ ਸਿਆਸੀ ਪਾਰਟੀ ਵਿੱਚ ਰਹਿ ਕੇ ਹੋਇਆ ਜਾ ਸਕਦਾ ਹੈ। ਭਾਰਤ ਦਾ ਵਿਧਾਨ ਇਸ ਦੀ ਆਗਿਆ ਵੀ ਦਿੰਦਾ ਹੈ। ਬਹੁਤ ਸਾਰੇ ਸਿੱਖ ਸਿਆਸਤਦਾਨਾਂ ਨੇ ਇਸ ਪਾਸੇ ਕੋਸ਼ਿਸ਼ ਕੀਤੀ ਵੀ ਹੈ, ਕਰ ਵੀ ਰਹੇ ਹਨ ਅਤੇ ਕਰਦੇ ਰਹਿਣ ਦੀ ਸੰਭਾਵਨਾ ਵੀ ਹੈ। ਅਕਾਲੀ ਸਿਆਸਤਦਾਨ ਨੂੰ ਇਹ ਰਾਹ ਬੰਦ ਕਰਨ ਵਿੱਚ ਤੁਰੰਤ ਲਾਹਾ ਨਜ਼ਰ ਆਉਂਦਾ ਹੈ ਅਤੇ ਇਹ ਲਾਹਾ ਲੈਣ ਵਿੱਚ ਉਹ ਕਾਫੀ ਹੱਦ ਤੱਕ ਸਫਲ ਵੀ ਹੋ ਗਏ ਹਨ। ਇਹ ਰਾਹ ਖੁੱਲ੍ਹਾ ਰੱਖਣ ਦੀ ਬਹੁਤ ਲੋੜ ਹੈ ਅਤੇ ਅਜਿਹਾ ਕਰਨ ਲਈ ਜਥੇਦਾਰੀ ਦੀ ਸੰਸਥਾ ਨੂੰ ਧੜਿਆਂ ਨਾਲ ਧੜਾ ਹੋਣ ਤੋਂ ਗੁਰੇਜ਼ ਜਾਂ ਇਨਕਾਰ ਕਰਕੇ, ਪੰਥਕ ਰੰਗ ਵਿੱਚ ਵਿਚਰਨ ਦਾ ਪ੍ਰਗਟਾਵਾ ਕਰਨਾ ਪਵੇਗਾ। ਜਿਸ ਕਿਸਮ ਦੀ ਇਸ ਪਾਸੇ ਕੋਸ਼ਿਸ਼ ਕੀਤੀ ਜਾ ਸਕਦੀ ਹੈ, ਅਤੇ ਜਿਵੇਂ ਵੀ ਇਸ ਪਾਸੇ ਤੁਰਿਆ ਜਾ ਸਕਦਾ ਹੈ ਓਸੇ ਨੂੰ ਇੱਥੇ ਪੰਥਕ ਨੈਤਿਕਤਾ ਕਿਹਾ ਜਾ ਰਿਹਾ ਹੈ। ਇਹੋ ਜਿਹੀ ਚੇਤਨਾ ਤੋਂ ਮਹਿਰੂਮ 'ਜਥੇਦਾਰਾਂ' ਨੇ ਪੰਥਕ ਹੋਣ ਦੀ ਅਸਮਰੱਥਾ ਨੂੰ ਸਿਆਸੀ ਹੋਣ ਦੀ ਸੌਖ ਨਾਲ ਸਰਚਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਕੀਤੀਆਂ ਹਨ। ਇਸੇ ਲਈ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਦਾ ਉਹ ਸੁਤੰਤਰ ਸਥਾਪਨ ਨਹੀਂ ਹੋ ਸਕਿਆ ਜੋ ਅਸਲ ਸੀ ਅਤੇ ਜਿਸ ਦੀ ਬਹੁਤ ਲੋੜ ਸੀ ਤੇ ਹੈ ਵੀ। ਇਸ ਸਥਿਤੀ ਵਾਸਤੇ ਜੇ ਕਿਸੇ ਧਿਰ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਲੋੜ ਪੈ ਜਾਵੇ ਤਾਂ ਸਿੱਖ ਸਿਆਸਤਦਾਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਪਰ ਇਸ ਤੋਂ ਜਿੱਥੋਂ ਤੱਕ ਹੋ ਸਕੇ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਇਸ ਦੇ ਨੁਕਸਾਨ ਹੀ ਨੁਕਸਾਨ ਹਨ।



ਦੁਨੀਆ ਵਿੱਚ ਜੋ ਭੂਮਿਕਾ ਸਿੱਖ ਧਰਮ ਚਿੰਤਨ ਨੂੰ ਨਿਭਾਉਣੀ ਚਾਹੀਦੀ ਸੀ, ਉਹ ਕਈ ਹੋਰ ਕਾਰਨਾਂ ਕਰਕੇ ਵੀ ਅਤੇ ਇਸ ਕਰਕੇ ਵੀ ਨਹੀਂ ਨਿਭਾਈ ਜਾ ਸਕੀ, ਕਿਉਂਕਿ ਅਸਮਰੱਥਾ ਨੂੰ ਸਮਰੱਥਾ ਸਮਝ ਲੈਣ ਦੇ ਭਰਮ ਨੇ ਸਿੱਖ ਰੋਲ ਮਾਡਲ ਤਾਂ ਗੁਆ ਹੀ ਲਿਆ ਹੈ। ਇਸ ਵਿੱਚ ਵਾਧਾ ਇਹ ਹੋ ਗਿਆ ਹੈ ਕਿ ਸਿੱਖ ਲੀਡਰਸ਼ਿਪ ਦੀ ਸੰਤੁਸ਼ਟੀ ਨਾਲ ਆਮ ਸਿੱਖ ਨੂੰ ਸੰਤੁਸ਼ਟ ਹੋਣ ਦੀ ਮਜ਼ਬੂਰੀ ਹੰਢਾਉਣੀ ਪੈ ਰਹੀ ਹੈ। ਇਹ ਆਮ ਸਿੱਖਾਂ ਅੰਦਰ ਗਿਆਨ ਅਤੇ ਬਿਬੇਕ ਦੇ ਮੁੱਦਿਆਂ ਵੱਲ ਪਿੱਠ ਹੋ ਜਾਣ ਕਰਕੇ ਵੀ ਵਾਪਰਿਆ ਹੈ। ਇਸ ਉਤੇ ਪਹਿਰਾ ਦੇਣ ਅਤੇ ਦੁਆਉਣ ਦੀ ਭੂਮਿਕਾ ਦਾ ਬਿਰਦ ਅਕਾਲ ਤਖ਼ਤ ਸਾਹਿਬ ਵੱਲੋਂ ਪਾਲੇ ਜਾਣ ਦੇ ਰਸਤੇ ਬੰਦ ਹੋ ਗਏ ਜਾਪਦੇ ਹਨ। ਮਸਲਿਆਂ ਨੂੰ ਮਸਲਿਆਂ ਦੇ ਪ੍ਰਸੰਗ ਵਿੱਚ ਹੀ ਸੁਲਝਾਇਆ ਜਾ ਸਕਦਾ ਹੈ। ਇਕ ਪ੍ਰਤੀਸ਼ਤ ਤੋਂ ਵੀ ਘੱਟ ਸਿੱਖ, ਸਿਆਸਤ ਵਿੱਚ ਹਨ। ਵੱਡੀ ਬਹੁਗਿਣਤੀ ਦੀ ਕੁਰਬਾਨੀ, ਅਲਪ ਸੰਖਿਅਕ ਸਿਆਸਤਦਾਨਾਂ ਲਈ ਕਿਉਂ ਦਿੱਤੀ ਜਾ ਰਹੀ ਹੈ, ਇਸ ਬਾਰੇ ਸੋਚਣ ਦੀ ਵਿਹਲ ਜਾਂ ਹਿੰਮਤ ਕਿਸ ਕੋਲ ਹੈ? ਸਿਆਸੀ ਮਾਇਆ ਜਾਲ ਨਾਲ ਪੈਦਾ ਹੋ ਜਾਣ ਵਾਲੀਆਂ ਸੰਭਾਵਨਾਵਾਂ ਨਾਲ ਤਾਂ ਸਿੱਖੀ ਦੀ ਇਕਸੁਰਤਾ, ਸਿਧਾਂਤਕ ਦ੍ਰਿਸ਼ਟੀ ਤੋਂ ਸੰਭਵ ਹੀ ਨਹੀਂ ਹੈ। ਸਿਆਸਤ ਤਾਂ ਕਿਸੇ ਨਾ ਕਿਸੇ ਰੂਪ ਵਿੱਚ ਇਜਾਰੇਦਾਰੀ ਹੀ ਹੈ। ਪਰ ਸਿੱਖੀ ਤਾਂ ਸੱਚ ਦੀ ਇਜਾਰੇਦਾਰੀ ਨਾਲ ਵੀ ਨਿਭਣ ਦੀ ਆਗਿਆ ਨਹੀਂ ਦਿੰਦੀ। ਇਉਂ ਇਜਾਰੇਦਾਰੀ ਦੀ ਸਿਆਸਤ ਨਾਲ ਪੰਥ ਅਤੇ ਪੰਥ ਦੇ ਵਾਰਸਾਂ ਦਾ ਸਮਾਨਾਂਤਰਤਾ ਵਿੱਚ ਆ ਜਾਣਾ ਕੁਦਰਤੀ ਹੈ। ਇਹ "ਕੀਚੜ ਫਾਥੇ" ਵਰਗੀ ਘਟੋਤ ਹੈ। ਇਸ ਵਿੱਚੋਂ ਸੁਜੱਗਤਾ ਨਾਲ ਹੀ ਨਿਕਲਿਆ ਜਾ ਸਕਦਾ ਹੈ। ਇਸ ਪਾਸੇ ਤੁਰਨ ਦੀ ਲੋੜੀਂਦੀ ਅਗਵਾਈ ਜੇ ਜਥੇਦਾਰੀ ਸੰਸਥਾ ਰਾਹੀਂ ਚਿਤਵਣੀ ਹੋਵੇ ਤਾਂ ਇਸ ਵਾਸਤੇ ਸੁਝਾਅ ਇਸ ਪ੍ਰਕਾਰ ਹੋ ਸਕਦੇ ਹਨ:

* ਸਿੱਖ ਮਾਨਸਿਕਤਾ ਦੀ ਰਾਏ ਜਾਣਨ ਵਾਸਤੇ ਸੰਗਤੀ ਜੁਗਤਿ ਦੀ ਵਰਤੋਂ ਕਰਦਿਆਂ ਦਰਪੇਸ਼ ਸਿਆਸੀ ਮਸਲੇ ਨਾਲ ਸਬੰਧਿਤ ਸਿੱਖ ਲੀਡਰਾਂ ਅਤੇ ਸਿੱਖ ਸੰਗਤ ਨੂੰ ਇਕੱਠਿਆਂ ਇਕੋ ਵੇਲੇ ਅਕਾਲ ਤਖ਼ਤ ਸਾਹਿਬ ਉਤੇ ਸੱਦਾ ਦੇਣਾ ਚਾਹੀਦਾ ਹੈ। ਮਸਲੇ ਦਾ ਐਲਾਨ ਜਥੇਦਾਰ ਅਕਾਲ ਤਖ਼ਤ ਸਾਹਿਬ ਹੀ ਕਰੇ। ਮਸਲੇ ਨਾਲ ਸਬੰਧਿਤ ਲੀਡਰਾਂ ਨੂੰ ਵਾਰੀ-ਵਾਰੀ ਸੰਗਤ ਸਾਹਮਣੇ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇ। ਫਿਰ ਹਾਜ਼ਰ ਸਿੱਖਾਂ ਤੋਂ ਲਿਖਤੀ ਸੁਆਲ ਮੰਗੇ ਜਾਣ। ਉਨ੍ਹਾਂ ਸੁਆਲਾਂ ਦੇ ਉਤਰ ਦੇਣ ਦਾ ਸਬੰਧਿਤ ਲੀਡਰਾਂ ਨੂੰ ਮੌਕਾ ਦਿੱਤਾ ਜਾਵੇ। ਪੰਜ ਸਿੰਘ ਸਾਹਿਬਾਨ ਸਰਪ੍ਰਸਤਾਂ ਵਾਂਗ ਸਭ ਕੁੱਝ ਸੁਣਨ ਅਤੇ ਫਿਰ ਸਬੰਧਿਤ ਲੀਡਰਾਂ ਨੂੰ ਵਿੱਚ ਬੈਠਾ ਕੇ ਦਰਪੇਸ਼ ਮਸਲੇ ਬਾਰੇ ਸਰਬਸੰਮਤੀ ਬਣਾਉਣ ਦੀ ਕੋਸ਼ਿਸ਼ ਕਰਨ। ਜੇ ਸਰਬਸੰਮਤੀ ਨਾ ਹੋਵੇ ਤਾਂ ਪੰਜ ਸਿੰਘ ਸਾਹਿਬਾਨ ਨਿਰਣੈ ਜ਼ਰੂਰ ਲੈਣ। ਪਰ ਇਸ ਨਿਰਣੈ ਨੂੰ ਤਨਖਾਹ ਲਾ ਕੇ ਨਿਪਟਾਉਣ ਜਾਂ ਹੁਕਮਨਾਮੇ ਰਾਹੀਂ ਮੰਨਵਾਉਣ ਦੀ ਥਾਂ ਸਿੰਘ ਸਾਹਿਬਾਨ ਦੀ ਰਾਇ ਨੂੰ ਸਮੂਹ ਸਿੱਖਾਂ ਤੱਕ ਕਿਸੇ ਵੀ ਸੰਭਵ ਵਿਧੀ ਰਾਹੀਂ ਪਹੁੰਚਾ ਦੇਣ। ਇਸ ਨਾਲ ਸਿੱਖ ਆਪੇ ਹੀ ਫੈਸਲਾ ਕਰ ਲੈਣਗੇ ਕਿ ਉਨ੍ਹਾਂ ਨੇ ਕਿਸ ਲੀਡਰ ਦਾ ਸਾਥ ਦੇਣਾ ਹੈ ਅਤੇ ਜਥੇਦਾਰਾਂ ਦੀ ਰਾਇ ਦਾ ਕਿੰਨਾ ਕੁ ਮਾਣ ਰੱਖਣਾ ਹੈ। ਇਹ ਮਾਰਗ ਸੰਗਤ ਦੇ ਖਾਲਸਾ ਹੋ ਸਕਣ ਦਾ ਮਾਰਗ ਹੋਵੇਗਾ। ਇਹ ਸਰਬੱਤ ਖਾਲਸਾ ਦਾ ਬਦਲ ਪੈਦਾ ਕਰਨ ਵੱਲ ਵੀ ਜਾ ਸਕੇਗਾ।

* ਤਨਖਾਹ ਲਾਉਣ ਦੀ ਵਿਧੀ ਸਬੰਧਿਤ ਸਿੱਖ ਨੂੰ ਭਾਈਚਾਰਕ ਸ਼ਰਮਿੰਦਗੀ ਤੋਂ ਬਚਾਉਣ ਵਾਸਤੇ ਹੀ ਸੀ। ਜੇ ਕੋਈ ਸਿੱਖ ਇਸ ਵਾਸਤੇ ਖੁਦ ਇਲਤਜ਼ਾ ਕਰੇ, ਤਾਂ ਹੀ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ। ਛੇਕੇ ਜਾਣ ਦੀ ਵਿਧੀ ਨੂੰ ਇਸ ਨਾਲੋਂ ਵੱਖ ਕਰਕੇ ਵੇਖੇ ਜਾਣ ਦੀ ਲੋੜ ਹੈ।

* ਸਿੱਖੀ ਵਿੱਚ ਪਦਵੀ ਦੇ ਅਧਿਕਾਰ ਦੀ ਕੋਈ ਵਿਵਸਥਾ ਨਹੀਂ ਹੈ। ਸਾਰੀਆਂ ਅਹੁਦੇਦਾਰੀਆਂ ਪਦਵੀ ਦੀ ਨੈਤਿਕਤਾ ਨਾਲ ਜੁੜੀਆਂ ਹੋਈਆਂ ਹਨ। ਤਨਖਾਹ ਦੀ ਵਿਧੀ ਨੂੰ ਲਾਗੂ ਕਰਨ ਲੱਗਿਆਂ ਇਸ ਨੂੰ ਅੱਖੋਂ ਓਹਲੇ ਨਹੀਂ ਹੋਣ ਦੇਣਾ ਚਾਹੀਦਾ।

* ਇਹ ਤੇ ਇਸ ਨਾਲ ਜੁੜੇ ਹੋਏ ਹੋਰ ਮਸਲਿਆਂ ਬਾਰੇ ਕੌਮੀ ਸੰਵਾਦ ਛੇੜਿਆ ਜਾ ਸਕਦਾ ਹੈ। ਜੇ ਸਿੱਖ ਆਪਣਿਆਂ ਮਸਲਿਆਂ ਬਾਰੇ ਆਪ ਨਹੀਂ ਸੋਚਣਗੇ ਤਾਂ ਅਕਾਦਮਿਕ ਅਤੇ ਧਾਰਮਿਕ ਘੁਸਪੈਠ ਨਾਲ ਸਿਆਸੀ ਘੁਸਪੈਠ ਪੈਦਾ ਕਰਨ ਦੀਆਂ ਸੰਭਾਵਨਾਵਾਂ ਕਾਇਮ ਰਹਿਣਗੀਆਂ। ਇਹ ਸੋਚ ਕੇ ਸ਼ੁਰੂਆਤ ਕਰਨੀ ਚਾਹੀਦੀ ਹੈ ਕਿ ਸਿੱਖ ਸਿਆਸਤਦਾਨ ਅਤੇ ਸਿੱਖ ਸਮਰਥਕਾਂ ਵਿੱਚ ਸਮਝੌਤੇ ਦੀ ਨਹੀਂ, ਤਵਾਜ਼ਨ ਦੀ ਲੋੜ ਹੈ ਅਤੇ ਇਸ ਨੂੰ ਸਿੱਖੀ ਭਾਵਨਾਂ ਵਿੱਚ ਪੂਰਾ ਕੀਤਾ ਜਾ ਸਕਦਾ ਹੈ। ਫਿਰ ਦੇਰੀ, ਸੁਸਤੀ ਜਾਂ ਘੋਲ ਕਿਉਂ?

* ਇੱਥੇ ਇਹ ਵਿਚਾਰੇ ਜਾਣ ਦੀ ਲੋੜ ਹੈ ਕਿ ਸਿੱਖ ਤਖ਼ਤਾਂ ਦਾ ਗੁਰਦੁਆਰਾ ਐਕਟ 1925 ਨਾਲ ਕੀ ਸੰਬੰਧ ਹੈ? ਸੰਕਟ ਦੀ ਘੜੀ ਵਿੱਚ ਫੈਸਲੇ ਬਾਰੇ ਸੋਚਣ ਦਾ ਕੰਮ ਜੇ ਸੰਬੰਧਿਤ ਧਿਰਾਂ ਨਾ ਕਰਨ ਤਾਂ ਬੇਗਾਨੇ, ਸ਼ਰੀਕ ਅਤੇ ਵਿਰੋਧੀ ਆਪਣੀ ਅਗਿਆਨਤਾ ਵਿੱਚੋਂ ਜਾਂ ਸੰਬੰਧਿਤਾ ਦੀ ਅਗਿਆਨਤਾ ਦਾ ਲਾਭ ਉਠਾ ਕੇ, ਇੱਛਤ ਨਤੀਜਿਆਂ ਦੇ ਲਾਲਚ ਵਿੱਚ ਸੰਕਟ ਨੂੰ ਵਧਾਉਣ ਵਾਲੇ ਪਾਸੇ ਲੈ ਜਾਣਗੇ। ਸਿੱਖ ਕੌਮ ਨੂੰ ਬਹੁਤੀਆਂ ਸਮੱਸਿਆਵਾਂ ਇਸੇ ਪ੍ਰਸੰਗ ਵਿੱਚੋਂ ਝੇਲਣੀਆਂ ਪਈਆਂ ਹਨ। ਅਕਾਲ ਤਖ਼ਤ ਸਾਹਿਬ ਨੂੰ ਲੈ ਕੇ ਵਰਤਮਾਨ ਵਿੱਚ ਛਿੜਿਆ ਵਿਵਾਦ ਗੁਰੂ ਖਾਲਸਾ ਪੰਥ ਸਾਹਮਣੇ ਦਰਪੇਸ਼ ਸੰਕਟ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ ਅਤੇ ਇਸ ਵਿੱਚੋਂ ਨਿਕਲਣ ਦਾ ਹੱਲ ਵੀ ਆਪ ਹੀ ਲੱਭਣਾ ਚਾਹੀਦਾ ਹੈ। ਮੂਲ ਪ੍ਰਸ਼ਨ ਇਹ ਹੈ ਕਿ ਕੀ ਤਖ਼ਤਾਂ ਦੇ ਜਥੇਦਾਰ ਗੁਰਦੁਆਰਾ ਐਕਟ ਦੇ ਘੇਰੇ ਵਿੱਚ ਆਉਂਦੇ ਹਨ? ਵੇਖਣ ਨੂੰ ਇਉਂ ਹੀ ਲੱਗਦਾ ਹੈ ਕਿ ਜੋ ਕੋਈ ਗੁਰਦੁਆਰਿਆਂ ਨਾਲ ਸੰਬੰਧਿਤ ਪ੍ਰਬੰਧ ਅਧੀਨ ਆ ਜਾਂਦਾ ਹੈ, ਉਹ ਐਕਟ ਦੇ ਘੇਰੇ ਵਿੱਚ ਵੀ ਆ ਜਾਂਦਾ ਹੈ। ਇਸ ਨਾਲ ਇਹ ਗੱਲਾਂ ਸਾਹਮਣੇ ਆ ਜਾਂਦੀਆਂ ਹਨ :

* ਗੁਰਦੁਆਰਾ ਐਕਟ 1925 ਨਾਲ ਜੋੜ ਕੇ ਕੀਤੀ ਜਾ ਰਹੀ ਜਥੇਦਾਰਾਂ ਦੀ ਨਿਯੁਕਤੀ ਅਤੇ ਮੁਅੱਤਲੀ ਤਖ਼ਤਾਂ ਦੇ ਪਰੰਪਰਕ ਜਲੌਅ ਦੀ ਅਨੁਸਾਰੀ ਨਹੀਂ ਹੈ।

* ਜਿੰਨਾ ਚਿਰ ਗਰੇਡ ਵਿੱਚ ਤਨਖਾਹ ਨਹੀਂ ਦਿੱਤੀ ਜਾਂਦੀ ਅਤੇ ਮਿਲ ਸਕਦੇ ਹੋਰ ਵਿੱਤੀ ਲਾਭ ਨਹੀਂ ਲਏ ਜਾਂਦੇ ਉਨ੍ਹਾਂ ਚਿਰ ਜਥੇਦਾਰ ਨੂੰ ਮੁਲਾਜ਼ਮ ਨਹੀਂ ਗਿਣਿਆ ਜਾ ਸਕਦਾ।

* ਤੱਥ ਇਹੀ ਹਨ ਕਿ ਇਸ ਵੇਲੇ ਕੋਈ ਵੀ ਜਥੇਦਾਰ ਨਾ ਹੀ ਕਿਸੇ ਗਰੇਡ ਵਿੱਚ ਹੈ ਅਤੇ ਨਾ ਹੀ ਮੁਲਾਜ਼ਮ ਵਾਂਗ ਉਸ ਨੂੰ ਹੋਰ ਲਾਭ ਮਿਲਦੇ ਹਨ। ਤਖ਼ਤ ਦਾ ਜਥੇਦਾਰ, ਜੇ ਲੈਣਾ ਚਾਹੇ ਤਾਂ ਉਸ ਨੂੰ ਆਨਰੇਰੀਅਮ ਹੀ ਮਿਲਦਾ ਹੈ। ਇਹ ਆਨਰੇਰੀਅਮ ਚੈਕ ਰਾਹੀਂ ਜ਼ਰੂਰੀ ਜਾਂਦਾ ਹੈ, ਪਰ ਇਸ ਦੀ ਰਸੀਦ ਆਦਿ ਨਹੀਂ ਦੇਣੀ ਪੈਂਦੀ। ਕਿਸੇ ਵੀ ਜਥੇਦਾਰ ਨੂੰ ਰਜਿਸਟਰ ਵਿੱਚ ਹਾਜ਼ਰੀ ਨਹੀਂ ਲਾਉਣੀ ਪੈਂਦੀ ਅਤੇ ਨਾ ਹੀ ਕਿਧਰੇ ਜਾਣ ਲਈ।

* ਇਸ ਹਾਲਤ ਵਿੱਚ ਇਹ ਵੇਖਣਾ ਪਵੇਗਾ ਕਿ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਦਾ ਕੀ ਰਾਹ ਅਪਣਾਇਆ ਜਾਣਾ ਚਾਹੀਦਾ ਹੈ? ਇਸ ਤੋਂ ਪਹਿਲਾਂ ੧੯੨੫ ਦੇ ਗੁਰਦੁਆਰਾ ਐਕਟ ਮੁਤਾਬਕ ਜੇ ਵੇਖਿਆ ਜਾਵੇ ਤਾਂ ਜਥੇਦਾਰ ਨੂੰ ਹੈੱਡ ਮਨਿਸਟਰ ਦੇ ਤੌਰ 'ਤੇ ਲਿਆ ਜਾ ਰਿਹਾ ਹੈ। ਪਰ ਇਹ ਵਿਆਖਿਆ, ਜੇ ਬਾਈ-ਲਾਜ਼ ਰਾਹੀਂ ਵੀ ਹੋਵੇ ਤਾਂ ਵੀ ਠੀਕ ਨਹੀਂ ਜਾਪਦੀ। ਮਨਿਸਟਰ ਦੀ ਵਿਆਖਿਆ ਐਕਟ ਵਿੱਚ ਪੰਨਾ 6 'ਤੇ ਇਸ ਤਰ੍ਹਾਂ ਹੋਈ ਹੈ: be deemed to be a Minister for the purpose of section (vii), "Minister" means an office holder to whom either solely or alongwith others the control of the management or performance of public worship in a gurdwara and of the rituals and ceremonies, observed therin is entrusted : (Provided that an office holder to whom etiher solely or alongwith others the performance of public worship in a Gurdwara and of the rituals and ceremonies observed therein is not entrusted directly shall not......)

ਅਸਲ ਵਿੱਚ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਇਹ ਵਿਆਖਿਆ ਤਖ਼ਤਾਂ ਦੇ ਜਥੇਦਾਰ ਵਾਸਤੇ ਹੀ ਹੈ, ਸਗੋਂ ਇਸ ਤੋਂ ਇਹ ਸੰਕੇਤ ਤਾਂ ਜ਼ਰੂਰ ਮਿਲਦਾ ਹੈ ਕਿ ਹੈੱਡ ਮਨਿਸਟਰ, ਗੁਰਦੁਆਰੇ ਦੇ ਹੈੱਡ ਗ੍ਰੰਥੀ ਵਾਸਤੇ ਵਰਤਿਆ ਗਿਆ ਹੈ ਅਤੇ ਮਨਿਸਟਰ ਗੁਰਦੁਆਰੇ ਦੇ ਬਾਕੀ ਗ੍ਰੰਥੀਆਂ ਵਾਸਤੇ ਵਰਤਿਆ ਗਿਆ ਹੈ। ਪਰੰਪਰਾਗਤ ਵਿਆਖਿਆ ਅਨੁਸਾਰ ਵੀ ਮਨਿਸਟਰ ਦਾ ਅਰਥ ਉਸ ਅਹੁਦੇਦਾਰ ਤੋਂ ਹੈ, ਜਿਹੜਾ ਆਪਣੇ ਆਪ ਜਾਂ ਦੂਜਿਆਂ ਨਾਲ ਰਲਕੇ ਗੁਰਦੁਆਰਿਆਂ ਵਿੱਚ ਗੁਰਦੁਆਰਾ ਪ੍ਰਬੰਧ ਨਾਲ ਸਬੰਧਿਤ ਲੋੜੀਂਦੀ ਧਾਰਮਿਕ ਕਾਰਵਾਈ ਕਰਦਾ ਹੈ। ਕਿਸੇ ਥਾਂ 'ਤੇ ਵੀ ਤਖ਼ਤ ਦੇ ਜਥੇਦਾਰ ਨੂੰ ਇਹ ਕਰਵਾਈ ਕਰਨ ਦਾ ਬੰਧਨ ਨਹੀਂ ਹੈ। ਇਸ ਨਾਲ ਇਹ ਗੱਲਾਂ ਸਾਹਮਣੇ ਆ ਜਾਂਦੀਆਂ ਹਨ :

* ਤਖ਼ਤ ਅਤੇ ਗੁਰਦੁਆਰੇ ਨੂੰ ਇਕ ਅਰਥ ਵਿੱਚ ਨਹੀਂ ਲਿਆ ਜਾ ਸਕਦਾ।

* ਤਖ਼ਤ ਦਾ ਜਥੇਦਾਰ ਗ੍ਰੰਥੀ ਵਾਲੀਆਂ ਜ਼ਿੰਮੇਵਾਰੀਆਂ ਨਹੀਂ ਨਿਭਾਉਂਦਾ ਕਿਉਂਕਿ ਤਖ਼ਤ ਦੇ ਜਥੇਦਾਰ ਦੀ ਨਿਯੁਕਤੀ ਵੀ ਇਨ੍ਹਾਂ ਗ੍ਰੰਥੀਆਂ ਵਾਂਗ ਨਹੀਂ ਹੁੰਦੀ ਅਤੇ ਤਖ਼ਤ ਦੇ ਜਥੇਦਾਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਦਾ ਵੀ ਗ੍ਰੰਥੀਆਂ ਵਾਂਗ ਕੋਈ ਬੰਧਨ ਵੀ ਨਹੀਂ ਹੈ।

* ਜਥੇਦਾਰ ਅਤੇ ਗ੍ਰੰਥੀ ਵਿੱਚ ਉਸੇ ਤਰ੍ਹਾਂ ਫਰਕ ਕੀਤੇ ਜਾਣ ਦੀ ਲੋੜ ਹੈ, ਜਿਵੇਂ ਤਖ਼ਤ ਅਤੇ ਗੁਰਦੁਆਰੇ ਵਿੱਚ ਫਰਕ ਕਰਨਾ ਜ਼ਰੂਰੀ ਹੋ ਗਿਆ ਹੈ।

ਇਸ ਵਿੱਚ ਜਿਹੜੇ ਤਖ਼ਤਾਂ ਦਾ ਜ਼ਿਕਰ ਆਇਆ ਹੈ, ਉਨ੍ਹਾਂ ਸਾਰਿਆਂ ਤੇ ਤਖ਼ਤ ਜਥੇਦਾਰਾਂ ਦੇ ਨਾਲ-ਨਾਲ ਹੈੱਡ ਗ੍ਰੰਥੀ ਅਤੇ ਗ੍ਰੰਥੀ ਵੀ ਸੁਭਾਏਮਾਨ ਹਨ ਅਤੇ 'ਹੈੱਡ ਮਨਿਸਟਰ' ਅਤੇ 'ਮਨਿਸਟਰ' ਸ਼ਬਦ ਇਨ੍ਹਾਂ ਵਾਸਤੇ ਹੀ ਵਰਤਿਆ ਹੋਇਆ ਮੰਨਿਆ ਜਾਣਾ ਚਾਹੀਦਾ ਹੈ। ਇਸ ਤੋਂ ਬਿਨਾਂ ਇਸ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੋ ਜਾਂਦੀ ਹੈ ਕਿ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਵਿਖੇ ਜਥੇਦਾਰ ਦੀ ਨਿਯੁਕਤੀ ਉਸ ਤਰ੍ਹਾਂ ਨਹੀਂ ਹੁੰਦੀ, ਜਿਸ ਤਰ੍ਹਾਂ ਪੰਜਾਬ ਵਿਚਲੇ ਤਿੰਨ ਤਖ਼ਤਾਂ ਦੇ ਜਥੇਦਾਰਾਂ ਦੀ ਹੁੰਦੀ ਹੈ। ਜੇ ਤਖ਼ਤਾਂ ਤੇ 'ਹੈੱਡ ਮਨਿਸਟਰ' ਵਾਲੀ 1925 ਦੇ ਐਕਟ ਦੀ ਗੱਲ ਲਾਗੂ ਕਰ ਦਿੱਤੀ ਜਾਵੇ ਤਾਂ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਵਿਖੇ ਤਾਂ ਇਹ ਵਿਧੀ ਇਸ ਲਈ ਵੀ ਲਾਗੂ ਨਹੀਂ ਕੀਤੀ ਜਾ ਸਕਦੀ, ਕਿਉਂਕਿ ਉਨ੍ਹਾਂ ਦੋਹਾਂ ਤਖ਼ਤਾਂ ਉਤੇ 1925 ਵਾਲਾ ਐਕਟ ਲਾਗੂ ਹੀ ਨਹੀਂ ਹੁੰਦਾ।

ਸੋ ਸਪੱਸ਼ਟ ਹੋਇਆ ਕਿ ਪੰਜਾਬ ਵਿਚਲੇ ਤਿੰਨ ਤਖ਼ਤਾਂ ਦੇ ਜਥੇਦਾਰਾਂ ਨੂੰ 1925 ਦੇ ਐਕਟ ਤੋਂ ਮੁਕਤ ਮੰਨ ਕੇ ਹੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਦੇ ਜਥੇਦਾਰਾਂ ਵਾਸਤੇ ਸਾਂਝੀ ਪੰਥਕ ਵਿਧੀ ਤਿਆਰ ਕੀਤੀ ਜਾ ਸਕਦੀ ਹੈ। ਇਸ ਕਰਕੇ 'ਹੈੱਡ ਮਨਿਸਟਰ' ਦੀ ਵਿਆਖਿਆ ਜੇ ਠੀਕ

(ਬਾਕੀ ਸਫ਼ਾ 21 'ਤੇ)

# ਬੰਗਲਾ ਦੇਸ਼ ਨੂੰ ਪਾਕਿਸਤਾਨ ਤੋਂ ਤੋੜਨ ਦੀ 'ਕਸਕ' ਪਾਕਿਸਤਾਨੀਆਂ ਦੇ ਦਿਲਾਂ 'ਚ ਹੈ

**(ਸਫਾ 17 ਦੀ ਬਾਕੀ)**

ਆਪਣੀ ਪ੍ਰੈਸ ਕਾਨਫ੍ਰੰਸ ਵਿੱਚ ਇਹ ਆਖ, ਕਰ ਦਿੱਤੀ ਸੀ ਕਿ 'ਜੇ ਮੈਂ ਕਸ਼ਮੀਰ ਦਾ ਮੁੱਦਾ ਛੱਡ ਦਿਆਂ ਤਾਂ ਮੈਨੂੰ ਇਥੇ (ਭਾਰਤ ਵਿੱਚ) ਹੀ ਨਹਿਰ ਵਾਲੀ ਹਵੇਲੀ, ਜੋ ਕਿ ਦਿੱਲੀ ਦੇ ਦਰਿਆ ਗੰਜ ਵਿਖੇ ਸਥਿਤ, ਉਸਦੀ ਪੈਤ੍ਰਿਕ ਹਵੇਲੀ ਹੈ, ਲੈ ਕੇ ਰਹਿਣਾ ਪੈ ਜਾਇਗਾ'। ਇਹ ਗਲਾਂ ਉਸ ਸਮੇਂ ਵੀ ਇਸ ਗਲ ਦਾ ਸਬੂਤ ਸਨ ਅਤੇ ਅੱਜ ਵੀ ਹਨ ਕਿ ਫੌਜ ਅਤੇ ਕਟੱੜਪੰਥੀਆਂ ਦਾ ਪਾਕਿ-ਸਤਾਨੀ ਹਾਕਮਾਂ ਪੁਰ ਇਤਨਾ ਦਬਾਉ ਹੈ ਕਿ ਉਹ ਕਸ਼ਮੀਰ ਦੇ ਮੁੱਦੇ ਨੂੰ ਬਣਾਈ ਰਖ ਕੇ ਹੀ ਸੱਤਾ ਵਿੱਚ ਬਣੇ ਰਹਿ ਸਕਦੇ ਹਨ।

ਆਖਿਰ ਅਜਿਹਾ ਕਿਉਂ ਹੈ? ਇਸ ਸੁਆਲ ਦਾ ਜਵਾਬ ਵੀ ਜਨਰਲ ਮੁਸ਼ਰਫ ਦੇ ਉਸੇ ਪ੍ਰੈਸ ਕਾਨਫ੍ਰੰਸ ਵਿੱਚ ਕਹੇ, ਇਨ੍ਹਾਂ ਸ਼ਬਦਾਂ ਵਿਚੋਂ ਮਿਲ ਜਾਂਦਾ ਹੈ ਕਿ 'ਭਾਰਤ ਵਲੋਂ ਬੰਗਲਾ ਦੇਸ਼ ਨੂੰ ਪਾਕਿਸਤਾਨ ਨਾਲੋਂ ਤੋੜਨ ਦੀ ਕੀਤੀ ਗਈ ਕਾਰਵਾਈ ਦੀ 'ਕਸਕ' ਅਜੇ ਤਕ ਪਾਕਿਸਤਾਨੀਆਂ ਦੇ ਦਿੱਲਾਂ ਵਿੱਚ ਹੈ'। ਜਨਰਲ ਮੁਸ਼ਰਫ ਦੇ ਇਨ੍ਹਾਂ ਸ਼ਬਦਾਂ ਵਿੱਚ ਪਾਕਿਸਤਾਨੀਆਂ ਦੀ ਜਿਸ 'ਕਸਕ' ਦਾ ਜ਼ਿਕਰ ਕੀਤਾ ਗਿਆ, ਉਹ ਅਸਲ ਵਿੱਚ ਪਾਕਿਸਤਾਨੀ ਅਵਾਮ ਦੀ ਨਹੀਂ, ਸਗੋਂ ਪਾਕਿਸਤਾਨੀ ਫੌਜ ਦੇ ਜਰਨੈਲਾਂ ਦੇ ਦਿਲਾਂ ਵਿਚਲੀ ਹੈ, ਜੋ ੯੩ ਹਜ਼ਾਰ ਪਾਕਿਸਤਾਨੀ ਫੌਜੀਆਂ ਦੇ ਅਪਮਾਨ-ਜਨਕ ਢੰਗ ਨਾਲ ਭਾਰਤੀ ਫੌਜ ਸਾਹਮਣੇ, ਹਥਿਆਰ ਸੁੱਟ, ਆਤਮ-ਸਮਰਪਣ ਕਰਨ ਦੇ ਫਲਸਰੂਪ ਪੈਦਾ ਹੋਈ ਸੀ।

ਅਤੇ ਅੰਤ ਵਿੱਚ: ਪਿਛੋਕੜ ਦੀ ਰੋਸ਼ਨੀ ਵਿੱਚ, ਪਾਕਿਸਤਾਨੀ ਫੌਜ ਦੇ ਮੁਖੀਆਂ ਦੇ ਦਿਲ ਦੀ ਕਸਕ ਹੀ ਹੈ, ਜਿਸਨੂੰ ਉਹ ਭਾਰਤ ਨੂੰ ਪਾਕਿਸਤਾਨ ਦਾ ਸਭ ਤੋਂ ਵੱਡਾ ਦੁਸ਼ਮਣ ਕਰਾਰ ਦੇ, ਪਾਕਿਸਤਾਨੀਆਂ ਦੇ ਦਿਲ ਵਿੱਚ ਭਾਰਤ ਅਤੇ ਭਾਰਤੀਆਂ ਵਿਰੁਧ ਨਫਰਤ ਭਰੀ ਰਖਣਾ ਚਾਹੁੰਦੇ ਹਨ। ਉਨ੍ਹਾਂ ਦਾ ਇਹੀ ਹਥਿਆਰ ਪਾਕਿਸਤਾਨੀ ਹਾਕਮਾਂ ਅਤੇ ਅਵਾਮ ਦੇ ਭਾਰਤੀ ਹਾਕਮਾਂ ਅਤੇ ਅਵਾਮ ਨਾਲ ਸੰਬੰਧ ਸੁਧਾਰਣ ਦੀਆਂ ਭਾਵਨਾਵਾਂ ਨੂੰ ਕਿਸੇ ਸਿਟੇ ਤੇ ਪੁਜਣ ਦੇਣ ਦੇ ਰਸਤੇ ਵਿੱਚ ਰੁਕਾਵਟ ਬਣਿਆ ਹੋਇਆ ਹੈ ਅਤੇ ਅਗੋਂ ਵੀ ਬਣਿਆ ਹੀ ਰਹੇਗਾ।

## ਪਰਦੇਸ ਟਾਈਮਜ਼ ਵੱਲੋਂ ਨਵੇਂ ਸਾਲ ਤੇ ਕੁਝ ਬਦਲਾਨ

ਜਨਵਰੀ ਤੋਂ ਅਸੀਂ ਅਖਬਾਰ ਦੀ ਦਿੱਖ ਅਤੇ ਛਪਣ ਵਾਲੇ ਹਰ ਲੇਖ ਅਤੇ ਹੋਰ ਸਮੱਗਰੀ ਵਿਚ ਤਬਦੀਲੀ ਕਰਨ ਜਾ ਰਹੇ ਹਾਂ। ਹੁਣ ਵੱਖੋ-ਵੱਖ ਲਿਖਾਰੀਆਂ ਨੂੰ ਅਖਬਾਰ ਵਿਚ ਥਾਂ ਦਿਆ ਕਰਾਂਗੇ, ਤਾਂ ਜੋ ਸਮੱਗਰੀ ਵਿਚ ਵੰਨ-ਸੁਵੰਨਤਾ ਆਵੇ।

**- ਸੰਪਾਦਕ**

# ਡਾ. ਗੰਡਾ ਸਿੰਘ ਦੀ ਸਿੱਖ ਇਤਿਹਾਸ ਨੂੰ ਦੇਣ

**(ਸਫਾ 16 ਦੀ ਬਾਕੀ)**

ਪਬਲਿਕ ਲਾਇਬ੍ਰੇਰੀ ਦੀ ਸਥਾਪਨਾ ਵਿਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਵਿਚ ਪੰਜਾਬ ਦਾ ਇਤਿਹਾਸ ਅੱਠ ਜਿਲਦਾਂ ਵਿਚ ਲਿਖਣ ਦੀ ਵੱਡੀ ਯੋਜਨਾ ਉਲੀਕੀ ਤੇ ਬੜੀ ਗੰਭੀਰਤਾ ਤੇ ਸੰਜੀਦਗੀ ਨਾਲ ਇਸ ਉਤੇ ਕੰਮ ਸ਼ੁਰੂ ਕੀਤਾ।

ਡਾ. ਗੰਡਾ ਸਿੰਘ 1960 ਤੋਂ 1963 ਤਕ ਖਾਲਸਾ ਕਾਲਜ, ਪਟਿਆਲਾ ਦੇ ਪ੍ਰਿੰਸੀਪਲ ਵੀ ਰਹੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 1963 ਵਿਚ ਉਨ੍ਹਾਂ ਨੂੰ ਪੰਜਾਬ ਇਤਿਹਾਸ ਅਧਿਐਨ ਵਿਭਾਗ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਦਿੱਤੀ। ਉਨ੍ਹਾਂ ਦੇ ਯਤਨਾਂ ਸਦਕਾ ਪੰਜਾਬੀ ਯੂਨੀਵਰਸਿਟੀ ਵਿਚ 1965 ਵਿਚ 'ਪੰਜਾਬ ਹਿਸਟਰੀ ਕਾਨਫਰੰਸ' ਸ਼ੁਰੂ ਹੋਈ।

ਦੋ ਸਾਲ ਬਾਅਦ 'ਪੰਜਾਬ ਪਾਸਟ ਐਂਡ ਪ੍ਰੈਜ਼ੈਂਟ' ਨਾਂ ਦਾ ਛਿਮਾਹੀ ਮੈਗਜ਼ੀਨ ਸ਼ੁਰੂ ਕੀਤਾ। ਇਹ ਕਾਨਫਰੰਸ ਇਤਿਹਾਸਕਾਰਾਂ ਅਤੇ ਉਭਰ ਰਹੇ ਵਿਦਵਾਨਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ।

ਪੰਜਾਬੀ ਯੂਨੀਵਰਸਿਟੀ ਤੋਂ ਸੇਵਾਮੁਕਤ ਹੋਣ ਮਗਰੋਂ ਡਾ. ਗੰਡਾ ਸਿੰਘ ਨੂੰ ਜੀਵਨ ਭਰ ਲਈ ਯੂਨੀਵਰਸਿਟੀ ਵਲੋਂ ਫੈਲੋਸ਼ਿਪ ਦਿੱਤੀ ਗਈ। ਡਾ. ਗੰਡਾ ਸਿੰਘ ਇੰਡੀਅਨ ਹਿਸਟਰੀ ਕਾਂਗਰਸ, ਏਸ਼ੀਆਟਿਕ ਸੁਸਾਇਟੀ ਆਫ ਬੰਗਾਲ ਤੇ ਰਾਇਲ ਏਸ਼ੀਆਟਿਕ ਸੁਸਾਇਟੀ ਆਫ ਗ੍ਰੇਟ ਬ੍ਰਿਟੇਨ ਐਂਡ ਆਇਰਲੈਂਡ ਦੇ ਮੈਂਬਰ ਵੀ ਰਹੇ। 1964 ਵਿਚ ਰਾਂਚੀ ਵਿਚ ਹੋਈ 'ਇੰਡੀਅਨ ਕਾਨਫਰੰਸ' ਸਮੇਂ ਮੱਧਕਾਲੀਨ ਭਾਰਤ ਦੇ ਸੈਕਸ਼ਨ ਦੇ ਪ੍ਰਧਾਨ ਸਨ।

ਸੰਨ 1963 ਵਿਚ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਪੰਜਾਬੀ ਸਾਹਿਤ ਲਈ 'ਸਟੇਟ ਐਵਾਰਡ' ਦਿੱਤਾ। 1964 ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ 1978 ਵਿਚ ਪੰਜਾਬੀ ਯੂਨੀਵਰਸਿਟੀ ਨੇ ਡੀ.ਲਿਟ. ਦੀ ਆਨਰੇਰੀ ਡਿਗਰੀ ਨਾਲ ਸਨਮਾਨਿਆ। ਸਾਲ 1983 ਵਿਚ ਭਾਰਤ ਸਰਕਾਰ ਨੇ ਡਾ. ਗੰਡਾ ਸਿੰਘ ਨੂੰ ਪਦਮ ਵਿਭੂਸ਼ਨ ਨਾਲ ਨਿਵਾਜਿਆ। ਬਹੁਤ ਸਾਰੀਆਂ ਹੋਰ ਵਿਦਿਅਕ ਸੰਸਥਾਵਾਂ ਨੇ ਵੀ ਸਨਮਾਨ ਪੱਤਰ ਦਿੱਤੇ।

ਭਾਸ਼ਾ ਵਿਭਾਗ, ਪੰਜਾਬ ਨੇ ਸ਼੍ਰੋਮਣੀ ਸਾਹਿਤਕਾਰ ਦਾ ਸਨਮਾਨ ਦਿੱਤਾ। ਡਾ. ਗੰਡਾ ਸਿੰਘ ਨੇ 27 ਦਸੰਬਰ 1987 ਨੂੰ ਪਟਿਆਲੇ ਵਿਚ ਆਖਰੀ ਸਾਹ ਲਏ।

# ਅਬਾਰਸ਼ਨ ਦੀ ਵੱਧ ਰਹੀ ਸਮੱਸਿਆ ਅਤੇ ਭਾਰਤੀ ਵਿਵਸਥਾ

**(ਸਫਾ 4 ਦੀ ਬਾਕੀ)**

ਹੈ ਅਤੇ ਇਹ ਗੰਭੀਰ ਅਪਰਾਧ ਦੀ ਸ਼੍ਰੇਣੀ ਵਿਚ ਆਉਂਦਾ ਹੈ। ਇਸ ਮਾਮਲੇ ਵਿਚ ਦੋਸ਼ੀ ਪਾਏ ਜਾਣ 'ਤੇ ਵੱਧ ਤੋਂ ਵੱਧ 3 ਸਾਲ ਤੱਕ ਦੀ ਕੈਦ ਦੀ ਸਜ਼ਾ ਦੀ ਵਿਵਸਥਾ ਹੈ। ਦਹੇਜ ਹੱਤਿਆ ਮਾਮਲੇ ਵੀ ਗੈਰ-ਜਮਾਨਤੀ ਅਤੇ ਗੰਭੀਰ ਅਪਰਾਧ ਹਨ ਅਤੇ ਦੋਸ਼ੀ ਨੂੰ ਘੱਟੋ ਘੱਟ 7 ਸਾਲ ਅਤੇ ਵੱਧ ਤੋਂ ਵੱਧ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ। ਅਮਾਨਤ ਵਿਚ ਖਿਆਨਤ ਦੇ ਮਾਮਲੇ ਵਿਚ ਦੋਸ਼ੀ ਪਾਏ ਜਾਣ ਤੇ ਵੱਧ ਤੋਂ ਵੱਧ 3 ਸਾਲ ਕੈਦ ਦੀ ਸਜ਼ਾ ਦੀ ਵਿਵਸਥਾ ਹੈ। ਇਹ ਮਾਮਲਾ ਵੀ ਗੈਰ ਜਮਾਨਤੀ ਹੈ। ਵਿਆਹ ਦੇ 7 ਸਾਲ ਦੇ ਅੰਦਰ ਜੇਕਰ ਔਰਤ ਦੀ ਸ਼ੱਕੀ ਹਾਲਤ ਵਿਚ ਮੌਤ ਹੁੰਦੀ ਹੈ ਤਾਂ ਪਤੀ ਅਤੇ ਹੋਰ ਸਹੁਰੇ ਘਰ ਵਾਲਿਆਂ 'ਤੇ ਦਹੇਜ ਹੱਤਿਆ ਦਾ ਮਾਮਲਾ ਚੱਲੇਗਾ। ਇਸ ਮਾਮਲੇ ਵਿਚ ਦੋਸ਼ੀ ਨੂੰ 7 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਦਿੱਤੀ ਜਾ ਸਕਦੀ ਹੈ।

**ਮਾਂ ਬਣਨ ਵਾਲੀਆਂ ਕੰਮਕਾਜੀ ਔਰਤਾਂ ਦੇ ਅਧਿਕਾਰ**

ਔਰਤ ਨੂੰ ਮਾਂ ਬਣਨ ਦਾ ਅਧਿਕਾਰ ਹੈ। ਇਸ ਅਧਿਕਾਰ ਤੋਂ ਉਸਨੂੰ ਵਾਂਝਾ ਨਹੀਂ ਕੀਤਾ ਜਾ ਸਕਦਾ। ਜੇਕਰ ਔਰਤ ਗਰਭਵਤੀ ਹੈ ਤਾਂ ਇਸ ਦੌਰਾਨ ਉਸਨੂੰ ਨੌਕਰੀ ਤੋਂ ਨਹੀਂ ਕੱਢਿਆਜਾ ਸਕਦਾ ਅਤੇ ਨਾ ਹੀ ਡਿਲੀਵਰੀ ਦੇ ਵਕਤ ਛੁੱਟੀ ਲੈਣ 'ਤੇ ਸੈਲਰੀ ਰੋਕੀ ਜਾ ਸਕਦੀ ਹੈ। ਨਵੇਂ ਕਾਨੂੰਨ ਮੁਤਾਬਕ ਮਾਂ ਬਣਨ ਵਾਲੀਆਂ ਕੰਮਕਾਜੀ ਔਰਤਾਂ ਨੂੰ ਨੌਕਰੀ ਦੇਣ ਵਾਲੇ ਤੋਂ 24 ਹਫਤੇ ਪੇਡ ਲੀਵ ਦਾ ਅਧਿਕਾਰ ਹੈ, ਯਾਨਿ ਇਸ ਦੌਰਾਨ ਔਰਤ ਨੂੰ ਪੂਰੀ ਤਨਖਾਹ ਅਤੇ ਤਹਿ ਭੱਤੇ ਦਿੱਤੇ ਜਾਂਦੇ ਰਹਿਣਗੇ। ਅਬਾਰਸ਼ਨ ਹੋਣ ਦੀ ਹਾਲਤ ਵਿਚ ਵੀ ਉਸਨੂੰ ਇਹ ਲਾਭ ਮਿਲੇਗਾ। ਮੈਟਰਨਿਟੀ ਲੀਵ ਦੌਰਾਨ ਔਰਤ ਤੇ ਕਿਸੇ ਵੀ ਕਿਸਮ ਦਾ ਦੋਸ਼ ਲਗਾ ਕੇ ਉਸਨੂੰ ਨੌਕਰੀ ਤੋਂ ਨਹੀਂ ਕੱਢਿਆ ਜਾ ਸਕਦਾ। ਜੇਕਰ ਅਜਿਹਾ ਕੋਈ ਕਰਦਾ ਹੈ ਤਾਂ ਔਰਤ ਇਨਸਾਫ ਮੰਗਣ ਲਈ ਅਦਾਲਤ ਜਾ ਸਕਦੀ ਹੈ। ਇਸ ਦੇ ਲਈ ਦੋਸ਼ੀ ਨੂੰ 1 ਸਾਲ ਤੱਕ ਕੈਦ ਦੀ ਸਜ਼ਾ ਹੋ ਸਕਦੀ ਹੈ।

# ਮਨੁੱਖੀ ਹਕੂਕ: ਕਹਿਣੀ ਤੇ ਕਰਨੀ ਵਿਚ ਵਧ ਰਿਹਾ ਫਾਸਲਾ

**(ਸਫਾ 7 ਦੀ ਬਾਕੀ)**

ਵੀ ਤਰਸ ਰਹੀ ਹੈ। ਸੱਤ ਸਤਾਰਾ ਹੋਟਲ ਸੱਭਿਆਚਾਰ ਅਤੇ ਬੇਘਰੇ, ਭੁੱਖੇ ਪੇਟ ਤੇ ਬੇਇਲਾਜ ਮਰ ਰਹੇ ਲੋਕਾਂ ਦਾ ਦੋਹਰਾ ਸੰਸਾਰ ਮਨੁੱਖੀ ਅਧਿਕਾਰਾਂ ਦੇ ਬਰਬਾਰੀ ਦੇ ਐਲਾਨਨਾਮੇ ਦਾ ਮੂੰਹ ਚਿੜਾ ਰਿਹਾ ਹੈ। ਹਥਿਆਰਾਂ ਦੀ ਧੌਂਸ ਅਤੇ ਆਰਥਿਕਤਾ ਦੇ ਜ਼ਰੀਏ ਵਿਰੋਧੀ ਮੁਲਕਾਂ ਦੀ ਸੰਘੀ ਨੱਪ ਕੇ ਮਹਾਂਸ਼ਕਤੀ ਬਣਨ ਦੀ ਦੌੜ ਨੇ ਅਤਿਵਾਦ ਨੂੰ ਵਧਾਉਣ ਵਿਚ ਵੱਡੀ ਭੂਮਿਕਾ ਨਿਭਾਈ ਹੈ। ਇਸੇ ਕਰਕੇ ਸੰਸਾਰ ਭਰ ਦਾ ਮਨੁੱਖ ਡਰਿਆ ਅਤੇ ਭੈ ਭੀਤ ਦਿਖਾਈ ਦਿੰਦਾ ਹੈ। ਚਾਰੇ ਪਾਸੇ ਬੰਬ, ਤਲਾਸ਼ੀਆਂ, ਸੁਰੱਖਿਆ ਬੰਦੋਬਸਤਾਂ ਦੇ ਨਾਮ ਉੱਤੇ ਮਨੁੱਖੀ ਆਜ਼ਾਦੀਆਂ ਦਾ ਘਾਣ ਆਮ ਗੱਲ ਹੈ।

ਭਾਰਤ ਵਿਚ ਵਧ ਰਹੇ ਹਜੂਮੀ ਕਤਲਾਂ ਨੂੰ ਸੱਤਾ ਦੀ ਪੁਸ਼ਤਪਨਾਹੀ ਦੇ ਕਾਰਨ ਘੱਟ ਗਿਣਤੀਆਂ, ਦਲਿਤਾਂ ਅਤੇ ਕਬਾਇਲੀਆਂ ਅੰਦਰ ਖਾਸ ਤੌਰ ਉੱਤੇ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਹੋ ਰਿਹਾ ਹੈ। ਬੇਰੁਜ਼ਗਾਰੀ ਦੇ ਭੰਨੇ ਨੌਜਵਾਨ ਅੱਕੀਂ ਪਲਾਹੀਂ ਹੱਥ ਪੈਰ ਮਾਰਨ ਲਈ ਮਜਬੂਰ ਹਨ। ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ੇ ਦੇ ਬੋਝ ਹੇਠ ਖੁਦਕੁਸ਼ੀਆਂ ਦੇ ਦਰਦਨਾਕ ਰਾਹ ਪਏ ਹੋਏ ਹਨ। ਪਿੱਛੇ ਰਹਿ ਗਏ ਪੀੜਤ ਪਰਿਵਾਰਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਹੈ। ਦਿੱਲੀ ਵਿਚ 29 ਅਤੇ 30 ਨਵੰਬਰ ਨੂੰ ਇਕੱਠੇ ਹੋਏ ਦੇਸ਼ ਭਰ ਦੇ ਕਿਸਾਨਾਂ ਨੂੰ ਇਹ ਮੰਗ ਕਰਨੀ ਪਈ ਹੈ ਕਿ ਪਾਰਲੀਮੈਂਟ ਦਾ ਵਿਸ਼ੇਸ਼ ਸੈਸ਼ਨ ਤਿੰਨ ਹਫ਼ਤਿਆਂ ਲਈ ਖੇਤੀ ਸਮੱਸਿਆਵਾਂ ਉੱਤੇ ਗੱਲ ਕਰੇ। ਪੰਜ ਸਾਲ ਲਈ ਚੁਣੇ ਨੁਮਾਇੰਦਿਆਂ ਕੋਲ ਗੱਲ ਕਰਨ ਦੀ ਵੀ ਵਿਹਲ ਨਹੀਂ ਤਾਂ ਕਿਸਾਨਾਂ ਦੇ ਹੱਕ ਵਿਚ ਨੀਤੀ ਕਿਵੇਂ ਬਣੇਗੀ? ਸੰਵਿਧਾਨ ਵਿਚ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਵੀ ਆਰਥਿਕ, ਸਮਾਜਿਕ ਅਤੇ ਸਿਆਸੀ ਬਰਾਬਰੀ ਦੀ ਵਕਾਲਤ ਕਰਦੇ ਹਨ। ਦੇਸ਼ ਦੀ ਗੈਰ ਸੰਗਠਿਤ ਖੇਤਰ ਦੀ ਤਕਰੀਬਨ 97 ਫੀਸਦ ਵਰਕਫੋਰਸ ਬਣਦੀ ਹੈ ਜਿਸ ਦਾ ਜੀਵਨ ਦੁੱਭਰ ਹੋ ਰਿਹਾ ਹੈ। ਭਾਰਤ ਅੰਦਰ ਦੁਨੀਆਂ ਭਰ ਵਿਚ ਗੈਰ ਬਰਾਬਰੀ ਸਭ ਤੋਂ ਵੱਧ ਹੈ। ਸਾਰੀਆਂ ਨੀਤੀਆਂ ਇਸ ਨੂੰ ਰੋਕਣ ਵੱਲ ਨਹੀਂ ਬਲਕਿ ਪਾੜੇ ਵਧਾਉਣ ਵੱਲ ਸੇਧਤ ਹਨ।

ਦੁਨੀਆਂ ਭਰ ਵਿਚ ਦੀਆਂ ਪਾਰਲੀਮੈਂਟਾਂ ਵਿਚ ਹੀ ਔਰਤਾਂ ਦੀ ਸੰਖਿਆ 21.8 ਫੀਸਦ ਹੈ ਪਰ ਵਿਕਾਸਸ਼ੀਲ ਦੇਸ਼ਾਂ ਵਿਚ ਤਾਂ ਇਹ ਗਿਣਤੀ ਹੋਰ ਵੀ ਘੱਟ ਹੈ। ਪੰਚਾਇਤੀ ਰਾਜ ਸੰਸਥਾਵਾਂ ਵਿਚ ਕਹਿਣ ਨੂੰ ਤਾਂ ਔਰਤਾਂ ਨੂੰ ਪੰਜਾਹ ਫੀਸਦ ਨੁਮਾਇੰਦਗੀ ਦੇ ਦਿੱਤੀ ਹੈ ਪਰ ਅਮਲ ਵਿਚ ਉਨ੍ਹਾਂ ਦੀ ਜਗ੍ਹਾ ਕੰਮ ਮਰਦ ਹੀ ਕਰਦੇ ਹਨ। ਜਾਤ ਦਾ ਵਿਤਕਰਾ ਲਗਾਤਾਰ ਜਾਰੀ ਹੈ। ਵਿੱਦਿਆ ਦੇ ਨਿੱਜੀਕਰਨ ਦੇ ਨਾਲ ਵਪਾਰੀਕਰਨ ਦੀ ਧਾਰਨਾ ਜੁੜ ਜਾਣ ਦੇ ਕਾਰਨ ਹੁਣ ਅਮੀਰਾਂ ਅਤੇ ਗਰੀਬਾਂ ਦੇ ਬੱਚਿਆਂ ਦੇ ਸਕੂਲ ਵੀ ਅਲੱਗ ਅਲੱਗ ਹੋ ਗਏ ਹਨ। ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਸਰਕਾਰੀ ਸਕੂਲਾਂ ਵਿਚ ਕੇਵਲ ਦਲਿਤਾਂ ਅਤੇ ਗਰੀਬਾਂ ਦੇ ਬੱਚੇ ਹੀ ਹਨ। ਸਿਹਤ ਖੇਤਰ ਵਿਚ ਵੀ ਹਾਲਤ ਕੋਈ ਵੱਖਰੀ ਨਹੀਂ ਹੈ। ਇਨਸਾਨ ਅੰਦਰ ਇਨਸਾਨ ਹੋਣ ਲਈ ਜੋ ਗੁਣ ਚਾਹੀਦੇ ਹਨ, ਮੌਜੂਦਾ ਸਮਾਜ ਇਨ੍ਹਾਂ ਤੋਂ ਸੱਖਣਾ ਹੋ ਰਿਹਾ ਹੈ। ਵਰਤੋ ਅਤੇ ਸੁੱਟ ਦਿਓ ਦੇ ਸਿਧਾਂਤ ਉੱਤੇ ਚੱਲਦੇ ਹੋਣ ਦੇ ਕਾਰਨ ਹੁਣ ਹਾਸ਼ੀਏ ਉੱਤੇ ਚਲੀ ਗਈ ਆਬਾਦੀ, ਆਪਣੇ ਹੀ ਬਜ਼ੁਰਗਾਂ ਜਾਂ ਕਮਜ਼ੋਰ ਪਰਿਵਾਰਕ ਮੈਂਬਰਾਂ ਪ੍ਰਤੀ ਵੀ ਭਾਵਨਾਵਾਂ ਅਤੇ ਜ਼ਿੰਮੇਵਾਰੀ ਦਾ ਅਹਿਸਾਸ ਲਗਾਤਾਰ ਕਮਜ਼ੋਰ ਹੋ ਰਿਹਾ ਹੈ। ਮੌਜੂਦਾ ਦੌਰ ਵਿਚ ਦੌਲਤ ਜਾਂ ਸਹੂਲਤਾਂ ਦੀ ਕਮੀ ਨਹੀਂ ਬਲਕਿ ਇਨ੍ਹਾਂ ਦੀ ਨਿਆਂਇਕ ਵੰਡ ਦੀ ਸਮੱਸਿਆ ਹੈ। ਫਰਾਂਸ ਦੇ ਅਰਥ ਸ਼ਾਸਤਰੀ ਥਾਮਸ ਪਿਕਟੀ ਦਾ ਆਪਣੀ ਪੁਸਤਕ 'ਇੱਕਵੀਂ ਸਦੀ ਵਿਚ ਪੂੰਜੀ' ਵਿਚ ਕਹਿਣਾ ਹੈ ਕਿ ਅਸਲ ਸਮੱਸਿਆ ਦੌਲਤ ਦੀ ਵੰਡ ਦੀ ਹੈ।

ਇਹ ਸਭ ਵਿਕਾਸ ਦੇ ਕਾਰਪੋਰੇਟ ਮਾਡਲ ਦਾ ਨਤੀਜਾ ਹੈ ਜੋ ਅਮੀਰ ਘਰਾਣਿਆਂ ਦੇ ਮੁਨਾਫੇ ਲਈ ਸਾਰੀ ਦੁਨੀਆਂ ਨੂੰ ਦਾਅ ਉੱਤੇ ਲਗਾਉਣ ਲਈ ਤਿਆਰ ਹੈ। ਮਨੁੱਖੀ ਸਰੋਕਾਰਾਂ ਤੋਂ ਵੱਧ ਮੁਨਾਫ਼ੇ ਦੀ ਖਾਹਿਸ਼ਮੰਦੀ ਨੇ ਮਨੁੱਖਤਾ ਨੂੰ ਇਸ ਕਗਾਰ ਉੱਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਵਿਗਿਆਨਕ ਤਕਨੀਕੀ ਵਿਕਾਸ ਨੇ ਸੰਸਾਰ ਨੂੰ ਅੰਤਰ-ਨਿਰਭਰ ਬਣਾ ਦਿੱਤਾ ਹੈ। ਅੰਤਰ-ਨਿਰਭਰ ਸਮਾਜ ਕੁਦਰਤ ਅਤੇ ਮਨੁੱਖ ਪੱਖੀ ਵਿਕਾਸ ਮਾਡਲ ਦੇ ਤਹਿਤ ਸਿਆਸੀ, ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਖੇਤਰ ਦੇ ਇੰਤਜ਼ਾਮ ਨਾਲ ਹੀ ਸੰਭਵ ਹੋ ਸਕਦਾ ਹੈ। ਸੱਤਰ ਸਾਲ ਪਹਿਲਾਂ ਦੁਨੀਆਂ ਦੇ ਆਗੂਆਂ ਨੇ ਮਨੁੱਖ ਦੇ ਭਵਿੱਖ ਲਈ ਰੂਪਰੇਖਾ ਦਿੱਤੀ ਹੋਈ ਹੈ। ਜੇਕਰ ਵਿਕਾਸ ਦੀ ਗੱਡੀ ਇਸ ਰੂਪਰੇਖਾ ਤੋਂ ਉਲਟ ਦਿਸ਼ਾ ਵਿਚ ਜਾ ਰਹੀ ਹੈ ਤਾਂ ਇਹ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਹੋਣਾ ਚਾਹੀਦਾ ਹੈ। ਮਨੁੱਖੀ ਅਧਿਕਾਰ ਦਿਵਸ ਨੂੰ ਮਨਾਉਣ ਦੀ ਰਸਮ ਨਿਭਾਉਣ ਤੱਕ ਮਹਿਦੂਦ ਰਹਿਣ ਨਾਲ ਗੱਲ ਨਹੀਂ ਬਣਨੀ।

# ਹਿੰਸਾ ਦਾ ਵਰਤਾਰਾ ਬਨਾਮ ਵਿਕਾਸ ਦਾ ਨਾਅਰਾ

**(ਸਫਾ 4 ਦੀ ਬਾਕੀ)**

ਕਾਇਮ ਕਰਨ ਦੇ ਮੰਤਵ ਤਹਿਤ ਹਿੰਸਾ ਦਾ ਤਰਕ ਘੜਿਆ ਜਾਂਦਾ ਹੈ। ਅਦਿਤਿਆਨਾਥ, ਰਾਜਨਾਥ ਸਿੰਘ, ਊਧਵ ਠਾਕਰੇ ਆਦਿ ਇਸੇ ਫਿਰਕੂ ਤਰਕ ਦੇ ਉਸਤਾਦ ਹਨ। ਰਾਮ ਮੰਦਰ ਦੀ ਲੜਾਈ ਇਸ ਦੌਰ ਦਾ ਮਜ਼ਬੂਤ ਪ੍ਰਗਟਾਵਾ ਹੈ। ਅਮਿਤ ਸ਼ਾਹ ਵੀ ਇਸੇ ਵੰਨਗੀ ਦਾ ਡਾਢਾ ਇਜ਼ਹਾਰ ਹੈ ਪਰ ਉਸ ਨੂੰ ਭਾਜਪਾ ਦਾ ਸਾਰਥੀ ਬਣਾਉਣ ਲਈ ਕੌਮੀ ਆਗੂ ਅਤੇ ਗਲੀ ਦੇ ਧੜਵੈਲ ਵਰਗਾ ਬਹੁਰੂਪੀਆ ਬਣਾਉਣਾ ਪੈਂਦਾ ਹੈ।

ਹਜੂਮੀ ਹਿੰਸਾ ਦੇ ਰੂਪ ਵਿਚ ਸਾਹਮਣੇ ਆ ਰਿਹਾ ਤੀਜਾ ਪੱਧਰ ਚੋਣਾਂ ਤੋਂ ਐਨ ਪਹਿਲਾਂ ਸਾਕਾਰ ਹੁੰਦਾ ਹੈ ਅਤੇ ਘਾਤਕ ਸ਼ਕਲ ਅਖਤਿਆਰ ਕਰਨ ਲਈ ਡਿਜੀਟਲ ਲਬਾਦੇ ਵਿਚ ਢਾਲਣਾ ਪੈਂਦਾ ਹੈ। ਹਜੂਮ ਨੂੰ ਇਤਿਹਾਸ ਦੇ ਨਾਇਕ ਵਾਂਗ ਪੇਸ਼ ਕਰ ਕੇ ਰਾਜਕੀ ਹਿੰਸਾ ਦਾ ਇਹ ਤੀਜਾ ਪੱਧਰ ਆਪਣੇ ਮਿਥਹਾਸਕ ਅਵਚੇਤਨ, ਬਾਹਰਲੇ ਲੋਕਾਂ ਪ੍ਰਤੀ ਬੇਵਿਸਾਹੀ, ਪੱਛਮ ਪ੍ਰਤੀ ਆਪਣੀ ਹੀਣਭਾਵਨਾ ਦਾ ਖ਼ੁਲਾਸਾ ਕਰਦਾ ਹੈ ਤੇ ਰਾਣਾ ਪ੍ਰਤਾਪ ਤੋਂ ਲੈ ਕੇ ਗਊ ਤੱਕ ਸਾਰੇ ਚਿੰਨ੍ਹਾਂ ਦਾ ਇਸਤੇਮਾਲ ਕਰਦਾ ਹੈ। ਫਿਰ ਸ਼ਾਸਨ ਲਈ ਹਜੂਮ ਹੀ ਸ਼ਖਸੀ ਅਜ਼ਮਾਇਸ਼ ਦਾ ਜ਼ਰੀਆ ਬਣ ਜਾਂਦੀ ਹੈ ਜਿੱਥੇ ਹਿੰਸਾ ਨੂੰ ਹਰ ਕਿਸਮ ਦੀ ਵਾਜਬੀਅਤ ਮੁਹੱਈਆ ਕਰਵਾਈ ਜਾਂਦੀ ਹੈ। ਹਮੇਸ਼ਾਂ ਮਜ਼ਲੂਮ ਨੂੰ ਹਿੰਸਾ ਲਈ ਕਸੂਰਵਾਰ ਠਹਿਰਾਇਆ ਜਾਂਦਾ ਹੈ। ਰਾਜ ਤੇ ਹਜੂਮ ਦਰਮਿਆਨ ਤੋਲ ਤੁਕਾਂਤ ਬਿਠਾਉਣ ਵਾਲੇ ਤਿੰਨ ਗਰੁੱਪ ਹਨ- ਬਜਰੰਗ ਦਲ, ਵਿਸ਼ਵ ਹਿੰਦੂ ਪਰਿਸ਼ਦ ਤੇ ਆਰਐੱਸਐੱਸ ਜੋ ਹਿੰਸਾ ਲਈ ਲਠੈਤ, ਜਥੇਬੰਦਕ ਤਾਕਤ ਅਤੇ ਹਿੰਸਾ ਦੀ ਵਾਜਬੀਅਤ ਤੱਕ ਸਾਰਾ ਸਾਮਾਨ ਮੁਹੱਈਆ ਕਰਵਾਉਂਦੇ ਹਨ। ਇਸ ਮੁਕਾਮ 'ਤੇ ਹਿੰਸਾ ਜਸ਼ਨ ਦਾ ਰੂਪ ਧਾਰਨ ਕਰ ਜਾਂਦਾ ਹੈ, ਖਾਸ ਕਰ ਕੇ ਬਜਰੰਗ ਦਲ ਜਿਹੇ ਗਰੁਪਾਂ ਲਈ ਕਿਸਮ ਦਾ ਆਮ ਸਮਾਜੀ ਵਿਹਾਰ ਬਣ ਜਾਂਦਾ ਹੈ। ਇੰਜ ਕਾਮੁਕਤਾ ਵਾਂਗ ਹਿੰਸਾ ਵੀ ਬੰਦੇ ਨੂੰ ਰਾਜਨੀਤੀ ਅਤੇ ਇਤਿਹਾਸ ਦੇ ਵਰਗਾਂ ਤੋਂ ਮੁਕਤ ਕਰ ਦਿੰਦੀ ਹੈ।

ਬੁਲੰਦਸ਼ਹਿਰ ਹਿੰਸਾ ਬਾਰੇ ਬਿਰਤਾਂਤ ਇਕੋ ਸਮੇਂ ਇਸ ਨੂੰ ਐਨ ਅਸਲੀ ਅਤੇ ਰੋਜ਼ਮੱਰਾ ਦੀ ਕਾਰਵਾਈ ਬਣਾ ਕੇ ਪੇਸ਼ ਕਰਦਾ ਹੈ। ਇਹ ਇਕ ਪੱਧਰ 'ਤੇ ਪੁਲੀਸ ਅਫ਼ਸਰ ਦੀ ਮੌਤ 'ਤੇ ਅਫ਼ਸੋਸ ਜਤਾਉਂਦਾ ਹੈ, ਦੂਜਾ ਸੋਗ 'ਚ ਡੁੱਬੇ ਪਰਿਵਾਰ ਦੀ ਤਸਵੀਰ ਦਾ ਗਵਾਹ ਬਣਦਾ ਹੈ ਜਦਕਿ ਇਕ ਹੋਰ ਪੱਧਰ ਦਾ ਪ੍ਰਵਚਨ ਹੁੰਦਾ ਹੈ ਕਿ ਅਫ਼ਸਰ ਅਤੇ ਨਾਗਰਿਕ ਸਭ ਫ਼ਾਨੀ ਹਨ। ਜੇ ਕੋਈ ਬੇਸ਼ਕੀਮਤੀ ਹੈ ਤਾਂ ਉਹ ਗਊ ਦੀ ਕਥਿਤ ਉਤਮਤਾ ਹੈ। ਸੰਦੇਹ ਪੈਦਾ ਕਰਨ ਲਈ ਸਭ ਤੋਂ ਸੌਖਾ ਰਾਹ ਹੈ ਕਿ ਤੁਸੀਂ ਮਰੇ ਹੋਏ ਪਸ਼ੂ ਦਾ ਪਿੰਜਰ ਲਿਆ ਕੇ ਦਿਖਾ ਦਿਓ। ਇਹ ਹਿੰਸਾ ਦਾ ਉਹ ਖੁਸ਼ਨੁਮਾ ਅਹਿਸਾਸ ਹੈ ਜਿਸ ਵਿਚ ਹਜੂਮ ਅਤੇ ਰਾਜ ਆਪੋ ਵਿਚ ਰਲ ਕੇ ਬੇਕਿਰਕ ਸਹਿਮਤੀ ਦਿੰਦੇ ਹਨ। ਤਿੰਨਾਂ ਪੱਧਰਾਂ 'ਤੇ ਹਿੰਦੂਕਰਨ ਮਹਾਂਮਾਰੀ ਵਾਂਗ ਫੈਲਦਾ ਨਜ਼ਰ ਆਉਂਦਾ ਹੈ।

ਹਿੰਸਾ ਦੇ ਸਾਖ਼ਸ਼ਾਤ ਦਰਸ਼ਨਾਂ ਦੇ ਨਾਲੋ-ਨਾਲ ਆਤਮ-ਪੂਜਾ/ ਆਤਮ-ਮੋਹ ਦੇ ਦਰਸ਼ਨ ਵੀ ਕਰਵਾਏ ਜਾਂਦੇ ਹਨ। ਬਜਰੰਗ ਦਲ ਦਾ ਆਗੂ ਯੋਗੇਸ਼ ਰਾਜ ਆਪਣੇ ਮੂੰਹੋਂ ਆਪਣੀ ਮਰਦਾਨਗੀ ਦੇ ਸੋਹਲੇ ਗਾਉਂਦਾ ਨਜ਼ਰ ਆ ਰਿਹਾ ਹੈ। ਇਹ ਮਰਦਾਨਗੀ ਨਿਜ਼ਾਮ ਦੀ ਨਵੀਂ ਤਵੱਕੋ ਬਣ ਗਈ ਹੈ। ਹੁਣ ਇਹ ਮਹਿਜ਼ ਵੋਟ ਨਹੀਂ ਰਹਿ ਗਈ। ਕਤਲ ਤੋਂ ਬਾਅਦ ਉਸ ਦਾ ਇਕਬਾਲ ਕਰਨਾ ਅਤੇ ਫਿਰ ਸੈਲਫੀ ਜਾਂ ਟਵਿਟਰ 'ਤੇ ਹਾਜ਼ਰੀ ਪਾਉਣ ਜਿਹੀਆਂ ਰਸਮਾਂ ਜਿੰਨੀ ਦੇਰ ਤੱਕ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ, ਓਨੀ ਦੇਰ ਤੱਕ ਜ਼ਖ਼ਮੀ ਨਾਗਰਿਕਤਾ ਦੇ ਅਹਿਸਾਸ ਦੀ ਪੂਰਤੀ ਨਹੀਂ ਸਮਝੀ ਜਾਂਦੀ। ਇਸ ਦੇ ਨਾਲ ਬਾਕੀ ਪੀੜਤਾਂ ਨੂੰ ਅੱਛਾ ਖਾਸਾ ਮੁਆਵਜ਼ਾ ਜਾਂ ਨੌਕਰੀ ਦੇ ਕੇ ਪਾਸੇ ਕਰ ਦਿੱਤਾ ਜਾਂਦਾ ਹੈ। ਸ਼ਿਕਾਰ ਹੋਏ ਕਿਸੇ ਨਿੱਕੇ ਮੋਟੇ ਕਾਰਕੂਨ ਦੇ ਵਾਰਸਾਂ ਨੂੰ ਮੁਆਵਜ਼ਾ ਤੇ ਪਰਿਵਾਰ ਦੇ ਜੀਅ ਲਈ ਨੌਕਰੀ ਦਿੱਤੀ ਜਾਂਦੀ ਹੈ। ਦੰਗੇ ਦੇ ਮੁਆਵਜ਼ੇ ਦੀ ਇਹ ਰਸਮ ਜ਼ਿੰਦਗੀ ਦੀ ਤੁੱਛਤਾ ਦਾ ਆਭਾਸ ਕਰਵਾਉਂਦੀ ਹੈ।

ਜਾਂਚ ਦਾ ਭਰੋਸਾ ਦਿੱਤਾ ਜਾਂਦਾ ਹੈ ਪਰ ਹੁਣ ਜਾਂਚ ਵਿਧੀਆਂ ਖੋਖਲੀਆਂ ਬਣ ਕੇ ਰਹਿ ਗਈਆਂ ਹਨ ਜੋ ਲੇਖੇ ਜੋਖੇ, ਜਵਾਬਦੇਹੀ ਅਤੇ ਜ਼ਿੰਮੇਵਾਰੀ ਨੂੰ ਟਾਲਦੀਆਂ ਰਹਿੰ-ਦੀਆਂ ਹਨ। ਹਿੰਸਾ ਦੇ ਸੂਚਕ ਅੰਕ ਦਾ ਤਮਗਾ ਹੁਣ ਆਦਿਤਿਆਨਾਥ ਦੀ ਸੋਭਾ ਵਧਾ ਰਿਹਾ ਹੈ।

ਜਿੱਥੇ ਪਿੰਜਰ ਦੀ ਅਫ਼ਵਾਹ ਫੈਲਣ ਬਾਅਦ ਪੁਲੀਸ ਅਫ਼ਸਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ, ਉਸ ਬੁਲੰਦਸ਼ਹਿਰ ਦੀ ਵਿਹਾਰਕ ਰਿਪੋਰਟ ਨਹੀਂ ਦਿੱਤੀ ਜਾ ਸਕਦੀ। ਮਹਿਜ਼ ਤੱਥਾਂ ਦੀ ਪੇਸ਼ਕਾਰੀ ਘਟਨਾ ਦੀ ਅਸਲੀਅਤ ਬਿਆਨ ਨਹੀਂ ਕਰਦੀ।

ਜਦੋਂ ਵੀ ਕਿਸੇ ਵੱਡਅਕਾਰੀ ਮਿੱਥ ਦੁਆਲੇ ਹਜੂਮੀ ਹਿੰਸਾ ਦੀ ਖੇਡ ਖੇਡੀ ਜਾਂਦੀ ਹੈ ਤਾਂ ਮੋਦੀ, ਰਾਜਨਾਥ ਅਤੇ ਅਦਿਤਿਆਨਾਥ ਦੇ ਰੂਪ ਵਿਚ ਰਾਜ ਮੌਨ ਧਾਰਨ ਲੈਂਦਾ ਹੈ। ਵਿਕਾਸ ਦੇ ਸ਼ਬਦ ਹੁਣ ਨਿਜ਼ਾਮ ਨੂੰ ਪੋਹਣ ਤੋਂ ਹਟ ਗਏ ਹਨ ਪਰ ਇਸ ਦੀ ਥਾਂ ਹਿੰਸਾ ਦੇ ਤਰਕ ਨੇ ਲੈ ਲਈ ਹੈ। ਨਿਜ਼ਾਮ ਜਾਣਦਾ ਹੈ ਕਿ ਇਤਿਹਾਸ ਦੁਬਾਰਾ ਲਿਖ ਕੇ ਹਿੰਸਾ ਨੂੰ ਛੂ-ਮੰਤਰ ਕੀਤਾ ਜਾ ਸਕਦਾ ਹੈ। ਜਾਂਚ ਪੜਤਾਲਾਂ ਵੀ ਇਸ ਦਾ ਇਕ ਹੋਰ ਤਰੀਕਾਕਾਰ ਹਨ।

ਬਹਰਹਾਲ, ਮੀਡੀਆ ਇਨਸਾਨੀ ਦਿਲਚਸਪੀ ਵਿਚ ਵਾਧਾ ਕਰਦਾ ਰਹੇਗਾ ਅਤੇ ਇਹੋ ਜਿਹੇ ਤੱਥ ਉਭਾਰਦਾ ਰਹੇਗਾ ਕਿ ਮਾਰਿਆ ਗਿਆ ਇੰਸਪੈਕਟਰ ਸੁਬੋਧ ਕੁਮਾਰ ਸਿੰਘ, ਅਖ਼ਲਾਕ ਕੇਸ ਦਾ ਤਫ਼ਤੀਸ਼ੀ ਅਫ਼ਸਰ ਸੀ। ਉੱਤਰ ਪ੍ਰਦੇਸ਼ ਸਰਕਾਰ 50 ਲੱਖ ਰੁਪਏ ਦਾ ਗੱਫਾ ਦੇ ਕੇ ਸਭ ਕੁਝ ਸਾਫ਼ ਕਰ ਦੇਵੇਗੀ। ਇੰਜ, ਬੁਲੰਦਸ਼ਹਿਰ ਦੀ ਇਹ ਘਿਨਾਉਣੀ ਗਾਥਾ ਤਮਾਮ ਹੁੰਦੀ ਹੈ।

# ਰਣਵੀਰ ਸਿੰਘ ਨੇ ਰਹਿਤ ਮਰਿਆਦਾ ਉਲੰਘੀ ਜਾਂ ਆਦਰ ਕੀਤਾ?

ਹਾਲ ਹੀ ਵਿਚ ਸੁਣਿਆ ਕਿ ਦੋ ਵੱਡੀਆਂ ਅਤੇ ਮਸ਼ਹੂਰ ਫ਼ਿਲਮੀ ਹਸਤੀਆਂ ਦੀਪਿਕਾ ਪਾਦੂਕੋਣ ਅਤੇ ਰਣਵੀਰ ਸਿੰਘ ਦੀ ਵਿਆਹ ਦੀ ਰਸਮ ਇਟਲੀ ਵਿਚ ਕਿਸੇ ਹੋਟਲ ਦੇ ਹਾਲ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਪੰਨ ਹੋਈ। ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਅਤੇ ਪੱਕੇ ਰਾਗੀ ਭਾਈ ਨਰਿੰਦਰ ਸਿੰਘ ਬਨਾਰਸੀ ਨੇ ਅਨੰਦ ਕਾਰਜ ਦੀ ਰਸਮ ਸਮੇਂ ਕੀਰਤਨ ਦੀ ਸੇਵਾ ਨਿਭਾਈ। ਇਹ ਗੱਲ ਸਿੱਖ ਸਮਾਜ ਲਈ ਵੱਡੇ ਮਾਣ ਵਾਲੀ ਹੈ ਕਿ ਮਸ਼ਹੂਰੀ ਦੀ ਬੁਲੰਦੀ 'ਤੇ ਪੁੱਜ ਕੇ ਵੀ ਕੋਈ ਆਪਣੇ ਵਿਰਸੇ ਦਾ ਆਦਰ ਕਰਦਾ ਹੈ। ਨਹੀਂ ਤਾਂ ਲੋਕੀਂ ਮਾੜੀ ਜਿਹੀ ਮਸ਼ਹੂਰੀ ਹੋਣ 'ਤੇ ਹੀ ਆਪਣਾ ਸਦੀਆਂ ਪੁਰਾਣਾ ਵਿਰਸਾ ਵਿਸਾਰ ਦਿੰਦੇ ਹਨ।

ਰਣਵੀਰ ਸਿੰਘ ਸਿੰਧੀ ਸਿੱਖ ਪਰਿਵਾਰ ਵਿਚੋਂ ਹੈ ਜਿਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਥਾਹ ਸ਼ਰਧਾ ਅਤੇ ਅਟੱਲ ਵਿਸ਼ਵਾਸ ਹੈ। ਉਸ ਪਰਿਵਾਰ ਦੀ ਹਰ ਰਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਹਜ਼ੂਰੀ ਵਿਚ ਹੀ ਸਪੰਨ ਹੁੰਦੀ ਹੈ। ਸਿੰਧੀ ਸਿੱਖਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਰਧਾ ਅਤੇ ਉਨ੍ਹਾਂ ਦੇ ਵਿਸ਼ਵਾਸ ਦੀ ਲੋਕ ਅਕਸਰ ਮਿਸਾਲ ਦਿੰਦੇ ਹਨ।

ਕੁਝ ਸਿੱਖਾਂ ਨੇ ਵਾਵੇਲਾ ਜਿਹਾ ਮਚਾ ਦਿੱਤਾ ਹੈ ਕਿ ਇਸ ਵਿਆਹ ਮੌਕੇ ਮਰਿਆਦਾ ਦੀ ਉਲੰਘਣਾ ਹੋਈ ਹੈ। ਜਲਦਬਾਜ਼ੀ ਵਿਚ ਪੱਤਰਕਾਰਾਂ ਨੇ ਬਿਨਾਂ ਵਿਚਾਰ ਚਰਚਾ ਕੀਤੇ ਖ਼ਬਰਾਂ ਛਾਪ ਦਿੱਤੀਆਂ। ਇਸ ਨਾਲ ਇਹ ਮਾਮਲਾ ਭਖ ਗਿਆ।

ਮੈਂ ਸਮਝਣਾ ਚਾਹਿਆ ਕਿ ਇਸ ਵਿਆਹ ਸਮੇਂ ਮਰਿਆਦਾ ਦੀ ਉਲੰਘਣਾ ਕਿਵੇਂ ਹੋਈ? ਮੈਂ ਸ਼੍ਰੋਮਣੀ ਕਮੇਟੀ ਦੀ ਰਹਿਤ ਮਰਿਆਦਾ ਪੜ੍ਹੀ, ਜਿਸ ਵਿਚ 'ਅਨੰਦ ਸੰਸਕਾਰ' ਅਧਿਆਇ ਵਿਚ ਪੰਨਾ 22 'ਤੇ ਸਪੱਸ਼ਟ ਲਿਖਿਆ ਹੈ ਕਿ 'ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।' ਮੈਨੂੰ ਲੱਗਾ ਕਿ ਸ਼ਾਇਦ ਇਨ੍ਹਾਂ ਨੇ ਵਿਆਹ ਦੇ ਮਾਮਲੇ ਵਿਚ ਜਾਤ ਗੋਤ ਦਾ ਵਿਚਾਰ ਕਰਕੇ ਰਹਿਤ ਮਰਿਆਦਾ ਦੀ ਉਲੰਘਣਾ ਕੀਤੀ ਹੋਵੇਗੀ, ਬਲਕਿ ਇਹ ਉਲੰਘਣਾ ਤਾਂ ਹਰੇਕ ਸਿੱਖ ਵਿਆਹ ਸਮੇਂ ਹੁੰਦੀ ਹੈ। ਇਹ ਉਲੰਘਣਾ ਤਾਂ ਹੁਣ ਉਲੰਘਣਾ ਨਹੀਂ ਰਹੀ, ਬਲਕਿ 'ਮਾਡਰਨ' ਸਿੱਖ ਰਹਿਤ ਮਰਿਆਦਾ ਦਾ 'ਲਾਜ਼ਮੀ' ਅੰਗ ਬਣ ਚੁੱਕੀ ਹੈ। ਫਿਰ ਜਦੋਂ ਮੈਂ ਪਤਾ ਕੀਤਾ ਤਾਂ ਹੈਰਾਨ ਰਹਿ ਗਿਆ ਕਿ ਇਨ੍ਹਾਂ ਦਾ ਵਿਆਹ ਤਾਂ ਪੂਰਨ ਅਤੇ ਪੁਰਾਤਨ ਰਹਿਤ ਮਰਿਆਦਾ ਅਨੁਸਾਰ ਹੋਇਆ ਹੈ ਕਿਉਂਕਿ ਇਨ੍ਹਾਂ ਨੇ ਜਾਤ ਗੋਤ ਦੀ ਵਿਚਾਰ ਬਿਲਕੁਲ ਹੀ ਨਹੀਂ ਕੀਤੀ। ਬਾਕੀ ਰਹਿਤ ਮਰਿਆਦਾ ਵਿਚ ਕੁਝ ਵੀ ਅਜਿਹਾ ਨਹੀਂ ਲਿਖਿਆ ਜਿਸਦਾ ਪਾਲਣ ਇਸ ਵਿਆਹ ਸਮੇਂ ਨਾ ਹੋਇਆ ਹੋਵੇ। ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਸਾਹਿਬਾਨ ਤੋਂ ਵਧੇਰੇ ਰਹਿਤ ਮਰਿਆਦਾ ਦੀ ਜਾਣਕਾਰੀ ਕਿਸਨੂੰ ਹੋ ਸਕਦੀ ਹੈ!



ਮੇਰੇ ਖ਼ਿਆਲ ਵਿਚ ਇਹ ਇਕੋ ਇਕ ਵਿਆਹ ਅਜਿਹਾ ਹੋਇਆ ਹੈ ਜਿਸਨੂੰ ਗੁਰ ਮਰਿਆਦਾ ਅਨੁਸਾਰ ਸਮਝਿਆ ਜਾ ਸਕਦਾ ਹੈ। ਇਸ ਬਾਬਤ ਨਘੋਚਾਂ ਕੱਢਣੀਆਂ ਸਾਡੇ ਘਟੀਆ ਰਵੱਈਏ ਦੀ ਹੀ ਪ੍ਰਦਰਸ਼ਨੀ ਹੈ। ਸਾਨੂੰ ਇਸ ਤੋਂ ਬਾਜ ਆਉਣ ਦੀ ਜ਼ਰੂਰਤ ਹੈ। ਨਹੀਂ ਤਾਂ ਸਿੱਖੀ ਦਾ ਵਿਸ਼ਾਲ ਰੁੱਖ ਰੁੰਡ ਮਰੁੰਡ ਹੋ ਜਾਵੇਗਾ। ਛਾਂਗੇ ਹੋਏ ਰੁੱਖ 'ਤੇ ਕੋਈ ਪੰਛੀ ਆਲ੍ਹਣਾ ਨਹੀਂ ਬਣਾਉਂਦਾ।

ਮੈਂ ਕਈਆਂ ਨੂੰ ਪੁੱਛਿਆ ਕਿ ਆਖਰ ਇਸ ਵਿਆਹ 'ਚ ਕੀ ਗ਼ਲਤ ਹੋ ਗਿਆ? ਇਕ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਹੋਟਲ 'ਚ ਨਹੀਂ ਜਾਣਾ ਚਾਹੀਦਾ, ਇਸ ਨਾਲ 'ਮਹਾਰਾਜ ਦੀ ਬੇਅਦਬੀ ਹੁੰਦੀ ਹੈ'। ਕਹਿੰਦੇ ਅਜਿਹਾ ਜਥੇਦਾਰ ਦਾ ਬਿਆਨ ਆਇਆ ਸੀ ਕਿ ਮਹਾਰਾਜ ਦਾ ਸਰੂਪ ਮੈਰਿਜ ਪੈਲੇਸਾਂ 'ਚ ਨਾ ਲੈਜਾਇਆ ਜਾਵੇ। ਜਥੇਦਾਰ ਦਾ ਫ਼ਰਜ਼ ਹੈ ਕਿ ਪੁਰਾਤਨ ਮਰਿਆਦਾ ਦਾ ਪਾਲਣ ਕਰਨਾ ਤੇ ਕਰਾਉਣਾ। ਜਥੇਦਾਰ ਨਵੀਂ ਮਰਿਆਦਾ ਨਹੀਂ ਬਣਾ ਸਕਦਾ। ਮਰਿਆਦਾ ਪੰਥ ਬਣਾਉਂਦਾ ਹੈ। ਸਿਰਫ਼ ਪੰਥ ਹੀ ਗੁਰੂ ਦਾ ਹਮਰੁਤਬਾ ਹੈ, ਜਥੇਦਾਰ ਨਹੀਂ। ਜਥੇਦਾਰ ਤਾਂ ਪੰਥ ਵੱਲੋਂ ਨਿਰਮਤ ਕੀਤੇ ਨੇਮਾਂ ਦੀ ਦੇਖ ਰੇਖ ਕਰਦਾ ਹੈ। ਜਥੇਦਾਰ ਤਾਨਾਸ਼ਾਹ ਨਹੀਂ, ਬਲਕਿ ਪੰਥ ਦਾ ਸੇਵਕ ਹੈ। ਮਰਿਆਦਾ ਵਿਚ ਸੋਧ ਕਰਨ ਲਈ ਸਮੂਹ ਪੰਥ ਹੀ ਸਮਰੱਥ ਹੈ। ਜਥੇਦਾਰ ਉਸਦਾ ਐਲਾਨ ਕਰਦਾ ਹੈ। ਜਥੇਦਾਰ ਦੇ ਐਲਾਨ ਦੀ ਕੋਈ ਸਮਾਂ ਸੀਮਾ ਹੋਣੀ ਲਾਜ਼ਮੀ ਹੈ। ਜਾਂ ਤੇ ਉਹ ਛੇ ਮਹੀਨੇ ਜਾਂ ਸਾਲ ਬਾਅਦ ਖਾਰਜ ਹੋ ਜਾਵੇ ਜਾਂ ਰਹਿਤ ਮਰਿਆਦਾ ਵਿਚ ਜੋੜ ਦਿੱਤੀ ਜਾਵੇ। ਅਸੀਂ ਜਾਣਦੇ ਹਾਂ ਕਿ ਸਾਡੀ ਰਹਿਤ ਮਰਿਆਦਾ ਵਿਚ ਕਦੀ ਕੋਈ ਸੋਧ ਨਹੀਂ ਹੋਈ, ਨਾ ਹੀ ਕਦੀ ਕੁਝ ਕੱਢਿਆ ਗਿਆ ਹੈ ਤੇ ਨਾ ਕੁਝ ਪਾਇਆ ਗਿਆ ਹੈ।

ਬਾਣੀ ਵਿਚ ਆਇਆ ਹੈ: ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ।। ਮਹਾਰਾਜ ਦੀ ਬਾਣੀ ਤੋਂ ਉੱਪਰ ਕੋਈ ਰਹਿਤ ਮਰਿਆਦਾ ਨਹੀਂ ਹੈ। ਕਿਸੇ ਦੇ ਵਿਆਹ ਦਾ ਚਾਅ ਕਿਰਕਰਾ ਕਰਨਾ ਸਹੀ ਨਹੀਂ ਹੈ। ਅਜਿਹੇ ਉਪੱਦਰ ਨਾ ਬਖ਼ਸ਼ਣਯੋਗ ਹਨ। ਗੁਰੂ ਦੇ ਓਟ ਆਸਰੇ ਜਾਂ ਸ਼ਰਨ ਵਿਚ ਆਏ ਕਿਸੇ ਵੀ ਪ੍ਰਾਣੀ ਦਾ ਸਤਿਕਾਰ ਕਰਨਾ ਸਾਡਾ ਫ਼ਰਜ਼ ਹੈ। ਅਜਿਹੇ ਕਿਸੇ ਪ੍ਰਾਣੀ ਦਾ ਤ੍ਰਿਸਕਾਰ ਕਰਕੇ ਅਸੀਂ ਆਪਣਾ ਮੁੱਖ ਗੁਰੂ ਅੱਗੇ ਨਹੀਂ ਲਿਜਾ ਸਕਦੇ। ਅਜਿਹੇ ਗੁਰੂ ਦੋਖੀਆਂ ਤੋਂ ਸਾਨੂੰ ਖ਼ਬਰਦਾਰ ਰਹਿਣਾ ਚਾਹੀਦਾ ਹੈ ਕਿਉਂਕਿ ਪਹਿਲਾਂ ਹੀ ਸਾਡਾ ਬਹੁਤ ਨੁਕਸਾਨ ਹੋ ਚੁੱਕਾ ਹੈ।

# ਅਕਾਲ ਤਖ਼ਤ ਸਾਹਿਬ ਨੂੰ ਅਪਹਰਣ ਹੋ ਜਾਣ ਦੀਆਂ ਸੰਭਾਵਨਾਵਾਂ ਤੋਂ ਕਿਵੇਂ ਬਚਾਇਆ ਜਾਵੇ?

(ਸਫ਼ਾ 19 ਦੀ ਬਾਕੀ)

ਪ੍ਰਸੰਗ ਵਿਚ ਨਾ ਕੀਤੀ ਗਈ ਤਾਂ ਇਸ ਅਣਗਹਿਲੀ ਨਾਲ ਹੋਰ ਉਲਝਾ ਵੀ ਪੈਦਾ ਹੋ ਸਕਦੇ ਹਨ ਅਤੇ ਇਨ੍ਹਾਂ ਉਲਝਾਵਾਂ ਵਿਚ ਇਹ ਗੱਲਾਂ ਸ਼ਾਮਲ ਹੋ ਜਾਣਗੀਆਂ :

* ਜਥੇਦਾਰ ਨੂੰ 'ਹੈਡ ਗ੍ਰੰਥੀ' ਨਾਲ ਰਲਗੱਡ ਕਰਕੇ ਤਖ਼ਤਾਂ ਦੀ ਮਾਨ ਮਰਿਯਾਦਾ ਬਾਰੇ ਘਚੋਲਾ ਪਿਆ ਰਹੇਗਾ ਅਤੇ ਇਸ ਦਾ ਸਿਆਸਤਦਾਨ ਬੇਲੋੜਾ ਸਿਆਸੀ ਲਾਭ ਲੈਂਦੇ ਰਹਿਣਗੇ।
* ਪੰਥਕ ਮਾਨਸਿਕਤਾ ਵਿੱਚ ਤਖ਼ਤਾਂ ਦੀ ਸਦਾ ਤਾਜ਼ੀ ਸੁਤੰਤਰ ਹਸਤੀ ਸਥਾਪਿਤ ਨਹੀਂ ਕੀਤੀ ਜਾ ਸਕੇਗੀ।
* ਤਖ਼ਤਾਂ ਦੇ ਮੂਲ ਸਰੋਕਾਰਾਂ ਵਿੱਚ ਇਹ ਗੱਲਾਂ ਸ਼ਾਮਲ ਹਨ:

(ੳ) ਸਰਬੱਤ ਖਾਲਸਾ ਅ. ਗੁਰਮਤਾ ੲ. ਹੁਕਮਨਾਮਾ ਪਰੰਪਰਾ ਅਨੁਸਾਰ ਇਹ ਤਿੰਨੋਂ ਹੀ ਅਕਾਲ ਤਖ਼ਤ ਸਾਹਿਬ ਤੋਂ ਸੰਭਵ ਹੁੰਦੇ ਰਹੇ ਹਨ ਅਤੇ ਇਸ ਨਾਤੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੁਪਰੀਮ ਮੰਨਿਆ ਜਾਂਦਾ ਰਿਹਾ ਹੈ। ਵਰਤਮਾਨ ਵਿੱਚ ਅਕਾਲ ਤਖ਼ਤ ਸਾਹਿਬ ਹੀ ਕਟਿਹਰੇ ਵਿੱਚ ਆ ਗਿਆ ਹੈ ਤਾਂ ਤਖ਼ਤਾਂ ਬਾਰੇ ਗੁਰਦੁਆਰਾ ਐਕਟ ਨੂੰ ਸਪੱਸ਼ਟ ਕਰਕੇ ਅਜਿਹਾ ਫੈਸਲਾ ਲਏ ਜਾਣ ਦੀ ਲੋੜ ਹੈ, ਜਿਹੜਾ ਸਿੱਖ ਸਿਧਾਂਤ, ਸਿੱਖ ਇਤਿਹਾਸ ਅਤੇ ਸਿੱਖ ਪਰੰਪਰਾਵਾਂ ਨਾਲ ਮੇਲ ਖਾਂਦਾ ਹੋਵੇ।

* ਕਿਹਾ ਇਹ ਜਾ ਰਿਹਾ ਹੈ ਕਿ 'ਮਨਿਸਟਰ' ਜਾਂ 'ਹੈਡ ਮਨਿਸਟਰ' ਦਾ ਸੰਬੰਧ ਨੋਟੀਫਾਈਡ ਗੁਰਦਵਾਰੇ ਨਾਲ ਹੈ ਅਤੇ ਕੋਈ ਵੀ ਤਖ਼ਤ ਨੋਟੀਫਾਈਡ ਗੁਰਦੁਆਰਾ ਨਹੀਂ ਹੈ ਅਤੇ ਨਾ ਹੀ ਤਖ਼ਤਾਂ ਦੇ ਜਥੇਦਾਰ, ਗ੍ਰੰਥੀ ਦੀ ਭੂਮਿਕਾ ਨਿਭਾਉਂਦੇ ਹਨ। ਸਾਰੇ ਹੀ ਤਖ਼ਤਾਂ ਕੋਲ ਗ੍ਰੰਥੀ ਵੱਖਰੇ ਤੌਰ 'ਤੇ ਹਨ ਅਤੇ ਉਹ ਗੁਰਦੁਆਰਾ ਕਮੇਟੀਆਂ ਦੇ ਤਨਖਾਹਦਾਰ ਮੁਲਾਜ਼ਮ ਹਨ। ਇਨ੍ਹਾਂ ਤਨਖਾਹਦਾਰ ਮੁਲਾਜ਼ਮਾਂ ਦਾ ਢਾਂਚਾ ਸਿੱਧੇ ਤੌਰ 'ਤੇ ਜਥੇਦਾਰਾਂ 'ਤੇ ਲਾਗੂ ਕਰਨ ਨਾਲ ਤਖ਼ਤ ਸਾਹਿਬਾਨ ਦੀ ਸੁਤੰਤਰਤਾ ਬਾਰੇ ਕਿੰਤੂ ਪ੍ਰੰਤੂ ਪੈਦਾ ਹੋ ਜਾਣਗੇ। ਇਸ ਵੇਲੇ ਦਾ ਵਰਤਾਰਾ ਵੀ ਇਹੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦਾ ਹੁਕਮ ਤਾਂ ਪੰਜਾਬ (ਵਰਤਮਾਨ), ਹਰਿਆਣਾ ਅਤੇ ਹਿਮਾਚਲ ਵਿੱਚ ਹੀ ਚਲਦਾ ਹੈ, ਪਰ ਜਥੇਦਾਰ ਅਕਾਲ ਤਖ਼ਤ ਸਾਹਿਬ ਦਾ ਹੁਕਮ ਉਨ੍ਹਾਂ ਸਾਰੇ ਸਿੱਖਾਂ 'ਤੇ ਲਾਗੂ ਹੁੰਦਾ ਹੈ, ਜਿਨ੍ਹਾਂ ਦਾ ਵਿਸ਼ਵਾਸ ਸਿੱਖ ਧਰਮ ਵਿੱਚ ਬਣਿਆ ਹੋਇਆ ਹੈ। ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਰਹਿ ਰਹੇ ਹਨ। ਇਸ ਤਰ੍ਹਾਂ ਗੁਰਦੁਆਰਾ ਐਕਟ ਅਧੀਨ ਬਣੀ ਹੋਈ ਸ਼੍ਰੋਮਣੀ ਕਮੇਟੀ, ਜਥੇਦਾਰ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਲੈ ਕੇ, ਸਿੱਖ ਸਿਧਾਂਤ ਅਤੇ ਪਰੰਪਰਾਵਾਂ ਨੂੰ ਸੰਗੋੜਨ ਵਿੱਚ ਤਾਂ ਹਿੱਸਾ ਪਾ ਸਕਦੀ ਹੈ ਪਰ ਵਿਸਥਾਰਨ ਦੇ ਕਾਰਜ ਵਿੱਚ ਹਿੱਸਾ ਨਹੀਂ ਪਾ ਸਕਦੀ। ਐਕਟ ੧੯੨੫ ਦੇ ਘਾੜਿਆਂ ਨੂੰ ਇਸ ਗੱਲ ਦਾ ਅਹਿਸਾਸ ਸੀ ਅਤੇ ਇਸੇ ਲਈ ਜਥੇਦਾਰੀ ਦੀ ਸੰਸਥਾ ਨੂੰ ਐਕਟ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ, ਜਿਸ ਦਾ ਮੈਂ ਵੀ ਮੈਂਬਰ ਸੀ, ਆਪਣੀ ਫਤਿਹਗੜ੍ਹ ਸਾਹਿਬ ਵਿਖੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਹੇਠ ਆਖਰੀ ਮੀਟਿੰਗ (ਲੜਾਈ ਤੋਂ ਪਹਿਲਾਂ) ਮਤਾ ਪਾਸ ਕੀਤਾ ਸੀ ਕਿ ਜਥੇਦਾਰੀ ਦੀ ਸੰਸਥਾ ਐਕਟ ਦੇ ਘੇਰੇ ਵਿੱਚ ਨਹੀਂ ਹੈ। ਇਸ ਦੀ ਕਾਰਵਾਈ ਦੀ ਪੁਸ਼ਟੀ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਦਫ਼ਤਰ ਵਿੱਚ ਬੀਬੀ ਜਗੀਰ ਕੌਰ ਦੀ ਪ੍ਰਧਾਨਗੀ ਵਿੱਚ ਹੋ ਗਈ ਸੀ।

* ਨੁਕਤਿਆਂ ਵਿੱਚ ਵਿਚਾਰਯੋਗ ਮਸਲੇ ਇਹ ਹੋ ਸਕਦੇ ਹਨ:
* ਜਥੇਦਾਰੀ ਦੀ ਸੰਸਥਾ ਨਾਲ ਜੁੜੇ ਹੋਏ ਨੁਕਤਿਆਂ ਵਿੱਚੋਂ ਸਭ ਤੋਂ ਪਹਿਲਾਂ ਇਹ ਵਿਚਾਰੇ ਜਾਣ ਦੀ ਲੋੜ ਹੈ ਕਿ ਵਿਰਾਸਤ ਵਿੱਚ ਪ੍ਰਾਪਤ ਕੀ ਹੈ, ਇਸ ਵਿੱਚੋਂ ਲਿਆ ਕੀ ਹੈ ਅਤੇ ਛੱਡਿਆ ਕੀ ਹੈ? ਵਿਰਾਸਤ ਵਿੱਚ ਅਕਾਲ ਤਖ਼ਤ ਸਾਹਿਬ ਸਿੱਖ ਸੰਘਰਸ਼ ਅਤੇ ਪ੍ਰੇਰਨਾ ਦਾ ਸਰੋਤ ਹੈ। ਮਿਲ ਗਿਆ ਹੈ ਗੁਰਦੁਆਰਾ ਐਕਟ 1925 ਅਤੇ ਛੱਡ ਲਿਆ ਹੈ ਪਰੰਪਰਾ ਦੀ ਨੈਤਿਕਤਾ ਨੂੰ।
* ਜਥੇਦਾਰਾਂ ਦੀਆਂ ਨਿਯੁਕਤੀਆਂ ਦੇ ਪੈਟਰਨ, ਪੈਂਤੜੇ ਅਤੇ ਸਾਖ ਨਾਲ ਸੰਤੁਸ਼ਟ ਹੋਣਾ ਦਿਨੋਂ-ਦਿਨ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਹੁਣ ਤੱਕ ਅਕਾਲੀ ਪਿਛੋਕੜ ਵਾਲੇ ਜਥੇਦਾਰ ਅਤੇ ਗ੍ਰੰਥੀ ਪਿਛੋਕੜ ਵਾਲੇ ਜਥੇਦਾਰ ਲੋੜੀਂਦੀ ਭੂਮਿਕਾ ਨਿਭਾਉਂਦੇ ਰਹੇ ਹਨ। ਪਰ ਹਾਲਾਤ ਸੁਧਰਨ ਦੀ ਥਾਂ ਵਿਗੜੇ ਹੀ ਹਨ।
* ਅਕਾਲ ਤਖ਼ਤ ਸਾਹਿਬ ਨੂੰ ਸਿਆਸੀ ਮੋਹਰੇ ਵਜੋਂ ਵਰਤੇ ਜਾਣ ਦੀ ਸਿਆਸਤ ਨਾਲ ਆਮ ਸਿੱਖ ਲਈ ਪੈਦਾ ਹੋ ਗਏ ਬੰਧੂਆ ਸਰੋਕਾਰ, ਸਿੱਖਾਂ ਅਤੇ ਸਿੱਖ ਸੰਸਥਾਵਾਂ ਵਿਚਕਾਰ ਤਣਾਉ ਪੈਦਾ ਕਰ ਰਹੇ ਹਨ।
* ਅਰਥਾਂ ਦੀ ਰਾਜਨੀਤੀ ਦੇ ਬੋਲਬਾਲੇ ਨਾਲ ਕੋਮਲ ਸਿੱਖ ਮਾਨਸਿਕਤਾ ਭਰਮ ਮੂਲਕ ਕਰਮਾਂ ਅਤੇ ਅਗਿਆਨ ਕਲਪਿਤ ਬੰਧਨਾ ਵੱਲ ਤੁਰ ਪਈ ਹੈ। ਅਰਥਾਂ ਦੀ ਰਾਜਨੀਤੀ ਵਿੱਚ ਵੋਟ-ਬੈਂਕ ਦੀ ਰਾਜਨੀਤੀ ਵਾਂਗ ਹੀ, ਧਰਮ ਦੀ ਆੜ ਵਿੱਚ ਸਿਮਰਨ, ਕੀਰਤਨ ਅਤੇ ਅੰਮ੍ਰਿਤ ਦੀ ਰਾਜਨੀਤੀ ਵੀ ਸ਼ਾਮਲ ਹੋ ਗਈ ਹੈ। ਇਸ ਨਾਲ-ਨਾਲ ਜਲਸੇ-ਜਲੂਸਾਂ ਦੀ ਰਾਜਨੀਤੀ ਨੇ ਪਵਿੱਤਰ ਸਰੋਕਾਰਾਂ ਦੇ ਮੰਡੀਕਰਨ ਦੀਆਂ ਸੰਭਾਵਨਾਵਾਂ ਪੈਦਾ ਕਰ ਦਿੱਤੀਆਂ ਹਨ।
* ਕੁੱਝ ਕਰ ਸਕਣ ਦੀ ਇੱਛਾ ਅਤੇ ਕੁੱਝ ਕਰ ਗੁਜ਼ਰਨ ਦੀ ਮਾਨਸਿਕਤਾ ਪੈਦਾ ਕਰਨ ਲਈ ਇਹ ਮੁੱਢਲੀਆਂ ਲੋੜਾਂ ਹੋ ਸਕਦੀਆਂ ਹਨ:
* ਆਮ ਆਦਮੀ ਦੇ ਵਰਤਮਾਨ ਯੁੱਗ ਵਿੱਚ, ਆਮ ਸਿੱਖ ਤੱਕ ਧਰਮ ਦੇ ਮਾਧਿਅਮ ਰਾਹੀਂ ਪਹੁੰਚਿਆ ਜਾਵੇ ਅਤੇ ਇਹ ਚੇਤਨਤ ਪ੍ਰਚੰਡ ਕੀਤਾ ਜਾਵੇ ਕਿ ਧਰਮ ਅਤੇ ਸਿਆਸਤ ਵਿੱਚੋਂ ਕਿਸੇ ਇੱਕ ਨਾਲ ਹੀ ਨਿਭਿਆ ਜਾ ਸਕਦਾ ਹੈ।
* ਭਾਸ਼ਣ ਕਲਾ ਨਾਲ ਜਜ਼ਬਾਤੀ ਸ਼ੋਸ਼ਣ ਦੇ ਤਲਿੱਸਮੀ ਸਰੋਕਾਰਾਂ, ਸਮਾਜ ਦੇ ਸਿਆਸੀਕਰਨ ਅਤੇ ਧਰਮ ਦੇ ਵਿਉਪਾਰੀਕਰਨ ਤੋਂ ਆਪ ਬਚਿਆ ਜਾਵੇ ਅਤੇ ਹੋਰਨਾਂ ਨੂੰ ਬਚਾਉਣ ਦੀ ਲਹਿਰ ਪੈਦਾ ਕੀਤੀ ਜਾਵੇ।
* ਇਹ ਸਚਾਈ ਆਮ ਸਿੱਖ ਦੀ ਸੋਚ ਦਾ ਹਿੱਸਾ ਬਣਾਈ ਜਾਵੇ ਕਿ ਸਿੱਖੀ ਵਿੱਚ ਅਹੁਦਿਆਂ ਦੇ ਅਧਿਕਾਰ ਨੂੰ ਮਾਨਤਾ ਨਹੀਂ ਦਿੱਤੀ ਗਈ ਅਤੇ ਇਸ ਦੀ ਥਾਂ ਜ਼ਿੰਮੇਵਾਰੀਆਂ ਦੀ ਨੈਤਿਕਤਾ ਨੂੰ ਹੀ ਮਾਨਤਾ ਦਿੱਤੀ ਗਈ ਹੈ।
* ਰਾਏ ਦੇ ਵਿਰੋਧ ਨੂੰ ਨਾਲ ਲੈ ਕੇ ਤੁਰਨ ਦੀ ਸਿੱਖ ਸਹਿਜ ਵਿਧੀ ਅਪਣਾਈ ਜਾਵੇ।
* ਸਿਆਸੀ ਮੁੱਦਿਆਂ ਅਤੇ ਧਾਰਮਿਕ ਮੁੱਦਿਆਂ ਵਿੱਚ ਨਿਖੇੜਾ ਕਰ ਸਕਣ ਲਈ ਸੰਵਾਦ ਰਚਾਉਣ ਦੇ ਅਵਸਰ ਪੈਦਾ ਕੀਤੇ ਜਾਣ।
* ਸਿੱਖਾਂ ਨੂੰ ਸਿੱਖਾਂ ਤੋਂ ਬਚਾਉਣ ਲਈ ਸਹਿਮਤੀ ਪੈਦਾ ਕਰਨ ਦੇ ਯਤਨ ਕੀਤੇ ਜਾਣ ਅਤੇ ਉਲਾਰ ਰਾਜਨੀਤੀ ਨਾਲ ਪੈਦਾ ਹੋਣ ਵਾਲੇ ਹੰਕਾਰੀ ਸਰੋਕਾਰਾਂ ਤੋਂ ਬਚਣ ਦੇ ਯਤਨ ਕੀਤੇ ਜਾਣ।
* ਤਖ਼ਤਾਂ ਦੇ ਜਥੇਦਾਰਾਂ ਦੀ ਚੋਣ ਵਿਧੀ, ਅਵਧੀ ਅਤੇ ਸੇਵਾ ਸ਼ਰਤਾਂ ਬਾਰੇ ਪਹਿਲਾਂ ਕਮੇਟੀ ਬਣਾਕੇ ਸਹਿਮਤੀ ਦਸਤਾਵੇਜ਼ ਤਿਆਰ ਕੀਤਾ ਜਾਵੇ ਅਤੇ ਫਿਰ ਚੋਣਵੇਂ ਚੇਤੰਨ ਸਿੱਖ ਇਸ ਬਾਰੇ ਇਕੱਠੇ ਵਿਚਾਰ ਕਰਨ।

ਪਰਵਾਨ ਕੀਤੇ ਦਸਤਾਵੇਜ਼ ਬਾਰੇ ਪਹਿਲਾਂ ਖੁੱਲ੍ਹੀ ਬਹਿਸ ਕਰਵਾਈ ਜਾਵੇ ਅਤੇ ਫਿਰ ਅਕਾਲ ਤਖ਼ਤ ਸਾਹਿਬ 'ਤੇ ਇਕੱਠਿਆਂ ਬੈਠ ਕੇ ਗੁਰਮਤੇ ਵਜੋਂ ਪਰਵਾਨ ਕੀਤਾ ਜਾਵੇ।

* ਮੀਡੀਆ ਤ੍ਰਿਸ਼ਨਾ ਤੋਂ ਬਚੇ ਬਗ਼ੈਰ, ਇਸ ਸਭ ਕਾਸੇ ਲਈ ਲੋੜੀਂਦਾ ਸਬਰ, ਸੰਤੋਖ ਅਤੇ ਸਹਿਜ ਬਣਾਈ ਰੱਖਣਾ ਔਖਾ ਲੱਗਦਾ ਹੈ।
* ਸਾਰੀਆਂ ਕੋਸ਼ਿਸ਼ਾਂ ਸਮੇਂ ਦੇ ਹਾਣ ਦਾ ਜਥੇਦਾਰ ਤਲਾਸ਼ਣ ਲਈ ਹੀ ਹੋਣੀਆਂ ਚਾਹੀਦੀਆਂ ਹਨ। ਜਥੇਦਾਰ ਨੂੰ ਨੈਤਿਕ ਸਰਪ੍ਰਸਤੀ ਅਧੀਨ, ਹਰ ਉਸ ਸਿੱਖ ਦੀਆਂ ਧਾਰਮਿਕ ਲੋੜਾਂ ਦਾ ਖ਼ਿਆਲ ਰੱਖਣਾ ਹੋਵੇਗਾ ਜਿਨ੍ਹਾਂ ਦਾ ਅਕਾਲ ਤਖ਼ਤ ਸਾਹਿਬ ਵਿੱਚ ਵਿਸ਼ਵਾਸ ਹੈ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com



# ਆਜ਼ਾਦ ਭਾਰਤ 'ਚ ਰਾਜਨੀਤੀ ਤੇ ਸਮਾਜ 'ਚ ਚਰਿੱਤਰ ਦੀ ਥਾਂ ਪੈਸੇ ਨੂੰ ਅਹਿਮੀਅਤ

(ਸਫ਼ਾ 18 ਦੀ ਬਾਕੀ)

ਲਈ ਜਾਂਦੀ ਹੈ। ਹਰ ਸਰਕਾਰੀ ਵਿਭਾਗ, ਇੱਥੋਂ ਤਕ ਕਿ ਅਦਾਲਤਾਂ, ਹਸਪਤਾਲਾਂ ਅਤੇ ਸਕੂਲ ਕਾਲਜਾਂ ਵਿਚ ਵੀ ਰਿਸ਼ਵਤ ਲਈ ਜਾ ਰਹੀ ਹੈ। ਉਜ ਇਹ ਗੱਲ ਵੱਖਰੀ ਹੈ ਕਿ ਰਿਸ਼ਵਤ ਨੂੰ ਹੁਣ ਕੈਪੀਟੇਸ਼ਨ ਫੀਸ ਜਾਂ ਡੋਨੇਸ਼ਨ ਦਾ ਨਾਂ ਦੇ ਦਿੱਤਾ ਗਿਆ ਹੈ।

ਗੱਲ ਚਰਿੱਤਰ ਦੀ ਹੋਰ ਰਹੀ ਸੀ। ਜਦੋਂ ਤਕ ਸਰਕਾਰ ਵਿਚ ਇਮਾਨਦਾਰ ਲੋਕ ਨਹੀਂ ਆਉਂਦੇ, ਉਦੋਂ ਤਕ ਨਵੀਂ ਪੀੜ੍ਹੀ ਦੇ ਬੱਚਿਆਂ, ਵਿਦਿਆਰਥੀਆਂ ਨੂੰ ਦੇਸ਼ ਦੇ ਸ਼ਹੀਦਾਂ ਦੀਆਂ ਵੀਰ ਗਾਥਾਵਾਂ ਅਤੇ ਤਿਆਗੀ ਤਪੱਸਵੀ ਮਹਾਪੁਰਸ਼ਾਂ ਦੇ ਜੀਵਨ ਬਾਰੇ ਸਿੱਖਿਆ ਨਹੀਂ ਮਿਲੇਗੀ। ਇਸ ਦੀ ਅਣਹੋਂਦ ਵਿਚ ਬੱਚੇ ਇਮਾਨਦਾਰ ਅਤੇ ਦੇਸ਼ ਭਗਤ ਕਿਵੇਂ ਬਣਨਗੇ? ਇਸ ਬਾਰੇ ਸੋਚਣ ਦੀ ਲੋੜ ਹੈ। ਅੱਜ ਚਰਿੱਤਰ ਸਿਰਫ਼ ਸਮਾਜ ਦੇ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਹੇਠਲੇ ਵਰਗੇ ਦੀ ਸੰਪਤੀ ਬਣ ਕੇ ਰਹਿ ਗਿਆ ਹੈ। ਅੱਜ 'ਜੇਹਾ ਰਾਜਾ ਤੇਹੀ ਪਰਜਾ' ਵਾਲੀ ਅਖਾਣ ਸੱਚ ਸਾਬਤ ਹੋ ਰਹੀ ਹੈ। ਭਗਵਾਨ ਸ੍ਰੀ ਕ੍ਰਿਸ਼ਨ ਨੇ ਵੀ ਗੀਤਾ ਵਿਚ ਕਿਹਾ ਸੀ ਕਿ ਕਿਸੇ ਵੀ ਯੁਗ ਦੇ ਉੱਚ ਲੋਕ ਜਿਸ ਰਾਹ 'ਤੇ ਚੱਲਣਗੇ, ਸਮਾਜ ਵੀ ਉਸੇ ਰਾਹ 'ਤੇ ਚੱਲੇਗਾ। ਸਮਾਂ ਅਜਿਹੇ ਨੇਤਾਵਾਂ ਦੀ ਮੰਗ ਕਰਦਾ ਹੈ ਜੋ ਸਮਾਜ ਦੇ ਸਭਨਾਂ ਵਰਗਾਂ, ਫ਼ਿਰਕਿਆਂ, ਗ਼ਰੀਬਾਂ ਅਤੇ ਅਮੀਰਾਂ ਸਭ ਦਾ ਖ਼ਿਆਲ ਰੱਖੇ। ਅੱਜ ਪੈਸੇ ਵਾਲੇ ਕਿਸੇ ਕਾਨੂੰਨ ਦੀ ਪਰਵਾਹ ਨਹੀਂ ਕਰਦੇ। ਇਹੀ ਕਾਰਨ ਹੈ ਕਿ 2018 ਵਿਚ ਵੀ ਦੇਸ਼ ਵਾਸੀ ਇਹ ਨਹੀਂ ਸਿੱਖ ਸਕੇ ਕਿ ਕੂੜਾ ਕਿੱਥੇ ਸੁੱਟਣਾ ਹੈ। ਲੋਕਾਂ ਨੂੰ ਜਾਗਰੂਕ ਕਰਨ ਲਈ ਸਰਕਾਰ ਨੂੰ ਸੁਨੇਹਾ ਦੇਣਾ ਚਾਹੀਦਾ ਹੈ। ਉੱਚ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਨੂੰ ਪਹਿਲਾਂ ਆਪ ਨੇਮਾਂ ਦਾ ਪਾਲਣ ਕਰਨਾ ਚਾਹੀਦਾ ਹੈ ਤੇ ਲੋਕਾਂ ਲਈ ਆਦਰਸ਼ ਬਣਨਾ ਚਾਹੀਦਾ ਹੈ। ਅੱਜ ਧਰਮ ਗੁਰੂਆਂ, ਰਾਜਨੇਤਾਵਾਂ ਅਤੇ ਉੱਚ ਅਹੁਦਿਆਂ 'ਤੇ ਬੈਠੇ ਲੋਕਾਂ ਨੂੰ ਪਹਿਲਾਂ ਆਪਣਾ ਚਰਿੱਤਰ ਮਜ਼ਬੂਤ ਅਤੇ ਆਦਰਸ਼ ਬਣਾਉਣਾ ਪਵੇਗਾ ਤਾਂ ਹੀ ਸਿਹਤਮੰਦ ਸਮਾਜ ਦਾ ਨਿਰਮਾਣ ਹੋ ਸਕਦਾ ਹੈ। ਇਹ ਟੀਚਾ ਹਾਸਲ ਕਰਨ ਲਈ ਚਰਿੱਤਰ ਅਤੇ ਚਰਿੱਤਰਵਾਨ ਬਣਨ ਦੀ ਲੋੜ ਹੈ।

# ਯੂਨੀਅਨਸਿਟੀ ਦੇ ਡਿਪਟੀ ਮੇਅਰ ਬਣੇ ਗੈਰੀ ਸਿੰਘ

## ਸਮੁੱਚੇ ਪੰਜਾਬੀ ਭਾਈਚਾਰੇ 'ਚ ਖੁਸ਼ੀ ਦੀ ਲਹਿਰ, ਵਧਾਈਆਂ ਦੇਣ ਵਾਲਿਆਂ ਦਾ ਲੱਗਾ ਤਾਂਤਾ

ਯੂਨੀਅਨ ਸਿਟੀ (ਬਿਓਰੋ)- ਬੇ-ਏਰੀਆ ਦੇ ਨਾਮੀ ਸ਼ਹਿਰ ਯੂਨੀਅਨ ਸਿਟੀ ਲਈ ਪੰਜਾਬੀ ਭਾਈਚਾਰੇ ਵਿਚ ਬੇਹੱਦ ਸਤਿਕਾਰ ਰੱਖਣ ਵਾਲੇ ਗੈਰੀ ਸਿੰਘ ਨੂੰ ਡਿਪਟੀ ਮੇਅਰ ਚੁਣ ਲਿਆ ਗਿਆ ਹੈ। ਸਿਟੀ ਮੇਅਰ ਕਾਰਲ ਲੂਤਰਾ ਵਰਨਾਕੀ ਨੇ ਗੈਰੀ ਸਿੰਘ ਦੀਆਂ ਸੇਵਾਵਾਂ ਦੀ ਪ੍ਰਸ਼ੰਸ਼ਾ ਕਰਦਿਆਂ ਉਨ੍ਹਾਂ ਨੂੰ ਇਹ ਮਾਣ ਬਖਸ਼ਿਆ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ 1993 ਤੋਂ ਕਮਿਊਨਿਟੀ ਸੇਵਾਵਾਂ ਨਿਭਾਉਂਦੇ ਆ ਰਹੇ ਗੈਰੀ ਸਿੰਘ ਨੇ ਇੱਥੇ ਆ ਕੇ ਆਪਣੇ ਕਾਰੋਬਾਰ ਨੂੰ ਪ੍ਰਫੁੱਲਤ ਕੀਤਾ 'ਤੇ ਨਾਲ ਨਾਲ ਅਮਰੀਕਨ ਰਾਜਨੀਤੀ ਵਿਚ ਵੀ ਦਿਲਚਸਪੀ ਬਣਾਈ ਰੱਖੀ। ਇਹੀ ਕਾਰਨ ਸੀ ਕਿ ਉਨ੍ਹਾਂ ਨੂੰ 2006-2014 ਤੱਕ ਪਲੈਨਿੰਗ ਕਮਿਸ਼ਨਰ ਚੁਣ ਲਿਆ ਗਿਆ ਸੀ। ਗੁਰਦੁਆਰਾ ਸਾਹਿਬ ਫਰੀਮਾਂਟ ਲਈ ਵੀ ਸਰਗਰਮ ਸੇਵਾਵਾਂ ਨਿਭਾਉਂਦੇ ਰਹੇ। ਯੂਨੀਅਨ ਸਿਟੀ ਯੂਥ ਐਂਡ ਫੈਮਿਲੀ ਸਰਵਿਸਜ਼ ਲਈ ਵਲੰਟਰੀ ਸੇਵਾ ਨਿਭਾਉਂਦਿਆਂ





ਗੈਰੀ ਸਿੰਘ ਦਾ ਪੰਜਾਬੀ ਭਾਈਚਾਰੇ 'ਚ ਹੀ ਨਹੀਂ ਸਗੋਂ ਸਮੁੱਚੇ ਅਮਰੀਕਨ ਲੋਕਾਂ 'ਚ ਬੇਹੱਦ ਸਤਿਕਾਰ ਬਣਦਾ ਗਿਆ। ਉਹ ਬੋਰਡ ਮੈਂਬਰ ਆਫ ਯੂਨੀਅਨ ਸਿਟੀ ਫਰੈਂਡਸ ਆਫ ਸਿਸਟਰਸ ਸਿਟੀਜ਼ 2010 ਤੋਂ ਹੁਣ ਤੱਕ ਸੇਵਾ ਨਿਭਾਅ ਰਹੇ ਹਨ। ਉਹ 2013 ਤੋਂ 2015 ਤੱਕ ਰੋਟਰੀ ਇੰਟਰਨੈਸ਼ਨਲ ਦੇ ਮੈਂਬਰ ਵੀ ਰਹੇ ਅਤੇ ਤਕਰੀਬਨ ਪੰਜਾਹ ਹਜ਼ਾਰ ਡਾਲਰ ਇੰਡੀਆ ਅਤੇ ਨੇਪਾਲ 'ਚ ਭੂਚਾਲ ਪੀੜ੍ਹਤਾਂ ਦੀ ਮਦਦ ਲਈ ਦੇ ਚੁੱਕੇ ਹਨ। ਸਿਟੀ ਕੌਂਸਲ ਮੈਂਬਰ ਵਜੋਂ ਉਨ੍ਹਾਂ ਦੀਆਂ ਸੇਵਾਵਾਂ ਨੂੰ ਹਮੇਸ਼ਾ ਸਲਾਹਿਆ ਜਾਂਦਾ ਰਿਹਾ ਹੈ ਅਤੇ ਇਹੀ ਕਾਰਨ ਹੈ ਕਿ ਜੋ ਗੈਰੀ ਸਿੰਘ ਨੂੰ ਡਿਪਟੀ ਮੇਅਰ ਦੇ ਅਹੁਦੇ ਤੱਕ ਪਹੁੰਚਣ ਦਾ ਮਾਣ ਪ੍ਰਾਪਤ ਹੋਇਆ ਹੈ।

ਰਾਜਾ ਸਵੀਟਸ ਦੇ ਸ. ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ, ਉੱਘੇ ਕਾਰੋਬਾਰੀ ਸ. ਅਮੋਲਕ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਬੇਏਰੀਆ ਸਪੋਰਟਸ ਕਲੱਬ ਦੇ ਬਲਜੀਤ ਸਿੰਘ ਸੰਧੂ, ਸਹਾਇਤਾ ਸੰਸਥਾ ਦੇ ਸਰੂਪ ਸਿੰਘ ਝੱਜ, ਪ੍ਰੇਮ ਕੁਮਾਰ ਚੁੰਬਰ, ਮੁੱਖ ਸੰਪਾਦਕ (ਦੇਸ ਦੁਆਬਾ), ਲੇਖਕ ਤੇ ਪੱਤਰਕਾਰ ਐੱਸ. ਅਸ਼ੋਕ ਭੌਰਾ ਅਤੇ ਹੋਰ ਪੰਜਾਬੀ ਭਾਈਚਾਰੇ ਦੀਆਂ ਨਾਮੀ ਗਰਾਮੀ ਹਸਤੀਆਂ ਨੇ ਗੈਰੀ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਸ਼ੁੱਭ ਕਾਮਨਾਵਾਂ ਭੇਂਟ ਕੀਤੀਆਂ ਹਨ ਅਤੇ ਆਸ ਪ੍ਰਗਟਾਈ ਹੈ ਕਿ ਗੈਰੀ ਸਿੰਘ ਡਿਪਟੀ ਮੇਅਰ ਵਜੋਂ ਵੀ ਆਪਣੀਆਂ ਸੇਵਾਵਾਂ ਨੂੰ ਯਾਦਗਾਰੀ ਤੇ ਇਤਿਹਾਸਕ ਬਣਾਉਣਗੇ।

# 'ਛਣਕਾਟਾ ਵੰਗਾਂ ਦਾ' ਪ੍ਰੋਗਰਾਮ 'ਚ ਉੱਘੇ ਲੇਖਕ ਜਗਤਾਰ ਗਿੱਲ ਦਾ ਹੋਵੇਗਾ ਵਿਸ਼ੇਸ਼ ਸਨਮਾਨ



ਫਰੀਮਾਂਟ (ਬਿਓਰੋ)- ਮੋਗਾ ਜ਼ਿਲ੍ਹੇ ਦੇ ਪੁਰਾਣੇ ਵਾਲਾ ਪਿੰਡ ਦੇ ਜੰਮਪਲ ਅਤੇ ਮਰਹੂਮ ਦੀਦਾਰ ਸੰਧੂ ਸਮੇਤ ਕਈ ਉੱਘੇ ਗਾਇਕਾਂ ਦੇ ਨੇੜਲੇ ਮਿੱਤਰ ਰਹੇ ਅਮਰੀਕਾ ਵਸਦੇ ਨਾਮੀ ਲੇਖਕ ਜਗਤਾਰ ਗਿੱਲ ਦਾ '6ਵਾਂ ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਦੌਰਾਨ ਵਿਸ਼ੇਸ਼ ਸਨਮਾਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਇਕ ਦਹਾਕੇ ਤੋਂ ਅਮਰੀਕਾ ਰਹਿ ਕੇ ਵੀ ਪੰਜਾਬ ਦੀ ਮਿੱਟੀ ਨਾਲ ਜੁੜੇ ਰਹੇ ਇਸ ਲੇਖਕ ਨੇ ਲਗਾਤਾਰ ਪੰਜਾਬੀ ਗਾਇਕੀ ਅਤੇ ਗਾਇਕਾਂ ਦੀਆਂ ਜੀਵਨੀਆਂ ਬਾਰੇ ਵਿਸਥਾਰ ਸਹਿਤ ਲਿਖਿਆ ਹੈ।

ਸ. ਗਿੱਲ ਦੇ ਲਿਖੇ ਇਸ ਲੋਕ ਸਾਹਿਤ ਦਾ ਸਾਹਿਤਕ ਸੱਭਿਆਚਾਰਕ ਹਲਕਿਆਂ ਵਿਚ ਅਕਸਰ ਪ੍ਰਸ਼ੰਸ਼ਾ ਤੇ ਜ਼ਿਕਰ ਹੁੰਦਾ ਰਿਹਾ ਹੈ। ਛਣਕਾਟਾ ਵੰਗਾਂ ਦਾ ਪ੍ਰੋਗਾਰਮ ਦੌਰਾਨ ਜਗਤਾਰ ਗਿੱਲ ਨੂੰ ਯਾਦਗਾਰੀ ਚਿੰਨ੍ਹ ਤੇ ਦੁਸ਼ਾਲਾ ਭੇਂਟ ਕੀਤਾ ਜਾਵੇਗਾ।

# ਲੋਕ ਗਾਥਾਵਾਂ ਦੇ ਬਾਦਸ਼ਾਹ ਮਾਣਕ ਨੂੰ ਸਮਰਪਿਤ ਹੋਵੇਗਾ 6 ਜਨਵਰੀ ਦਾ 'ਛਣਕਾਟਾ ਵੰਗਾਂ ਦਾ ਪ੍ਰੋਗਰਾਮ'

ਫਰੀਮਾਂਟ (ਬਿਓਰੋ)- ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਇੰਕ ਵਲੋਂ ਇੱਥੇ ਪੈਰਾਡਾਈਜ਼ ਬਾਲਰੂਮ 4100 ਪਰਿਆਲਟਾ ਬੁਲੇਵਾਰਡ ਫਰੀਮਾਂਟ (ਕੈਲੇਫੋਰਨੀਆਂ) ਵਿਖੇ 6 ਜਨਵਰੀ ਦਿਨ ਐਤਵਾਰ ਨੂੰ ਕਰਵਾਇਆ ਜਾਣ ਵਾਲਾ 6ਵਾਂ ਛਣਕਾਟਾ ਵੰਗਾਂ ਦਾ ਪ੍ਰੋਗਰਾਮ ਸੰਸਥਾ ਦੀ ਪੁਰਾਣੀ ਰਵਾਇਤ ਅਨੁਸਾਰ ਇਸ ਵਾਰ ਨਵੇਂ ਵਰ੍ਹੇ ਨੂੰ ਜੀ ਆਇਆਂ ਨੂੰ ਆਖਦਾ ਇਹ ਪ੍ਰੋਗਰਾਮ ਲੋਕ ਗਾਥਾਵਾਂ ਦੇ ਬਾਦਸ਼ਾਹ, ਯੁੱਗ ਗਾਇਕ ਮਰਹੂਮ ਜਨਾਬ ਕੁਲਦੀਪ ਮਾਣਕ ਨੂੰ ਸਮਰਪਿਤ ਹੋਵੇਗਾ। ਇੱਥੇ ਪੈਰਾਡਾਈਜ਼ ਬਾਲਰੂਮ ਵਿਖੇ ਹੋਈ ਸ੍ਰ. ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤ ਵਾਲੀ ਮੀਟਿੰਗ ਵਿਚ ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਸ. ਇਕਬਾਲ ਸਿੰਘ ਗਾਖਲ, ਯੂਨਾਈਟਡ ਸਪੋਰਟਸ ਕਲੱਬ ਦੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ, ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਤੇ ਐੱਸ.ਅਸ਼ੋਕ ਭੌਰਾ ਸ਼ਾਮਿਲ ਹੋਏ। ਮੀਟਿੰਗ ਉਪਰੰਤ ਸਹੋਤਾ ਭਰਾਵਾਂ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਮਾਣ ਵਾਲੀ ਗੱਲ ਇਹ ਹੈ ਕਿ ਜਿੱਥੇ ਇਹ ਪ੍ਰੋਗਰਾਮ ਪੰਜਾਬੀ ਸੱਭਿਆਚਾਰ ਦੀਆਂ ਮੂਲ ਵੰਨਗੀਆਂ ਦੀ ਪੇਸ਼ਕਾਰੀ ਦਾ ਸਬੱਬ ਬਣਦਾ ਹੈ ਉੱਥੇ ਅਮੀਰ ਪੰਜਾਬੀ ਗਾਇਕੀ ਲਈ ਵੀ ਇਕ ਮੰਚ ਸਿਰਜਿਆ ਜਾਂਦਾ ਹੈ ਤੇ ਹਰ ਵਰ੍ਹੇ ਇਸ ਪ੍ਰੋਗਰਾਮ ਦੌਰਾਨ ਕਿਸੇ ਨਾਮੀ ਸਖਸ਼ੀਅਤ ਨੂੰ ਯਾਦ ਕਰਨਾ ਇਸ ਪ੍ਰੋਗਰਾਮ ਦੀ ਮਾਣਮੱਤੀ ਰਵਾਇਤ ਹੈ ਤੇ ਇਸੇ ਰਵਾਇਤ ਅਨੁਸਾਰ ਇਹ ਮੇਲਾ ਲੋਕ ਗਾਥਾਵਾਂ ਦੇ ਬਾਦਸ਼ਾਹ ਜਨਾਬ ਕੁਲਦੀਪ ਮਾਣਕ ਨੂੰ ਸਮਰਪਿਤ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਸ੍ਰੀ ਕੁਲਦੀਪ ਮਾਣਕ ਇਸ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਸ੍ਰੀ ਐੱਸ. ਅਸ਼ੋਕ. ਭੌਰਾ ਦੇ ਢਾਈ ਦਹਾਕਿਆਂ ਤੱਕ ਗੂੜ੍ਹੇ ਤੇ ਪਰਿਵਾਰ ਮਿੱਤਰ ਵੀ ਰਹੇ ਹਨ। ਦੁਪਹਿਰ 12 ਵਜੇ ਸ਼ੁਰੂ ਹੋਣ ਵਾਲਾ ਇਹ ਪ੍ਰੋਗਰਾਮ ਦੇਰ ਸ਼ਾਮ ਤੱਕ ਚੱਲੇਗਾ ਤੇ ਨਿਵੇਕਲੀ ਕਿਸਮ ਦੀ ਸਟੇਜ, ਲਾਈਟਿੰਗ ਸਿਸਟਮ ਅਤੇ ਵੱਡੀਆਂ ਸਕਰੀਨਾਂ ਇਸ ਪ੍ਰੋਗਰਾਮ ਦਾ ਆਕਰਸ਼ਣ ਵੀ ਬਣੀਆਂ ਰਹਿਣਗੀਆਂ। ਸਮੂਹ ਪ੍ਰਬੰਧਕਾਂ ਵਲੋਂ ਇਸ ਪ੍ਰੋਗਰਾਮ 'ਚ ਪਰਿਵਾਰਾਂ ਸਮੇਤ ਸ਼ਾਮਿਲ ਹੋਣ ਦੀ ਬੇਨਤੀ ਹੈ। ਸਹਾਇਤਾ ਸੰਸਥਾ ਲਈ ਵਿਸ਼ੇਸ਼ ਫੰਡਰੇਜ਼ ਕੀਤਾ ਜਾਵੇਗਾ ਤੇ ਦਾਖਲਾ ਬਿਲਕੁਲ ਮੁਫਤ ਹੋਵੇਗਾ। ਜਾਣਕਾਰੀ ਲਈ 510-695-4836 ਜਾਂ 510-512-3401 ਤੇ ਕਾਲ ਕੀਤੀ ਜਾ ਸਕਦੀ ਹੈ।



ਜੁਗਰਾਜ ਸਿੰਘ ਸਹੋਤਾ



ਨਰਿੰਦਰ ਸਿੰਘ ਸਹੋਤਾ




Quick Lube & Smog
We rent U-HAUL
OIL CHANGE & SMOG CHECK STATION
SUKHWINDER BHELLA
gogibhella@gmail.com
691 W. Tennyson Rd
Hayward, CA 94544
PH 510-757-6775
FAX 510-292-0330



CENTURY 21
ਸਿਆਟਲ ਜਾਂ ਆਲੇ ਦੁਆਲੇ ਦੇ ਇਲਾਕਿਆਂ ਵਿੱਚ
ਘਰ, ਮੋਟਲ, ਬਿਜਨੈਸ, ਗੈਸ ਸਟੇਸ਼ਨ, ਸ਼ਾਪਿੰਗ ਮਾਲ
ਜਾਂ ਕਿਸੇ ਵੀ ਪ੍ਰਕਾਰ ਦੀ ਪ੍ਰਾਪਰਟੀ ਖਰੀਦਣੀ ਜਾਂ
ਵੇਚਣੀ ਹੋਵੇ ਤਾਂ ਤਸੱਲੀਬਖਸ਼ ਸੇਵਾਵਾਂ ਲਈ ਬਹੁਤ
ਹੀ ਇਮਾਨਦਾਰ ਰੀਅਲ ਅਸਟੇਟ ਬਰੋਕਰ
ਇੰਦਰਜੀਤ ਸਿੰਘ ਨਾਲ ਸੰਪਰਕ ਕਰੋ-

Inderjit Singh
Cell : 425 420 4055
Fax : 425 670 3500
Office: 425 775 8525
Broker Lic # 134890
Email : inderjit.singh@century21.com
MLS
19020 33rd Ave W. #300 Lynnwood WA.98036.

ਫਰੀ ਡਿਲੀਵਰੀ

Haller's PHARMACY

Since 1957

* Free Delivery * Open 7 days a week

* $5 credit on over-the-counter products for newly transferred patients

* ਅਸੀਂ ਫਰੀਮਾਂਟ, ਯੂਨੀਅਨ ਸਿਟੀ ਤੇ ਨਿਊਆਰਕ ਸ਼ਹਿਰਾਂ 'ਚ ਦਵਾਈਆਂ ਘਰੋ-ਘਰੀ ਵੀ ਪਹੁੰਚਾ ਸਕਦੇ ਹਾਂ।

* ਕਿਸੇ ਹੋਰ ਫਾਰਮੇਸੀ ਦੀ ਬਜਾਏ ਸਾਡੇ ਕੋਲ ਦਵਾਈਆਂ ਦੀ ਪਰਚੀ ਲਿਆਉਣ ਲਈ ਤੁਸੀਂ ਸਿਰਫ ਸਾਨੂੰ ਫੋਨ ਕਰੋ, ਅਸੀਂਆਪ ਹੀ ਤੁਹਾਡਾ ਖਾਤਾ ਇੱਥੇ ਲੈ ਆਵਾਂਗੇ।

* ਦਵਾਈਆਂ ਨਕਦ ਲੈਣ ਸਮੇਂ ਦੂਸਰੀਆਂ ਫਾਰਮੇਸੀਆਂ, ਜਿੰਨਾ ਹੀ ਰੇਟ ਅਸੀਂ ਵੀ ਮੈਚ ਕਰਾਂਗੇ।

ਇਕ ਵਾਰ ਮੌਕਾ ਜ਼ਰੂਰ ਦਿਓ, ਤੁਹਾਡੇ ਪੰਜਾਬੀ ਦੀ ਆਪਣੀ ਫਾਰਮੇਸੀ

ਹੋਰ ਜਾਣਕਾਰੀ ਲਈ ਸੰਪਰਕ ਕਰੋ: (510) 797-2772

37323 Fremont Blvd, Fremont, CA 94536



Kaur Accounting Services for Indian Owned Businesses

We offer Business and Personal Full Service Accounting

* Manage payroll,
* Tax Filing and Payment,
* Cash Flow Management,
* Revenue administration,
* Expense Management,
* And more

Assurance & Accounting Services





Happy Gill

kkgillusfca@gmail.com

ਕਿਸੇ ਵੀ ਤਰ੍ਹਾਂ ਦੀ ਅਕਾਊਂਟਿੰਗ ਸਰਵਿਸ ਲਈ ਕਾਲ ਕਰੋ:

415 410 1796



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਬੰਦੀ ਛੋੜ ਦਿਵਸ, ਦੀਵਾਲੀ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀਆਂ ਲੱਖ-ਲੱਖ ਵਧਾਈਆਂ





COLUMBIA PARTNERS

REAL ESTATE

ਘਰ, ਮੋਟਲ, ਬਿਜਨੈਸ, ਗੈਸ ਸਟੇਸ਼ਨ, ਸ਼ਾਪਿੰਗ ਮਾਲ ਜਾਂ ਕਿਸੇ ਵੀ ਪ੍ਰਕਾਰ ਦੀ ਪ੍ਰਾਪਰਟੀ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਤਸੱਲੀਬਖਸ਼ ਸੇਵਾਵਾਂ ਲਈ ਸੰਪਰਕ ਕਰੋ-

DILBAG SINGH

Broker Lic # 74416

CBA MLS

DILBAG SINGH EMAIL: dilbagbains@yahoo.com

DIRECT: (206) 841-4132, OFFICE: (206) 588-2559

FAX: (206) 299-9199

8221 5th Ave NE Seattle WA 98115





Preet Fabrics & Appliance

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ, ਫੈਸ਼ਨ ਦਾ ਹੋਰ ਸਾਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।

ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਾਮਾਨ ਵੀ ਮਿਲਦਾ ਹੈ।

YOUR ONE-STOP CENTER FOR BOTH FABRICS & APPLIANCES

5156 mowry AVE. Fremont, CA 94538

TEL: 510-797-7111 FAX : 510-739-6350

(For More Info. Call Onkar)

APPLIANCES WE CARRY ALL MAJOR BRANDS!!

SONY, SANY, JVC, PANASONIC, LUGGAGE CROSS, PARKER PENS, OSTER BLENDERS

- Tvs, VCRs, DVD
- Tape Recorders
- Camcorders
- DVD Players
- Cordless Phones
- Watches (Seiko, Citizen & Swistar)
- Shavers & Trimmers
- Cellular Phones
- Medical Equipment
- Calling Cards




# MISSIONPEAK BROKERS, INC.

PEAK OF EXCELLENCE

## CALL A PROFESSIONAL AND GET THE BEST POSSIBLE PRICES AND HIGHEST PROFITS

**I am a top rated Business and Commercial Real Estate broker with vast experience in Sales.**

**Acquisition and Financing of Commercial Real Estate.**

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**






# GET TOP DOLLAR$

## FOR YOUR COMMERCIAL PROPERTY



# CALL TODAY

## (510) 366-6130

hrsidhu@gmail.com
www.missionpeakbrokers.com



## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CABB CALIFORNIA ASSOCIATION OF BUSINESS BROKERS · REALTOR